PUNJABSTAR.COM

# ਪੰਜਾਬ ਸਟਾਰ



Phone: 905-673-7666 , Fax: 1-289-206-8611 | 09 ਅਕਤੂਬਰ ਤੋਂ 15 ਅਕਤੂਬਰ, 2025 | Email :- editor@punjabstar.com, Vo. 20. Issue:1206


## ਜ਼ਿੰਦਗੀ ਦੀ ਜੰਗ ਹਾਰਿਆ 'ਰਾਜਵੀਰ ਜਵੰਦਾ'



ਚੰਡੀਗੜ੍ਹ (ਪੰਜਾਬ ਸਟਾਰ ਬਿਊਰੋ) : ਦੁਨੀਆ ਭਰ ਵਿਚ ਵਸਦੇ ਪੰਜਾਬੀਆਂ ਦਾ ਚਹੇਤਾ ਨੌਜਵਾਨ ਗਾਇਕ ਰਾਜਵੀਰ ਜਵੰਦਾ ਜ਼ਿੰਦਗੀ ਦੀ ਜੰਗ ਹਾਰ ਗਿਆ। ਉਸ ਨੇ ਮੁਹਾਲੀ ਦੇ ਫੋਰਟਿਸ ਹਸਪਤਾਲ ਵਿਚ ਅੱਜ ਸਵੇਰੇ 10 ਵਜ ਕੇ 55 ਮਿੰਟ 'ਤੇ ਆਖਰੀ ਸਾਹ ਲਏ। ਬੱਦੀ ਤੋਂ ਸ਼ਿਮਲਾ ਜਾਂਦਿਆਂ ਮੋਟਰਸਾਈਕਲ ਹਾਦਸੇ ਵਿਚ ਗੰਭੀਰ ਜ਼ਖ਼ਮੀ ਹੋਣ ਮਗਰੋਂ ਉਹ 27 ਸਤੰਬਰ ਤੋਂ ਮੁਹਾਲੀ ਦੇ ਫੇਜ਼-ਅੱਠ ਦੇ ਫੋਰਟਿਸ ਹਸਪਤਾਲ 'ਚ ਜ਼ੇਰੇ ਇਲਾਜ ਸੀ। ਉਸ ਦੀ ਰੀੜ੍ਹ ਦੀ ਹੱਡੀ, ਗਰਦਨ ਅਤੇ ਸਿਰ ਵਿਚ ਗੰਭੀਰ ਸੱਟਾਂ ਲੱਗੀਆਂ ਸਨ ਤੇ ਉਹ ਵੈਂਟੀਲੇਟਰ ਅਤੇ ਜੀਵਨ ਰੱਖਿਅਕ ਉਪਕਰਨਾਂ ਦੇ ਸਹਾਰੇ ਸਾਹ ਲੈ ਰਿਹਾ ਸੀ। ਡਾਕਟਰਾਂ ਮੁਤਾਬਕ ਰਾਜਵੀਰ ਦੇ ਸਰੀਰ ਦੇ ਕਈ ਅੰਗਾਂ ਨੇ ਕੰਮ ਕਰਨਾ ਬੰਦ ਕਰ ਦਿੱਤਾ ਸੀ ਜਿਸ ਕਾਰਨ ਅੱਜ ਉਸ ਨੇ ਦਮ ਤੋੜ ਦਿੱਤਾ। ਰਾਜਵੀਰ ਜਵੰਦਾ ਦਾ ਅੰਤਿਮ ਸੰਸਕਾਰ ਭਲਕੇ ਵੀਰਵਾਰ ਸਵੇਰੇ 11 ਵਜੇ ਜੱਦੀ ਪਿੰਡ ਪੋਨਾ (ਜਗਰਾਉਂ) 'ਚ ਹੋਵੇਗਾ।

ਰਾਜਵੀਰ ਜਵੰਦਾ ਦੀ ਦੇਹ ਨੂੰ ਪਹਿਲਾਂ ਉਸ ਦੀ ਸੈਕਟਰ-71 ਸਥਿਤ ਕੋਠੀ ਵਿਚ ਲਿਜਾਇਆ ਗਿਆ। ਇਸ ਮਗਰੋਂ ਫੇਜ਼-ਛੇ ਦੇ ਸਿਵਲ ਹਸਪਤਾਲ ਵਿਚ ਪੋਸਟਮਾਰਟਮ ਕੀਤਾ ਗਿਆ ਜਿਸ ਮਗਰੋਂ ਉਸ ਦੀ ਦੇਹ ਨੂੰ ਪਿੰਡ ਪੋਨਾ (ਜਗਰਾਉਂ) ਲਿਜਾਇਆ ਗਿਆ। ਗਾਇਕ ਰਾਜਵੀਰ ਜਵੰਦਾ ਦੇ ਦੇਹਾਂਤ ਦੀ ਖ਼ਬਰ ਸਵੇਰੇ ਹੀ ਫੈਲ ਗਈ ਸੀ ਪਰ ਹਸਪਤਾਲ ਨੇ ਦੁਪਹਿਰ ਸਵਾ 12 ਵਜੇ ਦੇ ਕਰੀਬ ਬੁਲੇਟਿਨ ਜਾਰੀ ਕਰਕੇ ਇਸ ਦੀ ਪੁਸ਼ਟੀ ਕੀਤੀ। ਇਸ ਤੋਂ ਪਹਿਲਾਂ ਹਸਪਤਾਲ ਦੇ ਆਲੇ-ਦੁਆਲੇ ਪੁਲੀਸ ਤਾਇਨਾਤ ਕਰ ਦਿੱਤੀ ਗਈ ਸੀ। ਜਵੰਦਾ ਦੇ ਦੇਹਾਂਤ ਮਗਰੋਂ ਦੁਨੀਆ ਭਰ ਵਿਚ ਵਸਦੇ ਪੰਜਾਬੀਆਂ ਵਿਚ ਸੋਗ ਦੀ ਲਹਿਰ ਫੈਲ ਗਈ। ਵੱਡੀ ਗਿਣਤੀ ਵਿਚ ਫਿਲਮੀ ਹਸਤੀਆਂ, ਗਾਇਕ ਅਤੇ ਉਸ ਦੇ ਪ੍ਰਸ਼ੰਸਕ ਹਸਪਤਾਲ ਪਹੁੰਚ ਗਏ ਜਿਨ੍ਹਾਂ ਵਿਚ ਹਰਭਜਨ ਮਾਨ, ਕੰਵਰ ਗਰੇਵਾਲ, ਮਲਕੀਤ ਰੌਣੀ, ਹਰਫ਼ ਚੀਮਾ, ਕਰਮਜੀਤ ਅਨਮੋਲ, ਬੀ ਐੱਨ ਸ਼ਰਮਾ, ਰੁਪਿੰਦਰ ਹਾਂਡਾ, ਮਾਹੀ ਸ਼ਰਮਾ, ਰੇਸ਼ਮ ਅਨਮੋਲ,

* ਬਾਕੀ ਸਫ਼ਾ 1 'ਤੇ

## ਨੇਪਾਲ: ਲਗਾਤਾਰ ਮੀਂਹ ਕਰਕੇ ਢਿੱਗਾਂ ਡਿੱਗਣ ਨਾਲ 51 ਮੌਤਾਂ



(ਪੰਜਾਬ ਸਟਾਰ ਬਿਊਰੋ)
ਨੇਪਾਲ : ਪੂਰਬੀ ਨੇਪਾਲ ਦੇ ਕੋਸ਼ੀ ਜ਼ਿਲ੍ਹੇ ਵਿਚ ਸ਼ਨਿੱਚਰਵਾਰ ਰਾਤ ਤੋਂ ਲਗਾਤਾਰ ਪੈ ਰਹੇ ਮੀਂਹ ਕਰਕੇ ਢਿੱਗਾਂ ਡਿੱਗਣ ਨਾਲ ਘੱਟੋ ਘੱਟ 51 ਵਿਅਕਤੀਆਂ ਦੀ ਮੌਤ ਹੋ ਗਈ। ਕੋਸੀ ਸੂਬੇ ਦੇ ਇਲਾਮ ਜ਼ਿਲ੍ਹੇ ਦੀਆਂ ਵੱਖ-ਵੱਖ ਥਾਵਾਂ 'ਤੇ ਢਿੱਗਾਂ ਖਿਸਕਣ ਕਾਰਨ 37 ਲੋਕਾਂ ਦੀ ਮੌਤ ਹੋ ਗਈ ਹੈ। ਇਹ ਜਾਣਕਾਰੀ ਆਰਮਡ ਪੁਲੀਸ ਫੋਰਸ (ਅਫਫ) ਦੇ ਬੁਲਾਰੇ ਕਾਲੀਦਾਸ ਧੌਬਾਜੀ ਨੇ ਦਿੱਤੀ। ਨੈਸ਼ਨਲ ਡਿਜ਼ਾਸਟਰ ਰਿਸਕ ਰਿਡਕਸ਼ਨ ਐਂਡ ਮੈਨੇਜਮੈਂਟ ਅਥਾਰਟੀ (ਧੂੰਅ) ਨੇ ਇੱਕ ਪ੍ਰੈਸ ਰਿਲੀਜ਼ ਵਿੱਚ ਕਿਹਾ ਕਿ 37 ਵਿੱਚੋਂ ਅੱਠ-ਅੱਠ ਵਿਅਕਤੀ ਦਿਉਮਾਈ ਅਤੇ ਮਾਈਜੋਗਮਾਈ ਨਗਰ ਪਾਲਿਕਾਵਾਂ ਵਿੱਚ, ਛੇ-ਛੇ ਵਿਅਕਤੀ ਇਲਾਮ ਨਗਰ ਪਾਲਿਕਾ ਅਤੇ ਸੰਦਕਪੁਰ ਪੇਂਡੂ ਨਗਰ ਪਾਲਿਕਾ ਵਿੱਚ, ਪੰਜ ਸੂਰਜੋਦਿਆ ਨਗਰ ਪਾਲਿਕਾ ਵਿੱਚ, ਤਿੰਨ ਮੰਗਸੇਬੁੰਗ ਅਤੇ ਇੱਕ ਫਕਫੋਕਥੁਮ ਪਿੰਡ ਵਿੱਚ ਮਾਰੇ ਗਏ ਹਨ।

ਹੜ੍ਹਾਂ ਅਤੇ ਢਿੱਗਾਂ ਖਿਸਕਣ ਕਾਰਨ ਉਦੈਪੁਰ ਵਿੱਚ ਦੋ ਅਤੇ ਪੰਚਥਾਰ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ। ਇਸ ਤੋਂ ਇਲਾਵਾ, ਰੌਤਹਟ ਜ਼ਿਲ੍ਹੇ ਵਿੱਚ ਬਿਜਲੀ ਡਿੱਗਣ

* ਬਾਕੀ ਸਫ਼ਾ 1 'ਤੇ

### ਹਿਮਾਚਲ ਵਿੱਚ ਵੱਡਾ ਹਾਦਸਾ

## ਬੱਸ ਦੀ ਛੱਤ ਤੇ ਡਿੱਗਿਆ ਪਹਾੜ ਦਾ ਟੁਕੜਾ, 18 ਮੌਤਾਂ



(ਪੰਜਾਬ ਸਟਾਰ ਬਿਊਰੋ)
ਹਿਮਾਚਲ ਪ੍ਰਦੇਸ਼ ਦੇ ਬਿਲਾਸਪੁਰ ਵਿੱਚ, ਮਰੋਟਨ ਤੋਂ ਘੁਮਾਰਵਿਨ ਜਾ ਰਹੀ ਇੱਕ ਸੰਤੋਸ਼ੀ ਪ੍ਰਾਈਵੇਟ ਬੱਸ ਸ਼ੁਕਰਾ ਖੱਡ ਦੇ ਕੰਢੇ 'ਤੇ ਬਰਥੀਨ ਦੇ ਭੱਲੂ ਪੁਲ ਦੇ ਨੇੜੇ ਇੱਕ ਪਹਾੜੀ ਦੇ ਮਲਬੇ ਨਾਲ ਟਕਰਾ ਗਈ। ਡਿੱਗਣ ਵਾਲੇ ਮਲਬੇ ਨੇ ਬੱਸ ਦੀ ਛੱਤ ਨੂੰ ਉਡਾ ਦਿੱਤਾ ਅਤੇ ਖੱਡ ਦੇ ਕਿਨਾਰੇ 'ਤੇ ਡਿੱਗ ਗਈ। ਸਾਰਾ ਮਲਬਾ ਬੱਸ 'ਤੇ ਡਿੱਗ ਗਿਆ, ਜਿਸ ਨਾਲ ਬੱਸ ਪੂਰੀ ਤਰ੍ਹਾਂ ਦੱਬ ਗਈ। ਇਹ ਖ਼ਬਰ ਲਿਖੇ ਜਾਣ

* ਬਾਕੀ ਸਫ਼ਾ 1 'ਤੇ

## ਸਰੀ ਪੁਲਿਸ ਵੱਲੋਂ ਫਿਰੌਤੀ ਤੇ ਗੋਲੀਬਾਰੀ ਮਾਮਲੇ 'ਚ 7 ਜਣਿਆਂ 'ਤੇ ਮਾਮਲੇ ਦਰਜ



ਸਰੀ (ਪੰਜਾਬ ਸਟਾਰ ਬਿਊਰੋ) : ਬੀ.ਸੀ. ਵਿਚ ਤਿੰਨ ਵੱਖ-ਵੱਖ ਮਾਮਲਿਆਂ 'ਚ 7 ਵਿਅਕਤੀਆਂ 'ਤੇ ਜ਼ਬਰਦਸਤੀ ਵਸੂਲੀ ਦੇ ਸਬੰਧ 'ਚ ਦੋਸ਼ ਲਗਾਏ ਗਏ ਹਨ। ਬੀ.ਸੀ. ਆਰ.ਸੀ.ਐੱਮ.ਪੀ. ਅਨੁਸਾਰ ਅਗਸਤ 2024 'ਚ ਇੱਕ ਵਿਅਕਤੀ ਦੇ ਘਰ 'ਤੇ ਗੋਲੀਬਾਰੀ ਤੋਂ ਬਾਅਦ, ਦੋ ਵਿਅਕਤੀਆਂ 'ਤੇ ਹਮਲਾ ਕਰਨ ਤੇ ਗੋਲੀਬਾਰੀ ਕਰਨ ਦਾ ਦੋਸ਼ ਲਗਾਇਆ ਗਿਆ ਹੈ, ਜਿਸਨੂੰ ਪੈਸੇ ਦੇਣ ਦੀਆਂ ਧਮਕੀਆਂ ਮਿਲੀਆਂ ਸਨ।

ਪੁਲਿਸ ਦਾ ਕਹਿਣਾ ਹੈ ਕਿ 26 ਸਾਲਾ ਅਬਕੀਤ ਕਿੰਗਰਾਮ ਤੇ 24 ਸਾਲਾ ਵਿਕਰਮ ਸ਼ਰਮਾ 'ਤੇ ਦੋਸ਼ ਲਗਾਏ ਗਏ ਹਨ। ਕਿੰਗਰਾਮ ਕਿਸੇ ਗੈਰ-ਸੰਬੰਧਿਤ ਮਾਮਲੇ ਲਈ

* ਬਾਕੀ ਸਫ਼ਾ 1 'ਤੇ

## ਕੈਨੇਡਾ-ਅਮਰੀਕਾ ਦਾ ਹੋ ਸਕਦੈ ਰਲੇਵਾਂ : ਟਰੰਪ



ਵਾਸ਼ਿੰਗਟਨ, (ਪੰਜਾਬ ਸਟਾਰ ਬਿਊਰੋ) : ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਇਸ ਸਾਲ ਦੂਜੀ ਵਾਰ ਅਮਰੀਕਾ ਦੇ ਦੌਰੇ 'ਤੇ ਪਹੁੰਚੇ ਹਨ। ਇਸ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਉਨ੍ਹਾਂ ਦਾ ਸਵਾਗਤ ਕਰਨ ਲਈ ਵ੍ਹਾਈਟ ਹਾਊਸ ਦੇ ਗੇਟ 'ਤੇ ਪਹੁੰਚੇ।

ਓਵਲ ਆਫਿਸ 'ਚ ਕਾਰਨੀ ਨਾਲ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਟਰੰਪ ਨੇ ਮਜ਼ਾਕ 'ਚ ਕਿਹਾ ਕਿ ਕੈਨੇਡਾ ਅਤੇ ਅਮਰੀਕਾ ਦਾ ਰਲੇਵਾਂ ਹੋ ਸਕਦਾ ਹੈ। ਇਸ ਦੌਰਾਨ ਕਾਰਨੀ ਨੇ ਕਿਹਾ ਕਿ ਉਹ ਟਰੰਪ ਦੀ ਗਾਜ਼ਾ-ਇਜ਼ਰਾਈਲ ਸ਼ਾਂਤੀ ਯੋਜਨਾ ਦਾ ਸਮਰਥਨ ਕਰਦੇ ਹਨ ਅਤੇ ਕੈਨੇਡਾ ਇਸ ਵਿਚ ਮਦਦ ਕਰੇਗਾ। ਕਾਰਨੀ ਨੇ ਟਰੰਪ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਇਕ ਸਪੈਸ਼ਲ ਰਾਸ਼ਟਰਪਤੀ ਦੱਸਿਆ। ਉਨ੍ਹਾਂ ਕਿਹਾ ਕਿ ਟਰੰਪ ਨੇ ਨਾਟੋ ਦੇਸ਼ਾਂ ਤੋਂ ਰੱਖਿਆ ਖਰਚ ਵਧਾ ਕੇ ਈਰਾਨ ਨੂੰ ਕਮਜ਼ੋਰ ਕੀਤਾ ਹੈ।

ਟਰੰਪ ਨੇ ਕਾਰਨੀ ਦੀ ਸ਼ਲਾਘਾ ਕਰਦਿਆਂ ਮਜ਼ਾਕ ਵਿਚ ਕਿਹਾ ਕਿ ਕੈਨੇਡੀਅਨ ਪ੍ਰਧਾਨ ਮੰਤਰੀ ਨੇ ਉਨ੍ਹਾਂ ਨੂੰ ਬਹੁਤ ਮਸ਼ਹੂਰ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਸਬੰਧ ਸ਼ੁਰੂ ਤੋਂ ਹੀ ਚੰਗੇ ਰਹੇ ਹਨ ਪਰ ਕੁਝ ਛੋਟੇ-ਮੋਟੇ ਮਤਭੇਦ ਹਨ, ਜਿਨ੍ਹਾਂ ਨੂੰ ਉਹ ਹੱਲ ਕਰ ਲੈਣਗੇ। ਵ੍ਹਾਈਟ ਹਾਊਸ ਵਿਖੇ ਦੁਵੱਲੀ ਗੱਲਬਾਤ ਦੌਰਾਨ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ

* ਬਾਕੀ ਸਫ਼ਾ 1 'ਤੇ

## ਕੈਨੇਡੀਅਨ ਵਿਦੇਸ਼ ਮੰਤਰੀ ਅਨੀਤਾ ਆਨੰਦ ਦਾ ਭਾਰਤ ਦੌਰਾ ਅਗਲੇ ਹਫ਼ਤੇ



(ਪੰਜਾਬ ਸਟਾਰ ਬਿਊਰੋ)
ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਆਨੰਦ ਅਗਲੇ ਹਫ਼ਤੇ ਭਾਰਤ ਦੌਰੇ 'ਤੇ ਆਉਣਗੇ। ਇਹ ਇਸ ਵਰ੍ਹੇ ਦੇ ਸ਼ੁਰੂ 'ਚ ਵਿਦੇਸ਼ ਮੰਤਰੀ ਵਜੋਂ ਕਾਰਜਭਾਰ ਸੰਭਾਲਣ ਮਗਰੋਂ ਉਨ੍ਹਾਂ ਦਾ ਭਾਰਤ ਦਾ ਪਹਿਲਾ ਅਧਿਕਾਰਤ ਦੌਰਾ ਹੋਵੇਗਾ। ਅਨੀਤਾ ਆਨੰਦ ਦਾ ਇਹ ਦੌਰਾ ਭਾਰਤ ਤੇ ਕੈਨੇਡਾ

* ਬਾਕੀ ਸਫ਼ਾ 1 'ਤੇ

## ਇੰਡੋਨੇਸ਼ੀਆਈ ਸਕੂਲ ਢਹਿਣ ਨਾਲ ਮਰਨ ਵਾਲਿਆਂ ਦੀ ਗਿਣਤੀ ਹੋਈ 61



ਸਿਦੋਆਰਜੋ, (ਪੰਜਾਬ ਸਟਾਰ ਬਿਊਰੋ): ਇੰਡੋਨੇਸ਼ੀਆ ਵਿੱਚ ਇੱਕ ਇਸਲਾਮਿਕ ਬੋਰਡਿੰਗ ਸਕੂਲ ਪ੍ਰਾਰਥਨਾ ਹਾਲ ਦੇ ਢਹਿਣ ਤੋਂ ਬਾਅਦ ਲਾਪਤਾ ਵਿਦਿਆਰਥੀਆਂ ਦੀ ਭਾਲ ਕਰ ਰਹੇ ਬਚਾਅ ਕਰਮਚਾਰੀਆਂ ਨੇ ਸੋਮਵਾਰ ਨੂੰ 12 ਹੋਰ ਵਿਦਿਆਰਥੀਆਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ, ਜਿਸ ਨਾਲ ਮੌਤਾਂ ਦੀ ਗਿਣਤੀ 61 ਹੋ ਗਈ। ਇਮਾਰਤ 29 ਸਤੰਬਰ ਨੂੰ ਢਹਿ ਗਈ ਜਦੋਂ ਵਿਦਿਆਰਥੀ, ਜ਼ਿਆਦਾਤਰ ਮੁੰਡੇ, ਦੁਪਹਿਰ ਦੀ ਨਮਾਜ਼ ਅਦਾ ਕਰ ਰਹੇ ਸਨ।

ਇੰਡੋਨੇਸ਼ੀਆ ਦੇ ਸਿਦੋਆਰਜੋ ਵਿੱਚ 100 ਸਾਲ

* ਬਾਕੀ ਸਫ਼ਾ 1 'ਤੇ

## ਅਮਰੀਕਾ 'ਚ ਦਾਖ਼ਲ ਹੋਣ ਵਾਲੇ ਟਰੱਕਾਂ 'ਤੇ ਡੋਨਾਲਡ ਟਰੰਪ ਨੇ 25% ਵਾਧੂ ਟੈਰਿਫ ਲਗਾਉਣ ਦਾ ਕੀਤਾ ਐਲਾਨ



ਅਮਰੀਕਾ (ਪੰਜਾਬ ਸਟਾਰ ਬਿਊਰੋ): ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਮਵਾਰ ਨੂੰ 1 ਨਵੰਬਰ ਤੋਂ ਲਾਗੂ ਹੋਣ ਵਾਲੇ ਦਰਮਿਆਨੇ ਅਤੇ ਭਾਰੀ ਟਰੱਕਾਂ 'ਤੇ 25% ਵਾਧੂ ਟੈਰਿਫ ਲਗਾਉਣ ਦਾ ਐਲਾਨ ਕੀਤਾ। ਸ਼ੁਰੂ ਵਿੱਚ 1 ਅਕਤੂਬਰ ਤੋਂ ਲਾਗੂ ਹੋਣ ਵਾਲੇ ਟੈਰਿਫ ਨੂੰ ਇੱਕ ਮਹੀਨੇ ਲਈ ਮੁਲਤਵੀ ਕਰ ਦਿੱਤਾ ਗਿਆ ਹੈ।

ਟਰੰਪ ਨੇ ਆਪਣੇ ਟਰੂਥਆਉਟ ਸੋਸ਼ਲ ਮੀਡੀਆ ਅਕਾਊਂਟ 'ਤੇ ਲਿਖਿਆ, "1 ਨਵੰਬਰ, 2025 ਤੋਂ, ਦੂਜੇ ਦੇਸ਼ਾਂ ਤੋਂ ਅਮਰੀਕਾ ਆਉਣ ਵਾਲੇ ਸਾਰੇ ਦਰਮਿਆਨੇ ਅਤੇ ਭਾਰੀ ਡਿਊਟੀ ਟਰੱਕਾਂ 'ਤੇ 25% ਟੈਰਿਫ ਲੱਗੇਗਾ।" ਅਮਰੀਕਾ ਵਿੱਚ ਜ਼ਿਆਦਾਤਰ ਟਰੱਕ ਗੁਆਂਢੀ ਕੈਨੇਡਾ ਅਤੇ ਮੈਕਸੀਕੋ ਤੋਂ ਆਉਂਦੇ ਹਨ, ਜਿਨ੍ਹਾਂ ਦੇ ਮੌਜੂਦਾ ਵਪਾਰਕ ਸਮਝੌਤੇ ਹਨ।

ਅਮਰੀਕੀ ਵਣਜ ਵਿਭਾਗ ਦੇ ਅਨੁਸਾਰ, ਪਿਛਲੇ ਸਾਲ ਅਮਰੀਕਾ ਨੇ 245,764 ਦਰਮਿਆਨੇ ਅਤੇ ਭਾਰੀ ਡਿਊਟੀ ਟਰੱਕ ਖਰੀਦੇ ਸਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਕੈਨੇਡਾ ਅਤੇ ਮੈਕਸੀਕੋ ਤੋਂ ਆਏ ਸਨ। ਕੁੱਲ ਮੁੱਲ $201 ਬਿਲੀਅਨ ਸੀ, ਜਿਸ ਵਿੱਚ ਕੈਨੇਡਾ ਨੇ $45 ਬਿਲੀਅਨ ਅਤੇ ਮੈਕਸੀਕੋ ਨੇ $156 ਬਿਲੀਅਨ ਦਾ ਯੋਗਦਾਨ ਪਾਇਆ।

ਇਹ ਟਰੱਕ ਅਮਰੀਕੀ ਆਟੋਮੋਬਾਈਲ

* ਬਾਕੀ ਸਫ਼ਾ 1 'ਤੇ

## ਅਮਰੀਕੀ ਫੌਜ 'ਚ ਸਿੱਖ ਕੌਮ ਨੂੰ ਕੇਸ ਅਤੇ ਦਾੜ੍ਹੀ ਦਾ ਕੋਈ ਮਸਲਾ ਨਹੀਂ !



ਵਾਸ਼ਿੰਗਟਨ (ਪੰਜਾਬ ਸਟਾਰ ਬਿਊਰੋ): ਵਿਸ਼ਵ ਭਰ 'ਚ ਅੱਜਕੱਲ੍ਹ ਇਹ ਖਬਰ ਅੱਗ ਵਾਂਗ ਫੈਲ ਗਈ ਹੈ ਕਿ ਅਮਰੀਕੀ ਫੌਜ ਵਿਚ ਹੁਣ ਦਾੜ੍ਹੀ ਅਤੇ ਵਾਲ ਰੱਖ ਕੇ ਡਿਊਟੀ ਨਹੀਂ ਨਿਭਾਈ ਜਾ ਸਕੇਗੀ, ਜਿਸ ਕਰਕੇ ਬਹੁਤ ਸਾਰੇ ਫੌਜੀਆਂ ਨੂੰ ਉਥੋਂ ਕੱਢ ਦਿੱਤਾ ਜਾਵੇਗਾ। ਇਸ ਖਬਰ ਦਾ ਸਿੱਖ ਕੌਮ 'ਤੇ ਕਾਫੀ ਗਹਿਰਾ ਅਸਰ ਪਿਆ ਹੈ, ਇਥੋਂ ਤੱਕ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਇਸ ਮੁੱਦੇ ਨੂੰ ਉਛਾਲਿਆ ਹੈ ਅਤੇ ਇਸ ਨੂੰ ਹੱਲ ਕਰਨ

* ਬਾਕੀ ਸਫ਼ਾ 1 'ਤੇ





ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ




- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
www.MakeMeDebtFree.ca
416-502-3100
1888-864-3131



Jasbir Singh Hundal
Registered Credit Counsellor
Unit #20 - 7015 Tranmere Drive, Mississauga, ON, L5S 1T7



BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW

PERSONAL INJURY
- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents

FOR ALL YOUR REAL ESTATE NEEDS



Harjit Brar
Sales Representative
416-417-6010



ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ
HOMELIFE
HIGHER STANDARDS
HOMELIFE MAPLE LEAF REALTY LTD., BROKERAGE
Ph: 905-456-9090



Vik Mehmi
Broker
416-500-6262

# ਪੇਜ ਇੱਕ ਦੀ ਬਾਕੀ

## ਜ਼ਿੰਦਗੀ ਦੀ ਜੰਗ...

ਬੀਨੂੰ ਢਿਲੋਂ, ਯੁਵਰਾਜ ਹੰਸ ਅਤੇ ਹੋਰ ਸ਼ਾਮਲ ਸਨ। ਸਾਰਿਆਂ ਨੇ ਰਾਜਵੀਰ ਜਵੰਦਾ ਦੇ ਦੇਹਾਂਤ ਨੂੰ ਪੰਜਾਬੀ ਸੱਭਿਆਚਾਰ ਅਤੇ ਸਮਾਜ ਲਈ ਕਦੇ ਵੀ ਨਾ ਪੂਰਾ ਹੋਣ ਵਾਲਾ ਵੱਡਾ ਘਾਟਾ ਦੱਸਦਿਆਂ ਉਸ ਦੇ ਪਰਿਵਾਰ ਨੂੰ ਹੌਸਲਾ ਦਿੱਤਾ। ਰਾਜਵੀਰ ਜਵੰਦਾ ਆਪਣੇ ਪਿੱਛੇ ਮਾਤਾ ਪਰਮਜੀਤ ਕੌਰ, ਪਤਨੀ ਅਸ਼ਵਿੰਦਰ ਕੌਰ, ਪੁੱਤਰੀ ਹੇਮੰਤ ਕੌਰ, ਪੁੱਤਰ ਦਿਲਾਵਰ ਸਿੰਘ, ਭੈਣ ਕਮਲਜੀਤ ਕੌਰ ਤੋਂ ਇਲਾਵਾ ਬਜ਼ੁਰਗ ਦਾਦੀ ਛੱਡ ਗਿਆ ਹੈ। ਰਾਜਵੀਰ ਜਵੰਦਾ ਦਾ ਜਨਮ 1990 ਵਿਚ ਹੋਇਆ ਸੀ। ਉਸ ਨੇ ਮੁੱਢਲੀ ਸਿਖਿਆ ਸਮਿਤੀ ਵਿਮਲ ਜੈਨ ਸਕੂਲ ਜਗਰਾਉਂ ਤੋਂ ਹਾਸਲ ਕੀਤੀ ਸੀ। ਗ੍ਰੈਜੂਏਸ਼ਨ ਡੀ ਏ ਵੀ ਕਾਲਜ ਜਗਰਾਉਂ ਤੋਂ ਕਰਨ ਮਗਰੋਂ ਉਸ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਥੀਏਟਰ ਅਤੇ ਟੈਲੀਵਿਜ਼ਨ ਦੀ ਐੱਮ ਏ ਕੀਤੀ ਸੀ। ਉਹ 2011 ਵਿਚ ਪੁਲੀਸ ਵਿਚ ਬਤੌਰ ਸਿਪਾਹੀ ਭਰਤੀ ਹੋਇਆ ਸੀ ਅਤੇ 2019 ਵਿਚ ਉਸ ਨੇ ਨੌਕਰੀ ਛੱਡ ਕੇ ਪੱਕੇ ਤੌਰ ਤੇ ਗਾਇਕੀ ਨੂੰ ਅਪਣਾ ਲਿਆ ਸੀ। ਕਿਸਾਨ ਅੰਦੋਲਨ ਦੌਰਾਨ ਉਸ ਨੇ ਦਿੱਲੀ 'ਚ ਕੰਵਰ ਗਰੇਵਾਲ ਤੇ ਹੋਰ ਗਾਇਕਾਂ ਨਾਲ ਲਗਾਤਾਰ ਉਸਾਰੂ ਗੀਤ ਗਾਏ ਸਨ।

ਰਾਜਵੀਰ ਜਵੰਦਾ ਦੇ ਪਿਤਾ ਕਰਮ ਸਿੰਘ ਸੇਵਾਮੁਕਤ ਏ ਐੱਸ ਆਈ ਸਨ ਜਿਨ੍ਹਾਂ ਦਾ ਕੁੱਝ ਵਰ੍ਹੇ ਪਹਿਲਾਂ ਦੇਹਾਂਤ ਹੋ ਗਿਆ ਸੀ। ਜਵੰਦਾ ਨੂੰ ਮੋਟਰਸਾਈਕਲ ਚਲਾਉਣ ਦਾ ਬਹੁਤ ਸ਼ੌਕ ਸੀ ਤੇ ਉਹ ਅਕਸਰ ਆਪਣੇ ਦੋਸਤਾਂ ਨਾਲ ਬਾਈਕ ਰਾਈਡਿੰਗ ਲਈ ਜਾਂਦਾ ਰਹਿੰਦਾ ਸੀ। ਕਈ ਵਾਰ ਉਹ ਸੜਕਾਂ ਕਿਨਾਰੇ ਹੀ ਕੈਂਪਿੰਗ ਕਰਕੇ ਰਾਤ ਗੁਜ਼ਾਰ ਲੈਂਦਾ ਸੀ। ਹਾਦਸੇ ਵਾਲੇ ਦਿਨ ਵੀ ਉਹ 27 ਲੱਖ ਰੁਪਏ ਦੀ ਕੀਮਤ ਵਾਲੀ ਬੀ ਐੱਮ ਡਬਲਿਊ ਬਾਈਕ ਚਲਾ ਰਿਹਾ ਸੀ। ਰਾਜਵੀਰ ਜਵੰਦਾ ਨੇ 2014 ਵਿਚ ਪਹਿਲਾ ਸੋਲੋ ਗੀਤ 'ਮੁੰਡਾ ਲਾਈਕ ਸੀ' ਕੱਢਿਆ। 2016 ਵਿਚ ਉਸ ਵੱਲੋਂ ਗਾਈ 'ਕਲੀ ਜਵੰਦੇ ਦੀ' ਬਹੁਤ ਮਕਬੂਲ ਹੋਈ। 2017 ਵਿਚ ਮਾਹੀ ਸ਼ਰਮਾ ਨਾਲ ਮਿਲ ਕੇ ਕੱਢੇ 'ਕੰਗਣੀ' ਗੀਤ ਨੇ ਉਸ ਨੂੰ ਸਟਾਰ ਬਣਾ ਦਿੱਤਾ। ਇਸ ਮਗਰੋਂ ਉਸ ਨੇ ਲਗਾਤਾਰ ਕਈ ਗੀਤ ਗਾਏ ਜਿਨ੍ਹਾਂ ਵਿਚ 'ਤੂੰ ਦਿਸ ਪੈਂਦਾ', 'ਖੁਸ਼ ਰਿਹਾ ਕਰ', 'ਸਰਕਾਰੀ ਸਰਨੇਮ', 'ਆਫ਼ਰੀਨ', 'ਜ਼ਿਮੀਂਦਾਰ' ਅਤੇ 'ਡਾਊਨ ਟੂ ਅਰਥ' ਸ਼ਾਮਲ ਹਨ, ਜਿਨ੍ਹਾਂ ਨੂੰ ਦਰਸ਼ਕਾਂ ਨੇ ਖ਼ੂਬ ਪਸੰਦ ਕੀਤਾ। ਉਸ ਨੇ 2018 ਵਿਚ 'ਸੂਬੇਦਾਰ ਜੋਗਿੰਦਰ ਸਿੰਘ', 2019 ਵਿਚ 'ਮਿੰਦੋ ਤਹਿਸੀਲਦਾਰਨੀ', 'ਜਿੰਦ ਜਾਨ', 'ਕਾਕਾ ਜੀ', 'ਸਿਕੰਦਰ-2' ਅਤੇ ਹੋਰ ਕਈ ਫ਼ਿਲਮਾਂ ਵਿਚ ਅਦਾਕਾਰੀ ਵੀ ਕੀਤੀ। ਇਸ ਦੌਰਾਨ ਸਾਬਕਾ ਮੰਤਰੀ ਬਲਬੀਰ ਸਿੰਘ ਸਿੱਧੂ, ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ, ਵਿਧਾਇਕ ਕੁਲਵੰਤ ਸਿੰਘ, ਸਾਬਕਾ ਵਿਧਾਇਕ ਗੁਰਪ੍ਰੀਤ ਸਿੰਘ ਜੀ ਪੀ, ਮੁਹਾਲੀ ਦੇ ਮੇਅਰ ਅਮਰਜੀਤ ਸਿੰਘ ਜੀਤੀ ਸਿੱਧੂ, ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਪਰਵਿੰਦਰ ਸਿੰਘ ਸੋਹਾਣਾ, ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਸੰਜੀਵ ਵਸ਼ਿਸ਼ਟ, ਡਿਪਟੀ ਮੇਅਰ ਕੁਲਜੀਤ ਸਿੰਘ ਬੇਦੀ, ਪੁਆਧੀ ਮੰਚ ਮੁਹਾਲੀ, ਗਾਇਕ ਹਰਦੀਪ ਅਤੇ ਹੋਰ ਅਨੇਕਾਂ ਸਾਹਿਤ ਅਤੇ ਸੱਭਿਆਚਾਰ ਸੁਸਾਇਟੀਆਂ ਨੇ ਰਾਜਵੀਰ ਜਵੰਦਾ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

## ਨੇਪਾਲ: ਲਗਾਤਾਰ ਮੀਂਹ...

ਕਾਰਨ ਤਿੰਨ ਅਤੇ ਖੋਟਾਂਗ ਜ਼ਿਲ੍ਹੇ ਵਿੱਚ ਦੋ ਵਿਅਕਤੀਆਂ ਦੀ ਮੌਤ ਹੋ ਗਈ। ਇਸ ਦੌਰਾਨ, ਭਾਰੀ ਮੀਂਹ ਕਾਰਨ ਪੰਚਥਾਰ ਜ਼ਿਲ੍ਹੇ ਵਿੱਚ ਵਾਪਰੇ ਹਾਦਸੇ ਵਿੱਚ ਛੇ ਵਿਅਕਤੀ ਹਲਾਕ ਹੋ ਗਏ। ਰਸੂਵਾ ਜ਼ਿਲ੍ਹੇ ਦੇ ਲੈਂਗਟਾਂਗ ਕੰਜ਼ਰਵੇਸ਼ਨ ਏਰੀਆ ਵਿੱਚ ਦਰਿਆ ਵਿੱਚ ਰੁੜ੍ਹਣ ਕਾਰਨ ਘੱਟੋ-ਘੱਟ ਚਾਰ ਵਿਅਕਤੀ ਲਾਪਤਾ ਹੋ ਗਏ ਹਨ ਅਤੇ ਇਲਾਮ, ਬਾਰਾ ਅਤੇ ਕਾਠਮੰਡੂ ਵਿੱਚ ਹੜ੍ਹਾਂ ਦੀਆਂ ਘਟਨਾਵਾਂ ਵਿੱਚ ਇੱਕ-ਇੱਕ ਵਿਅਕਤੀ ਲਾਪਤਾ ਹੈ। ਧੌਬਾਜੀ ਨੇ ਦੱਸਿਆ ਕਿ ਲੈਂਗਟਾਂਗ ਖੇਤਰ ਵਿੱਚ ਟ੍ਰੈਕਿੰਗ 'ਤੇ ਗਏ 16 ਲੋਕਾਂ ਵਿੱਚੋਂ ਚਾਰ ਵੀ ਲਾਪਤਾ ਹਨ। ਬਚਾਅ ਕਾਰਜਾਂ ਵਿੱਚ ਨੇਪਾਲ ਆਰਮੀ, ਨੇਪਾਲ ਪੁਲੀਸ ਅਤੇ ਏ ਪੀ ਐੱਫ ਦੇ ਜਵਾਨ ਸ਼ਾਮਲ ਹਨ। ਇੱਕ ਅਧਿਕਾਰੀ ਨੇ ਐਤਵਾਰ ਨੂੰ ਦੱਸਿਆ ਕਿ ਬਚਾਅ ਕਾਰਜਾਂ ਲਈ ਤਾਇਨਾਤ ਨੇਪਾਲ ਫੌਜ ਨੇ ਇੱਕ ਹੈਲੀਕਾਪਟਰ ਦੀ ਮਦਦ ਨਾਲ ਇੱਕ ਗਰਭਵਤੀ ਔਰਤ ਸਮੇਤ ਦੋ ਜ਼ਖਮੀਆਂ ਨੂੰ ਘਟਨਾ ਵਾਲੀ ਥਾਂ ਤੋਂ ਬਾਹਰ ਕੱਢਿਆ। ਉਨ੍ਹਾਂ ਨੂੰ ਇਲਾਜ ਲਈ ਧਾਰਨ ਨਗਰਪਾਲਿਕਾ ਭੇਜਿਆ ਗਿਆ ਹੈ। ਉੱਝ ਖਰਾਬ ਮੌਸਮ ਕਾਰਨ ਬਚਾਅ ਕਾਰਜ ਅਸਰ ਅੰਦਾਜ਼ ਹੋਏ।

ਨੇਪਾਲ ਦੇ ਸੱਤ ਸੂਬਿਆਂ ਵਿੱਚੋਂ ਪੰਜ ਵਿੱਚ ਮੌਨਸੂਨ ਸਰਗਰਮ ਹੈ, ਜਿਨ੍ਹਾਂ ਵਿੱਚ ਕੋਸ਼ੀ, ਮਧੇਸ, ਬਾਗਮਤੀ, ਗੰਡਕੀ ਅਤੇ ਲੁੰਬਿਨੀ ਸ਼ਾਮਲ ਸਨ। ਸ਼ਨਿੱਚਰਵਾਰ ਨੂੰ ਨੇਪਾਲੀ ਅਧਿਕਾਰੀਆਂ ਨੇ ਲਗਾਤਾਰ ਪੈ ਰਹੇ ਮੀਂਹ ਅਤੇ ਅਗਲੇ ਤਿੰਨ ਦਿਨਾਂ ਲਈ ਜ਼ਮੀਨ ਖਿਸਕਣ ਦੀ ਸੰਭਾਵਨਾ ਕਾਰਨ ਕਾਠਮੰਡੂ ਤੋਂ ਵਾਹਨਾਂ ਦੇ ਦਾਖਲੇ ਅਤੇ ਬਾਹਰ ਜਾਣ 'ਤੇ ਪਾਬੰਦੀ ਲਗਾ ਦਿੱਤੀ ਹੈ। ਅਧਿਕਾਰੀਆਂ ਨੇ ਲੋਕਾਂ ਨੂੰ ਅਗਲੇ ਤਿੰਨ ਦਿਨਾਂ ਲਈ ਲੰਬੇ ਰੂਟਾਂ 'ਤੇ ਵਾਹਨ ਨਾ ਚਲਾਉਣ ਦੀ ਸਲਾਹ ਦਿੱਤੀ ਹੈ। ਇਸੇ ਤਰ੍ਹਾਂ ਬਾਗਮਤੀ ਅਤੇ ਪੂਰਬੀ ਰਾਪਤੀ ਨਦੀਆਂ ਦੇ ਆਲੇ ਦੁਆਲੇ ਖੇਤਰਾਂ ਲਈ ਲਾਲ ਚੇਤਾਵਨੀ ਜਾਰੀ ਕੀਤੀ ਗਈ ਸੀ। ਇਸ ਦੌਰਾਨ ਖਰਾਬ ਮੌਸਮ ਕਰਕੇ ਨੇਪਾਲ ਦੇ ਤ੍ਰਿਭੁਵਨ ਕੌਮਾਂਤਰੀ ਹਵਾਈ ਅੱਡੇ 'ਤੇ ਘਰੇਲੂ ਉਡਾਣਾਂ ਨੂੰ ਅਗਲੇ ਹੁਕਮਾਂ ਤੱਕ ਰੋਕ ਦਿੱਤਾ ਗਿਆ ਹੈ।

## ਬੱਸ ਦੀ ਛੱਤ 'ਤੇ...

ਤੱਕ, ਬੱਸ ਵਿੱਚੋਂ 18 ਲਾਸ਼ਾਂ ਬਰਾਮਦ ਕੀਤੀਆਂ ਜਾ ਚੁੱਕੀਆਂ ਹਨ। ਦੋ ਕੁੜੀਆਂ ਅਤੇ ਇੱਕ ਮੁੰਡੇ ਨੂੰ ਸੁਰੱਖਿਅਤ ਬਚਾ ਲਿਆ ਗਿਆ ਹੈ। ਇੱਕ ਕੁੜੀ ਦੀ ਮਾਂ ਦੀ ਹਾਦਸੇ ਵਿੱਚ ਮੌਤ ਹੋ ਗਈ। ਧੀਆਂ ਦਾ ਬਰਥੀਨ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ।

### ਬੱਸ ਵਿੱਚ 35 ਯਾਤਰੀ ਸੀ ਸਵਾਰ

ਦੱਸਿਆ ਜਾ ਰਿਹਾ ਹੈ ਕਿ ਬੱਸ ਵਿੱਚ ਲਗਭਗ 35 ਲੋਕ ਸਵਾਰ ਸਨ। ਇਹ ਘਟਨਾ ਸ਼ਾਮ 6:30 ਵਜੇ ਦੇ ਕਰੀਬ ਵਾਪਰੀ। ਬੱਸ ਵਿੱਚ ਮਰੋਟਨ, ਬਰਥੀਨ, ਘੁਮਾਰਵਿਨ ਅਤੇ ਇੰਟਰਮੀਡੀਏਟ ਸਟੇਸ਼ਨਾਂ ਤੋਂ ਲੋਕ ਸਵਾਰ ਸਨ। ਦੱਸਿਆ ਜਾ ਰਿਹਾ ਹੈ ਕਿ ਲਗਭਗ 35 ਯਾਤਰੀ ਸਵਾਰ ਸਨ। ਡਰਾਈਵਰ ਅਤੇ ਕੰਡਕਟਰ ਦੀ ਮੌਤ ਹੋ ਗਈ ਹੈ। ਮ੍ਰਿਤਕਾਂ ਦੀ ਪਛਾਣ ਅਜੇ ਤੱਕ ਸਥਾਪਤ ਨਹੀਂ ਕੀਤੀ ਗਈ ਹੈ।

### ਮੁੱਖ ਮੰਤਰੀ ਵੱਲੋਂ ਬੱਸ ਹਾਦਸੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ

ਮੁੱਖ ਮੰਤਰੀ ਠਾਕੁਰ ਸੁਖਵਿੰਦਰ ਸਿੰਘ ਸੁੱਖੂ ਨੇ ਹਾਦਸੇ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ। ਉਨ੍ਹਾਂ ਮ੍ਰਿਤਕਾਂ ਨਾਲ ਸੰਵੇਦਨਾ ਪ੍ਰਗਟ ਕੀਤੀ ਅਤੇ ਵਿਛੜੀਆਂ ਆਤਮਾਵਾਂ ਦੀ ਸ਼ਾਂਤੀ ਲਈ ਪ੍ਰਾਰਥਨਾ ਕੀਤੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਇਸ ਮੁਸ਼ਕਲ ਸਮੇਂ ਵਿੱਚ ਪ੍ਰਭਾਵਿਤ ਪਰਿਵਾਰਾਂ ਦੇ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ ਅਤੇ ਉਨ੍ਹਾਂ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕਰੇਗੀ।

## ਸਰੀ ਪੁਲਿਸ ਵੱਲੋਂ...

ਪੁਲਿਸ ਹਿਰਾਸਤ 'ਚ ਹੈ, ਜਦੋਂ ਕਿ ਸ਼ਰਮਾ ਦੀ ਗ੍ਰਿਫਤਾਰੀ ਲਈ ਵਾਰੰਟ ਜਾਰੀ ਕੀਤਾ ਗਿਆ ਹੈ। ਸਰੀ ਪੁਲਿਸ ਸੇਵਾ (ਐੱਸ.ਪੀ.ਐੱਸ.) ਨੇ ਕਿਹਾ ਕਿ ਗੋਲੀਬਾਰੀ 27 ਮਾਰਚ ਨੂੰ ਸਵੇਰੇ 1:55 ਵਜੇ ਪੀ.ਟੀ. 'ਤੇ ਹੋਈ ਸੀ। ਇਸ ਦੌਰਾਨ ਇੱਕ ਘਰ 'ਤੇ ਗੋਲੀਆਂ ਚਲਾਈਆਂ ਗਈਆਂ। ਪੁਲਿਸ ਨੇ ਕਿਹਾ ਕਿ ਇਸ ਘਟਨਾ ਵਿਚ ਕੋਈ ਜ਼ਖਮੀ ਨਹੀਂ ਹੋਇਆ। ਇਸ ਦੌਰਾਨ ਇਹ ਵੀ ਪਤਾ ਲੱਗਿਆ ਕਿ ਇਹ ਮਾਮਲਾ ਵੀ ਜ਼ਬਰੀ ਵਸੂਲੀ ਨਾਲ ਸਬੰਧਿਤ ਸੀ।

ਇਸ ਦੌਰਾਨ ਮਨਦੀਪ ਗਿੱਡਾ (23), ਨਿਰਮਾਨਦੀਪ ਚੀਮਾ (20) ਅਤੇ ਅਰੁਣਦੀਪ ਸਿੰਘ (26), ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਉਨ੍ਹਾਂ 'ਤੇ ਹਥਿਆਰਾਂ ਦੀ ਲਾਪ੍ਰਵਾਹੀ ਨਾਲ ਵਰਤੋਂ ਕਰਨ ਦੇ ਦੋਸ਼ ਲਗਾਏ ਗਏ। ਸੋਮਵਾਰ ਨੂੰ ਮੀਡੀਆ ਬ੍ਰੀਫਿੰਗ ਦੌਰਾਨ ਐੱਸ.ਪੀ.ਐੱਸ. ਸਟਾਫ ਸਾਰਜੈਂਟ ਲਿੰਡਸੇ ਹਾਉਟਨ ਨੇ ਪੁਸ਼ਟੀ ਕੀਤੀ ਕਿ ਕਿਸੇ ਵੀ ਦੋਸ਼ੀ ਦਾ ਅਪਰਾਧਿਕ ਰਿਕਾਰਡ ਨਹੀਂ ਹੈ।

ਚੀਫ ਕਾਂਸਟੇਬਲ ਨੌਰਮ ਲਿਪਿੰਸਕੀ ਨੇ ਇੱਕ ਨਿਊਜ਼ ਰਿਲੀਜ਼ 'ਚ ਕਿਹਾ ਕਿ ਇਹ ਤਿੰਨ ਗ੍ਰਿਫ਼ਤਾਰੀਆਂ ਤੇ ਦੋਸ਼ ਇੱਕ ਸਕਾਰਾਤਮਕ ਕਦਮ ਹਨ ਕਿਉਂਕਿ ਸਰੀ ਪੁਲਿਸ ਸੇਵਾ ਜ਼ਬਰਦਸਤੀ ਵਸੂਲੀ ਦੇ ਮੁੱਦੇ ਨਾਲ ਹਮਲਾਵਰ ਢੰਗ ਨਾਲ ਨਜਿੱਠਣਾ ਜਾਰੀ ਰੱਖੇਗੀ। ਇਨਫੋਰਸਮੈਂਟ ਅਤੇ ਸਾਰੀਆਂ ਜਾਂਚ ਰਣਨੀਤੀਆਂ 'ਚ ਤੇਜ਼ੀ ਲਿਆਂਦੀ ਜਾ ਰਹੀ ਹੈ।ਹਾਉਟਨ ਨੇ ਕਿਹਾ ਕਿ 18 ਫਰਵਰੀ, 2024 ਨੂੰ ਉਸੇ ਰਿਹਾਇਸ਼ ਦੇ ਬਾਹਰ ਗੋਲੀਬਾਰੀ ਹੋਈ ਸੀ, ਪਰ ਜਾਂਚਕਰਤਾਵਾਂ ਨੇ ਉਸ ਮਾਮਲੇ ਵਿਚ ਕਿਸੇ ਵੀ ਸ਼ੱਕੀ ਦੀ ਪਛਾਣ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਦੋਵੇਂ ਗੋਲੀਬਾਰੀ ਦੀਆਂ ਘਟਨਾਵਾਂ ਆਪਸ 'ਚ ਜੁੜੀਆਂ ਨਹੀਂ ਜਾਪਦੀਆਂ। ਸੋਮਵਾਰ ਨੂੰ ਵੀ ਸਰੀ ਆਰ.ਸੀ.ਐੱਮ.ਪੀ. ਨੇ ਐਲਾਨ ਕੀਤਾ ਕਿ ਦੋ ਵਿਅਕਤੀਆਂ 'ਤੇ ਗੋਲੀਬਾਰੀ ਤੇ ਚੋਰੀ ਦੀ ਜਾਇਦਾਦ ਰੱਖਣ ਦੇ ਦੋਸ਼ ਲਗਾਏ ਗਏ ਹਨ। ਹਰਮਨਜੋਤ ਬਰਾੜ, 25, ਅਤੇ ਹਰਦਿਲਪ੍ਰੀਤ ਸਿੰਘ, 23, 'ਤੇ ਐਤਵਾਰ ਨੂੰ ਵਾਪਰੀ ਘਟਨਾ ਦੇ ਸਬੰਧ ਵਿਚ ਦੋਸ਼ ਲਗਾਏ ਗਏ ਸਨ, ਜਦੋਂ ਪੁਲਿਸ ਨੇ ਇੱਕ ਰਿਪੋਰਟ ਦਾ ਜਵਾਬ ਦਿੱਤਾ ਕਿ ਇੱਕ ਵਾਹਨ ਨੂੰ ਕਥਿਤ ਤੌਰ 'ਤੇ ਅੱਗ ਲਗਾਈ ਗਈ ਸੀ। ਬੀ.ਸੀ. ਆਰ.ਸੀ.ਐੱਮ.ਪੀ. ਦੇ ਬੁਲਾਰੇ ਸਾਰਜੈਂਟ ਵੈਨੇਸਾ ਮੁੰਨ ਨੇ ਕਿਹਾ ਕਿ ਸ਼ੱਕੀ ਇੱਕ ਵਾਹਨ ਵਿਚ ਇਲਾਕੇ ਤੋਂ ਭੱਜ ਗਏ, ਪਰ ਪੁਲਿਸ ਨੇ ਉਨ੍ਹਾਂ ਨੂੰ ਇੱਕ ਘਰ ਤੱਕ ਲੱਭ ਲਿਆ। ਪੁਲਿਸ ਨੇ ਇੱਕ ਵਾਰੰਟ ਪ੍ਰਾਪਤ ਕੀਤਾ ਤੇ ਰਿਹਾਇਸ਼ ਦੀ ਤਲਾਸ਼ੀ ਲਈ। ਮੁੰਨ ਨੇ ਕਿਹਾ ਕਿ ਇਸ ਦੌਰਾਨ ਜਾਂਚ ਤੋਂ ਜਬਰੀ ਵਸੂਲੀ ਦੇ ਸੰਕੇਤ ਹੀ ਮਿਲੇ। ਹਾਉਟਨ ਨੇ ਕਿਹਾ ਕਿ ਇਸ ਸਾਲ ਸਰੀ 'ਚ ਜਬਰੀ ਵਸੂਲੀ ਨਾਲ ਸਬੰਧਤ 56 ਮਾਮਲੇ ਅਤੇ 31 ਗੋਲੀਬਾਰੀ ਦੀਆਂ ਘਟਨਾਵਾਂ ਦਰਜ ਕੀਤੀਆਂ ਗਈਆਂ ਹਨ।

ਇਹ ਦੋਸ਼ ਉਦੋਂ ਲੱਗੇ ਹਨ, ਜਦੋਂ ਐੱਸ.ਪੀ.ਐੱਸ. ਅਧਿਕਾਰੀ ਸੋਮਵਾਰ ਸਵੇਰੇ ਤੜਕੇ ਹੋਈ ਗੋਲੀਬਾਰੀ ਦੀ ਜਾਂਚ ਕਰ ਰਹੇ ਸਨ, ਜਿਸ 'ਚ ਦੱਖਣੀ ਸਰੀ ਦੇ ਇੱਕ ਕਾਰੋਬਾਰ ਨੂੰ ਨੁਕਸਾਨ ਪਹੁੰਚਿਆ ਸੀ। ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਕਿੰਗ ਜਾਰਜ ਬੁਲੇਵਾਰਡ ਦੇ 2100 ਬਲਾਕ ਵਿਚ ਸਵੇਰੇ 2:20 ਵਜੇ ਬੁਲਾਇਆ ਗਿਆ ਸੀ, ਜਿੱਥੇ ਗੋਲੀਆਂ ਚੱਲਣ ਦੀਆਂ ਰਿਪੋਰਟਾਂ ਆਈਆਂ ਸਨ। ਪੁਲਿਸ ਦਾ ਕਹਿਣਾ ਹੈ ਕਿ ਕੋਈ ਵੀ ਜ਼ਖਮੀ ਨਹੀਂ ਹੋਇਆ, ਪਰ ਉਨ੍ਹਾਂ ਨੇ ਗੋਲੀਆਂ ਚੱਲਣ ਕਾਰਨ ਇਮਾਰਤ ਨੂੰ ਨੁਕਸਾਨ ਪਹੁੰਚਿਆ ਹੈ।

ਹਾਉਟਨ ਨੇ ਕਿਹਾ ਕਿ ਗੋਲੀਬਾਰੀ ਜਬਰੀ ਵਸੂਲੀ ਨਾਲ ਸਬੰਧਤ ਹੋ ਸਕਦੀ ਹੈ। ਪੁਲਿਸ ਦੇ ਅਨੁਸਾਰ ਇੱਕ ਸ਼ੱਕੀ ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਇਸ ਸਾਲ ਦੇ ਸ਼ੁਰੂ 'ਚ ਸੂਬੇ ਨੇ ਲੋਕਾਂ ਨੂੰ ਜਬਰੀ ਵਸੂਲੀ ਦੀਆਂ ਕੋਸ਼ਿਸ਼ਾਂ ਦੀ ਰਿਪੋਰਟ ਕਰਨ ਲਈ ਉਤਸ਼ਾਹਿਤ ਕਰਨ ਲਈ ਇੱਕ ਜਨਤਕ ਜਾਗਰੂਕਤਾ ਮੁਹਿੰਮ ਸ਼ੁਰੂ ਕੀਤੀ। ਸਤੰਬਰ 'ਚ ਬੀ.ਸੀ. ਦੇ ਦੱਖਣੀ ਏਸ਼ੀਆਈ ਭਾਈਚਾਰੇ ਨੂੰ ਨਿਸ਼ਾਨਾ ਬਣਾਉਂਦੇ ਹੋਏ ਜਬਰੀ ਵਸੂਲੀ ਅਤੇ ਗੋਲੀਬਾਰੀ ਨਾਲ ਨਜਿੱਠਣ ਲਈ ਇੱਕ ਆਰ.ਸੀ.ਐੱਮ.ਪੀ. ਦੀ ਅਗਵਾਈ ਵਾਲੀ ਟਾਸਕ ਫੋਰਸ ਸ਼ੁਰੂ ਕੀਤੀ।

ਆਰ.ਸੀ.ਐੱਮ.ਪੀ. ਨੇ ਭਾਰਤ-ਆਧਾਰਿਤ ਲਾਰੈਂਸ ਬਿਸ਼ਨੋਈ ਗਿਰੋਹ ਨੂੰ ਕੈਨੇਡਾ ਦੇ ਦੱਖਣੀ ਏਸ਼ੀਆਈ ਭਾਈਚਾਰੇ ਵਿਚ ਜਬਰੀ ਵਸੂਲੀ ਦੀਆਂ ਧਮਕੀਆਂ ਨਾਲ ਜੋੜਿਆ ਹੈ ਅਤੇ ਪਿਛਲੇ ਹਫ਼ਤੇ, ਸੰਘੀ ਸਰਕਾਰ ਨੇ ਗਿਰੋਹ ਨੂੰ ਇੱਕ ਅੱਤਵਾਦੀ ਸੰਗਠਨ ਐਲਾਨ ਕੀਤਾ ਹੈ। ਹਾਉਟਨ ਨੇ ਕਿਹਾ ਕਿ ਇਹ ਅਜੇ ਸਪੱਸ਼ਟ ਨਹੀਂ ਹੈ ਕਿ ਮਾਰਚ ਵਿਚ ਹੋਈ ਗੋਲੀਬਾਰੀ ਵਿਚ ਦੋਸ਼ੀ ਠਹਿਰਾਏ ਗਏ ਤਿੰਨ ਵਿਅਕਤੀ ਬਿਸ਼ਨੋਈ ਗੈਂਗ ਨਾਲ ਜੁੜੇ ਹੋਏ ਹਨ ਜਾਂ ਨਹੀਂ।

## ਕੈਨੇਡਾ-ਅਮਰੀਕਾ ਦਾ...

ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਖੁੱਲ੍ਹ ਕੇ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਉਨ੍ਹਾਂ ਨੇ ਭਾਰਤ ਅਤੇ ਪਾਕਿਸਤਾਨ ਵਰਗੇ ਦੇਸ਼ਾਂ ਵਿਚਕਾਰ "ਸ਼ਾਂਤੀ ਸਥਾਪਤ ਕਰਨ" ਵਿਚ ਮੁੱਖ ਭੂਮਿਕਾ ਨਿਭਾਈ। ਕਾਰਨੀ ਨੇ ਟਰੰਪ ਨੂੰ "ਇੱਕ ਪਰਿਵਰਤਨਸ਼ੀਲ ਰਾਸ਼ਟਰਪਤੀ" ਦੱਸਿਆ, ਜਿਨ੍ਹਾਂ ਦੀਆਂ ਨੀਤੀਆਂ ਨੇ ਵਿਸ਼ਵ ਰਾਜਨੀਤੀ ਅਤੇ ਅਰਥਵਿਵਸਥਾ ਨੂੰ ਮੁੜ ਆਕਾਰ ਦਿੱਤਾ ਹੈ।

## ਕੈਨੇਡੀਅਨ ਵਿਦੇਸ਼ ਮੰਤਰੀ...

ਵਿਚਾਲੇ ਦੁਵੱਲੇ ਸਬੰਧਾਂ ਦੀ ਬਹਾਲੀ ਦੀਆਂ ਚੱਲ ਰਹੀਆਂ ਕੋਸ਼ਿਸ਼ਾਂ ਦਾ ਹਿੱਸਾ ਹੈ। ਦੌਰੇ ਤੋਂ ਪਹਿਲਾਂ ਭਾਰਤ ਦੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਲੰਘੀ 29 ਸਤੰਬਰ ਨੂੰ ਨਿਊਯਾਰਕ ਸੰਯੁਕਤ ਰਾਸ਼ਟਰ ਆਮ ਸਭਾ ਤੋਂ ਵੱਖਰੇ ਤੌਰ 'ਤੇ ਅਨੀਤਾ ਆਨੰਦ ਨਾਲ ਮੁਲਾਕਾਤ ਕੀਤੀ ਸੀ। ਇਸ ਮੁਲਾਕਾਤ ਨੂੰ 'ਚੰਗੀ ਮੁਲਾਕਾਤ' ਦੱਸਦਿਆਂ ਉਨ੍ਹਾਂ ਨੇ ਸਬੰਧਾਂ ਦੀ ਬਹਾਲੀ 'ਚ ਉਸਾਰੂ ਕਦਮ ਵਜੋਂ ਹਾਈ ਕਮਿਸ਼ਨਰਾਂ ਦੀ ਨਿਯੁਕਤੀ ਦਾ ਸਵਾਗਤ ਕੀਤਾ। ਜੈਸ਼ੰਕਰ ਨੇ ਐਕਸ 'ਤੇ ਪੋਸਟ 'ਚ ਇਹ ਵੀ ਕਿਹਾ, "ਭਾਰਤ ਵਿੱਚ ਵਿਦੇਸ਼ ਮੰਤਰੀ ਦੇ ਸਵਾਗਤ ਲਈ ਤਿਆਰ ਹਾਂ।"

ਸਾਲ 2023 'ਚ ਪੈਦਾ ਹੋਏ ਤਣਾਅ ਮਗਰੋਂ ਭਾਰਤ ਤੇ ਕੈਨੇਡਾ ਆਪਣੇ ਸਬੰਧ ਸੁਧਾਰਨ 'ਚ ਜੁਟੇ ਹੋਏ ਹਨ। ਕੈਨੇਡਾ ਦੇ ਤਤਕਾਲੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਭਾਰਤ 'ਤੇ ਖਾਲਿਸਤਾਨੀ ਅਤਿਵਾਦੀ ਹਰਦੀਪ ਸਿੰਘ ਨਿੱਜਰ ਦੀ ਹੱਤਿਆ 'ਚ ਸ਼ਮੂਲੀਅਤ ਦਾ ਦੋਸ਼ ਲਾਇਆ ਸੀ। ਭਾਰਤ ਨੇ ਦੋਸ਼ਾਂ ਨੂੰ ਖਾਰਜ ਕਰਦਿਆਂ ਇਨ੍ਹਾਂ ਨੂੰ ਸਿਆਸਤ ਤੋਂ ਪ੍ਰੇਰਿਤ ਕਰਾਰ ਦਿੱਤਾ ਸੀ ਅਤੇ ਕੈਨੇਡਾ 'ਤੇ ਖਾਲਿਸਤਾਨੀ ਅਤਿਵਾਦੀਆਂ ਨੂੰ ਸੁਰੱਖਿਅਤ ਪਨਾਹ ਮੁਹੱਈਆ ਕਰਵਾਉਣ ਦਾ ਦੋਸ਼ ਲਾਇਆ ਸੀ। ਸਬੰਧਾਂ 'ਚ ਸੁਧਾਰ ਦੀ ਕਵਾਇਦ ਤਹਿਤ ਅਗਸਤ ਮਹੀਨੇ ਦੋਵਾਂ ਮੁਲਕਾਂ ਨੇ ਆਪੋ-ਆਪਣੇ ਹਾਈ ਕਮਿਸ਼ਨਰ ਬਹਾਲ ਕਰ ਦਿੱਤੇ ਸਨ।

## ਇੰਡੋਨੇਸ਼ੀਆਈ ਸਕੂਲ ਢਹਿਣ...

ਪੁਰਾਣੇ ਅਲ ਖੋਜਿਨੀ ਇਸਲਾਮਿਕ ਬੋਰਡਿੰਗ ਸਕੂਲ ਦਾ ਅਣਅਧਿਕਾਰਤ ਵਿਸਥਾਰ ਕੀਤਾ ਜਾ ਰਿਹਾ ਸੀ। ਅਧਿਕਾਰੀਆਂ ਨੇ ਕਿਹਾ ਕਿ ਸਿਰਫ ਇੱਕ ਵਿਦਿਆਰਥੀ ਸੁਰੱਖਿਅਤ ਬਚ ਗਿਆ, ਜਦੋਂ ਕਿ 99 ਜ਼ਖਮੀ ਵਿਦਿਆਰਥੀਆਂ ਦਾ ਇਲਾਜ ਕੀਤਾ ਗਿਆ ਅਤੇ ਉਨ੍ਹਾਂ ਨੂੰ ਛੁੱਟੀ ਦੇ ਦਿੱਤੀ ਗਈ। ਗੰਭੀਰ ਰੂਪ ਵਿੱਚ ਜ਼ਖਮੀ ਚਾਰ ਵਿਦਿਆਰਥੀ ਸੋਮਵਾਰ ਤੱਕ ਹਸਪਤਾਲ ਵਿੱਚ ਭਰਤੀ ਰਹੇ। ਢਹਿਣ ਤੋਂ ਤਿੰਨ ਦਿਨ ਬਾਅਦ, ਅਧਿਕਾਰੀਆਂ ਨੇ ਪਿਛਲੇ ਹਫ਼ਤੇ ਭਾਰੀ ਖੁਦਾਈ ਕਰਨ ਵਾਲੇ ਤਾਇਨਾਤ ਕੀਤੇ ਸਨ ਤਾਂ ਜੋ ਮਲਬਾ ਹਟਾਉਣ ਦੀ ਪ੍ਰਕਿਰਿਆ ਨੂੰ ਤੇਜ਼ੀ ਨਾਲ ਪੂਰਾ ਕੀਤਾ ਜਾ ਸਕੇ ਅਤੇ ਬਚੇ ਲੋਕਾਂ ਦੇ ਕੋਈ ਨਿਸ਼ਾਨ ਨਾ ਮਿਲੇ।

ਰਾਸ਼ਟਰੀ ਆਫ਼ਤ ਪ੍ਰਬੰਧਨ ਏਜੰਸੀ ਨੇ ਕਿਹਾ ਕਿ ਬਚਾਅ ਕਰਮਚਾਰੀਆਂ ਨੇ ਸੋਮਵਾਰ ਨੂੰ ਮਲਬੇ ਵਿੱਚੋਂ 12 ਲਾਸ਼ਾਂ ਕੱਢੀਆਂ। ਬਚਾਅ ਕਰਮਚਾਰੀ ਅਜੇ ਵੀ ਦੋ ਵਿਦਿਆਰਥੀਆਂ ਦੀ ਭਾਲ ਕਰ ਰਹੇ ਹਨ ਜੋ ਕਥਿਤ ਤੌਰ 'ਤੇ ਲਾਪਤਾ ਹਨ। ਕਿਸੇ ਦੇ ਬਚਣ ਦੀ ਉਮੀਦ ਨਹੀਂ ਹੈ। ਅਧਿਕਾਰੀਆਂ ਨੇ ਕਿਹਾ ਕਿ ਜ਼ਿਆਦਾਤਰ ਲਾਸ਼ਾਂ ਅਜਿਹੀ ਹਾਲਤ ਵਿੱਚ ਸਨ ਕਿ ਉਨ੍ਹਾਂ ਦੀ ਪਛਾਣ ਕਰਨਾ ਮੁਸ਼ਕਲ ਸੀ। ਰਿਸ਼ਤੇਦਾਰਾਂ ਨੇ ਪੂਰਬੀ ਜਾਵਾ ਸੂਬੇ ਦੀ ਰਾਜਧਾਨੀ ਸੁਰਾਬਾਇਆ ਦੇ ਗੁਆਂਢੀ ਸ਼ਹਿਰ ਭਯੰਗਕਾਰਾ ਪੁਲਸ ਹਸਪਤਾਲ ਵਿੱਚ ਪਛਾਣ 'ਚ ਮਦਦ ਲਈ ਡੀਐੱਨਏ ਨਮੂਨੇ ਪ੍ਰਦਾਨ ਕੀਤੇ।

## ਅਮਰੀਕਾ 'ਚ ਦਾਖ਼ਲ ਹੋਣ...

ਬਾਜ਼ਾਰ ਦਾ ਸਿਰਫ 5% ਦਰਸਾਉਂਦੇ ਹਨ। ਹਾਲਾਂਕਿ, ਇੱਕ S&P ਗਲੋਬਲ ਰਿਪੋਰਟ ਦੇ ਅਨੁਸਾਰ, ਇਕੱਲੇ ਅਮਰੀਕਾ ਉੱਤਰੀ ਅਮਰੀਕਾ ਦੀ ਮੰਗ ਦਾ ਲਗਭਗ 80% ਪੂਰਾ ਕਰਦਾ ਹੈ। ਇਹਨਾਂ ਟਰੱਕਾਂ ਨੂੰ ਭਾਰ ਦੁਆਰਾ ਸ਼੍ਰੇਣੀਬੱਧ ਕੀਤਾ ਗਿਆ ਹੈ। ਦਰਮਿਆਨੇ ਟਰੱਕਾਂ ਦਾ ਭਾਰ 14,000 ਤੋਂ 33,000 ਪੌਂਡ ਦੇ ਵਿਚਕਾਰ ਹੁੰਦਾ ਹੈ, ਜਦੋਂ ਕਿ 33,000 ਪੌਂਡ ਤੋਂ ਵੱਧ ਭਾਰ ਵਾਲੇ ਟਰੱਕਾਂ ਨੂੰ ਭਾਰੀ ਟਰੱਕ ਕਿਹਾ ਜਾਂਦਾ ਹੈ। ਸੰਯੁਕਤ ਰਾਜ ਅਮਰੀਕਾ ਵਿੱਚ, ਇਹਨਾਂ ਦੀ ਵਰਤੋਂ ਮੁੱਖ ਤੌਰ 'ਤੇ ਲੌਜਿਸਟਿਕਸ (ਮਾਲ ਢੋਆ-ਢੁਆਈ), ਨਿਰਮਾਣ ਅਤੇ ਰਹਿੰਦ-ਖੂੰਹਦ ਪ੍ਰਬੰਧਨ ਲਈ ਕੀਤੀ ਜਾਂਦੀ ਹੈ।

## ਅਮਰੀਕੀ ਫੌਜ 'ਚ ਸਿੱਖ...

ਦੀ ਅਪੀਲ ਕੀਤੀ ਹੈ। ਪਰ ਇਸ ਦੀ ਅਸਲੀਅਤ ਕੁੱਝ ਹੋਰ ਹੀ ਹੈ। ਅਮਰੀਕੀ ਰੱਖਿਆ ਸਕੱਤਰ ਪੀਟ ਹੇਗਸੈੱਠ ਨੇ ਇਹ ਹੁਕਮ ਦਿੱਤੇ ਸਨ ਕਿ ਅਮਰੀਕੀ ਫੌਜ ਵਿਚ ਹੁਣ ਲੰਬੇ ਵਾਲ ਅਤੇ ਦਾੜ੍ਹੀ ਨਹੀਂ ਰੱਖੇ ਜਾ ਸਕਣਗੇ। ਪਰ ਇਸਦਾ ਦੂਜਾ ਪੱਖ ਇਹ ਵੀ ਹੈ ਕਿ ਉਨ੍ਹਾਂ ਨੇ ਇਹ ਵੀ ਬਿਆਨ ਦਿੱਤਾ ਹੈ ਕਿ ਜਿਸ ਕਿਸੇ ਦੇ ਵੀ ਧਰਮ ਵਿਚ ਦਾੜ੍ਹੀ ਅਤੇ ਕੇਸ ਰੱਖਣੇ ਜ਼ਰੂਰੀ ਹਨ, ਉਹ ਕੇਸ ਬਾਈ ਕੇਸ ਉਸਨੂੰ ਇਨ੍ਹਾਂ ਹੁਕਮਾਂ ਤੋਂ ਛੋਟ ਦੇਣਗੇ। ਇਹ ਛੋਟ ਲੈਣ ਲਈ ਉਸ ਫੌਜੀ ਨੂੰ ਇਹ ਸਾਬਤ ਕਰਨਾ ਪਵੇਗਾ ਕਿ ਉਸਦੇ ਧਰਮ ਵਿਚ ਦਾੜ੍ਹੀ ਰੱਖਣੀ ਜ਼ਰੂਰੀ ਹੈ। ਪੰਜਾਬ 'ਚ ਬੈਠੇ ਸਿੱਖ ਸਿਆਸਤਦਾਨਾਂ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਹੁਕਮਾਂ ਬਾਰੇ ਦੁਬਾਰਾ ਪੜਤਾਲ ਕਰਨ ਅਤੇ ਉਹੀ ਬਿਆਨ ਦੇਣ, ਜਿਸ ਨਾਲ ਕਿ ਦੋਵਾਂ ਦੇਸ਼ਾਂ ਵਿਚ ਕੋਈ ਕੁੜੱਤਣ ਨਾ ਪੈਦਾ ਹੋਵੇ, ਸਗੋਂ ਆਪਸੀ ਪਿਆਰ ਸਤਿਕਾਰ ਵਧੇ। ਅਮਰੀਕੀ ਫੌਜ ਦੁਨੀਆਂ ਦੀ ਸਭ ਤੋਂ ਸ਼ਕਤੀਸ਼ਾਲੀ ਫੌਜ ਹੈ ਤੇ ਇਸ ਦੇ ਰੂਲ-ਅਸੂਲ ਬਾਕੀ ਦੁਨੀਆਂ ਨਾਲੋਂ ਵੱਖਰੇ ਹਨ ਪਰ ਫਿਰ ਵੀ ਉਨ੍ਹਾਂ ਧਰਮ ਦਾ ਸਤਿਕਾਰ ਕਰਦਿਆਂ ਵੱਖ-ਵੱਖ ਧਰਮਾਂ ਦੇ ਲੋਕਾਂ ਨੂੰ ਇਨ੍ਹਾਂ ਹੁਕਮਾਂ ਤੋਂ ਛੋਟ ਦੇਣ ਦਾ ਐਲਾਨ ਕੀਤਾ ਹੈ।

# ਜਰਮਨੀ: ਨਵੀਂ ਚੁਣੀ ਗਈ ਮੇਅਰ 'ਤੇ ਚਾਕੂ ਨਾਲ ਹਮਲਾ, ਹਾਲਤ ਗੰਭੀਰ



ਇੱਕ ਪੱਛਮੀ ਜਰਮਨ ਕਸਬੇ ਦੀ ਨਵੀਂ ਚੁਣੀ ਗਈ ਮੇਅਰ ਆਪਣੇ ਘਰ ਵਿੱਚ ਖੂਨ ਨਾਲ ਲਥਪਥ ਮਿਲੀ। ਚਾਂਸਲਰ ਫ੍ਰੈਡਰਿਕ ਮਰਜ਼ ਨੇ ਕਿਹਾ ਕਿ ਮੇਅਰ ਇੱਕ "ਭਿਆਨਕ ਘਟਨਾ" ਦਾ ਸ਼ਿਕਾਰ ਹੋਈ ਹੈ। ਆਇਰਿਸ ਸਟਾਲਜ਼ਰ ਨੂੰ 28 ਸਤੰਬਰ ਨੂੰ ਹਰੈਡੇਕ ਦੀ ਮੇਅਰ ਚੁਣਿਆ ਗਿਆ ਸੀ। ਆਇਰਿਸ ਖੱਬੇ-ਪੱਖੀ ਸੋਸ਼ਲ ਡੈਮੋਕਰੇਟਸ ਪਾਰਟੀ ਦੀ ਮੈਂਬਰ ਹੈ।57 ਸਾਲਾ ਆਇਰਿਸ ਸਟੈਲਜ਼ਰ ਪੇਸ਼ੇ ਤੋਂ ਇੱਕ ਲੇਬਰ ਵਕੀਲ ਹੈ ਅਤੇ ਦੋ ਦਹਾਕਿਆਂ ਤੋਂ ਹਰਡੇਕੇ ਰਾਜਨੀਤੀ ਵਿੱਚ ਸਰਗਰਮ ਹੈ। ਸਟੈਲਜ਼ਰ ਦੋ ਕਿਸ਼ੋਰ ਬੱਚਿਆਂ ਦੀ ਮਾਂ ਹੈ ਅਤੇ ਆਪਣੇ ਸਾਫ਼-ਸੁਥਰੇ ਅਕਸ ਅਤੇ ਜਨ ਸੰਪਰਕ ਹੁਨਰ ਲਈ ਜਾਣੀ ਜਾਂਦੀ ਹੈ। ਸਥਾਨਿਕ ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਕਿਸੇ ਨਾਲ ਕੋਈ ਦੁਸ਼ਮਣੀ ਨਹੀਂ ਸੀ। ਪੁਲਿਸ ਨੇ ਇਲਾਕੇ ਨੂੰ ਸੀਲ ਕਰ ਦਿੱਤਾ ਹੈ ਅਤੇ ਸੀਸੀਟੀਵੀ ਫੁਟੇਜ ਦੀ ਜਾਂਚ ਕਰ ਰਹੀ ਹੈ। ਪੁਲਿਸ ਨੇ ਦੱਸਿਆ ਕਿ ਮੰਗਲਵਾਰ ਦੁਪਹਿਰ 1 ਵਜੇ ਦੇ ਕਰੀਬ ਆਇਰਿਸ ਆਪਣੇ ਘਰ ਵਿੱਚ ਖੂਨ ਨਾਲ ਲਥਪਥ ਮਿਲੀ ਅਤੇ ਉਸਨੂੰ ਹੈਲੀਕਾਪਟਰ ਰਾਹੀਂ ਹਸਪਤਾਲ ਲਿਜਾਇਆ ਗਿਆ। ਪੁਲਿਸ ਨੇ ਉਸ ਦੀਆਂ ਸੱਟਾਂ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਹੈ। ਬਰਲਿਨ ਵਿੱਚ ਸੋਸ਼ਲ ਡੈਮੋਕਰੇਟਸ ਦੇ ਸੰਸਦੀ ਸਮੂਹ ਦੇ ਨੇਤਾ ਮੈਥਿਆਸ ਮਿਰਸ਼ ਨੇ ਦੱਸਿਆ ਸਾਨੂੰ ਪਤਾ ਲੱਗਾ ਹੈ ਕਿ ਨਵੇਂ ਚੁਣੇ ਗਏ ਮੇਅਰ ਆਇਰਿਸ 'ਤੇ ਹਰਡੇਕ ਵਿੱਚ ਚਾਕੂ ਨਾਲ ਹਮਲਾ ਕੀਤਾ ਗਿਆ ਸੀ, ਇਹ ਇੱਕ ਦੁਖਦਾਈ ਘਟਨਾ ਹੈ।

ਚਾਂਸਲਰ ਫ੍ਰੈਡਰਿਕ ਮਰਜ਼ ਨੇ ਸੋਸ਼ਲ ਮੀਡੀਆ 'ਤੇ ਲਿਖਿਆ, ਅਸੀਂ ਨਵੀਂ ਚੁਣੀ ਗਈ ਮੇਅਰ ਆਇਰਿਸ ਸਟੈਲਜ਼ਰ ਬਾਰੇ ਚਿੰਤਤ ਹਾਂ ਅਤੇ ਅਸੀਂ ਉਨ੍ਹਾਂ ਦੇ ਪੂਰੀ ਤਰ੍ਹਾਂ ਠੀਕ ਹੋਣ ਦੀ ਕਾਮਨਾ ਕਰਦੇ ਹਾਂ। ਜਾਂਚਕਰਤਾਵਾਂ ਨੇ ਇੱਕ ਬਿਆਨ ਵਿੱਚ ਕਿਹਾ ਕਿ ਉਹ ਸਾਰੇ ਪਹਿਲੂਆਂ ਦੀ ਜਾਂਚ ਕਰ ਰਹੇ ਹਨ ਅਤੇ ਇਸ ਵੇਲੇ ਪਰਿਵਾਰਕ ਝਗੜੇ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

# ਵਾਸ਼ਿੰਗਟਨ 'ਚ ਨੈਸ਼ਨਲ ਗਾਰਡ ਦੀ ਤਾਇਨਾਤੀ ਨੂੰ ਲੈ ਕੇ ਵਿਵਾਦ ਹੋਰ ਗਹਿਰਾਇਆ



ਵਾਸ਼ਿੰਗਟਨ: ਡੀ.ਸੀ. ਦੇ ਇੱਕ ਅਦਾਲਤ ਵਿੱਚ ਇੱਕ ਰਾਜਨੀਤਿਕ ਬਹਿਸ ਚੱਲ ਰਹੀ ਹੈ ਜੋ ਇਹ ਫੈਸਲਾ ਕਰ ਸਕਦੀ ਹੈ ਕਿ ਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਦੇਸ਼ ਦੀ ਰਾਜਧਾਨੀ ਵਿੱਚ ਨੈਸ਼ਨਲ ਗਾਰਡ ਦੀ ਤਾਇਨਾਤੀ ਕਾਨੂੰਨੀ ਸੀ। ਵਾਸ਼ਿੰਗਟਨ, ਡੀ.ਸੀ. ਵਿੱਚ ਨੈਸ਼ਨਲ ਗਾਰਡ ਦੀ ਅਣਮਿੱਥੇ ਸਮੇਂ ਲਈ ਤਾਇਨਾਤੀ ਨੂੰ ਚੁਣੌਤੀ ਦੇਣ ਵਾਲੇ ਮੁਕੱਦਮੇ ਵਿੱਚ ਕਈ ਰਾਜਾਂ ਨੇ ਪੱਖ ਲਿਆ ਹੈ, ਅਤੇ ਉਨ੍ਹਾਂ ਨੇ ਜੋ ਪੱਖ ਚੁਣਿਆ ਹੈ ਉਹ ਉਨ੍ਹਾਂ ਦੀ ਰਾਜਨੀਤਿਕ ਪਾਰਟੀ ਦੀ ਵਿਚਾਰਧਾਰਾ ਦੇ ਅਨੁਕੂਲ ਹੈ।

ਹਾਲਾਂਕਿ ਟਰੰਪ ਦੇ ਹੁਕਮ ਦੀ ਮਿਆਦ ਹੁਣ ਖਤਮ ਹੋ ਗਈ ਹੈ, ਪਰ ਸੈਂਕੜੇ ਸੈਨਿਕ ਵਾਸ਼ਿੰਗਟਨ, ਡੀ.ਸੀ. ਵਿੱਚ ਤਾਇਨਾਤ ਹਨ। ਵਾਸ਼ਿੰਗਟਨ, ਡੀ.ਸੀ. ਹੁਣ ਤਾਇਨਾਤੀ ਨੂੰ ਰੋਕਣ ਲਈ ਅੰਤਰਿਮ ਅਦਾਲਤ ਦੇ ਆਦੇਸ਼ ਦੀ ਮੰਗ ਕਰ ਰਿਹਾ ਹੈ। ਪੋਰਟਲੈਂਡ (ਓਰੇਗਨ) ਅਤੇ ਸ਼ਿਕਾਗੋ ਨੇ ਵੀ ਨੈਸ਼ਨਲ ਗਾਰਡ ਦੀ ਤਾਇਨਾਤੀ ਵਿਰੁੱਧ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ, ਇਸ ਲਈ ਇਸ ਮੁੱਦੇ ਦੀ ਨੇੜਿਓਂ ਜਾਂਚ ਕੀਤੀ ਜਾ ਰਹੀ ਹੈ। ਹਾਲਾਂਕਿ, ਵਾਸ਼ਿੰਗਟਨ, ਡੀ.ਸੀ., ਇੱਕ ਸੰਘੀ ਜ਼ਿਲ੍ਹਾ ਹੈ, ਜੋ ਇਸਨੂੰ ਦੂਜੇ ਸ਼ਹਿਰਾਂ ਤੋਂ ਵੱਖਰਾ ਕਰਦਾ ਹੈ। ਫਿਰ ਵੀ, ਇਸ ਮਾਮਲੇ ਨੂੰ ਬਹੁਤ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ। ਅਦਾਲਤ 24 ਅਕਤੂਬਰ ਤੋਂ ਇਸ ਮਾਮਲੇ ਵਿੱਚ ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣੇਗੀ।

ਰਾਸ਼ਟਰਪਤੀ ਟਰੰਪ ਕਈ ਸ਼ਹਿਰਾਂ ਵਿੱਚ ਫੌਜ ਭੇਜਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਵਾਸ਼ਿੰਗਟਨ ਡੀਸੀ ਵਿੱਚ ਕੀਤੀ ਗਈ ਕਾਰਵਾਈ ਇਸੇ ਯੋਜਨਾ ਦਾ ਹਿੱਸਾ ਹੈ। ਪਰ ਇਹ ਯੋਜਨਾ ਬਹੁਤ ਵਿਵਾਦਪੂਰਨ ਬਣ ਗਈ ਹੈ ਅਤੇ ਇਸਨੇ ਅਮਰੀਕਾ ਵਿੱਚ ਰਾਜਨੀਤਿਕ ਅਤੇ ਕਾਨੂੰਨੀ ਵੰਡ ਨੂੰ ਹੋਰ ਵਧਾ ਦਿੱਤਾ ਹੈ। 4 ਸਤੰਬਰ ਨੂੰ, ਵਾਸ਼ਿੰਗਟਨ, ਡੀ.ਸੀ. ਦੇ ਅਟਾਰਨੀ ਜਨਰਲ ਬ੍ਰਾਇਨ ਸ਼ਵਾਲਬ ਨੇ ਟਰੰਪ ਪ੍ਰਸ਼ਾਸਨ ਵੱਲੋਂ ਨੈਸ਼ਨਲ ਗਾਰਡ ਦੀ ਤਾਇਨਾਤੀ ਨੂੰ ਚੁਣੌਤੀ ਦਿੰਦੇ ਹੋਏ ਇੱਕ ਮੁਕੱਦਮਾ ਦਾਇਰ ਕੀਤਾ, ਜਿਸ ਬਾਰੇ ਟਰੰਪ ਨੇ ਕਿਹਾ ਕਿ ਇਹ ਵਾਸ਼ਿੰਗਟਨ ਸ਼ਹਿਰ ਵਿੱਚ ਅਪਰਾਧ ਦੇ ਕੰਟਰੋਲ ਤੋਂ ਬਾਹਰ ਹੈ।

ਰਾਜ ਸਮਰਥਨ ਪਾਰਟੀ ਲਾਈਨਾਂ 'ਤੇ ਵੰਡਿਆ ਹੋਇਆ ਹੈ। 23 ਰਾਜ ਟਰੰਪ ਪ੍ਰਸ਼ਾਸਨ ਦਾ ਸਮਰਥਨ ਕਰਦੇ ਹਨ, ਇਹ ਦਲੀਲ ਦਿੰਦੇ ਹਨ ਕਿ ਰਾਸ਼ਟਰਪਤੀ ਕੋਲ ਨੈਸ਼ਨਲ ਗਾਰਡ ਤਾਇਨਾਤ ਕਰਨ ਦਾ ਅਧਿਕਾਰ ਹੈ। ਇਸ ਦੌਰਾਨ, 22 ਰਾਜ ਵਾਸ਼ਿੰਗਟਨ, ਡੀ.ਸੀ. ਦਾ ਸਮਰਥਨ ਕਰਦੇ ਹਨ। ਟਰੰਪ ਪ੍ਰਸ਼ਾਸਨ ਦਾ ਸਮਰਥਨ ਕਰਨ ਵਾਲੇ ਰਾਜਾਂ ਦੇ ਮੁੱਖ ਵਕੀਲ ਰਿਪਬਲਿਕਨ ਪਾਰਟੀ ਤੋਂ ਹਨ, ਜਦੋਂ ਕਿ ਵਾਸ਼ਿੰਗਟਨ, ਡੀਸੀ ਦਾ ਸਮਰਥਨ ਕਰਨ ਵਾਲੇ ਰਾਜਾਂ ਦੇ ਮੁੱਖ ਵਕੀਲ ਡੈਮੋਕ੍ਰੇਟਿਕ ਪਾਰਟੀ ਤੋਂ ਹਨ।

# ਕੈਲੀਫੋਰਨੀਆ ਦੀਵਾਲੀ ਨੂੰ ਸਰਕਾਰੀ ਛੁੱਟੀ ਐਲਾਨਣ ਵਾਲਾ ਬਣਿਆ ਤੀਜਾ ਅਮਰੀਕੀ ਰਾਜ



ਦੀਵਾਲੀ ਹੁਣ ਅਧਿਕਾਰਿਤ ਤੌਰ 'ਤੇ ਅਮਰੀਕੀ ਰਾਜ ਕੈਲੀਫੋਰਨੀਆ ਵਿੱਚ ਸਰਕਾਰੀ ਛੁੱਟੀਆਂ ਦੀ ਸੂਚੀ ਵਿੱਚ ਸ਼ਾਮਿਲ ਹੋ ਗਈ ਹੈ। ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਨੇ ਮੰਗਲਵਾਰ ਨੂੰ ਅਸੈਂਬਲੀ ਬਿੱਲ 268 'ਤੇ ਦਸਤਖ਼ਤ ਕਰਕੇ ਕਾਨੂੰਨ ਬਣਾ ਦਿੱਤਾ ਹੈ। ਇਸ ਕਾਨੂੰਨ ਦੇ ਤਹਿਤ, ਕੈਲੀਫੋਰਨੀਆ ਦੇ ਸਰਕਾਰੀ ਕਰਮਚਾਰੀ, ਕਮਿਊਨਿਟੀ ਕਾਲਜ ਅਤੇ ਸਰਕਾਰੀ ਸਕੂਲ ਹੁਣ ਦੀਵਾਲੀ 'ਤੇ ਛੁੱਟੀ ਲੈ ਸਕਣਗੇ। ਇਸ ਦੇ ਨਾਲ ਹੀ, ਸਕੂਲਾਂ ਅਤੇ ਵਿਦਿਅਕ ਸੰਸਥਾਵਾਂ ਨੂੰ ਦੀਵਾਲੀ ਦੇ ਅਰਥ ਅਤੇ ਮਹੱਤਵ ਬਾਰੇ ਪ੍ਰੋਗਰਾਮ ਆਯੋਜਿਤ ਕਰਨ ਦੀ ਵੀ ਆਗਿਆ ਦਿੱਤੀ ਗਈ ਹੈ। ਬਿੱਲ ਵਿੱਚ ਕਿਹਾ ਗਿਆ ਹੈ ਕਿ ਰਾਜ ਦੇ ਕਰਮਚਾਰੀ ਦੀਵਾਲੀ 'ਤੇ ਤਨਖਾਹ ਵਾਲੀ ਛੁੱਟੀ ਲੈ ਸਕਦੇ ਹਨ। ਸਕੂਲ ਅਤੇ ਕਾਲਜ ਦੀਵਾਲੀ 'ਤੇ ਬੰਦ ਰਹਿ ਸਕਦੇ ਹਨ। ਵਿਦਿਅਕ ਸੰਸਥਾਵਾਂ ਦੀਵਾਲੀ ਦੇ ਸੱਭਿਆਚਾਰਕ ਅਤੇ ਸਮਾਜਿਕ ਮਹੱਤਵ ਨੂੰ ਉਜਾਗਰ ਕਰਨ ਲਈ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕਰ ਸਕਦੀਆਂ ਹਨ। ਇਸ ਫੈਸਲੇ ਨਾਲ ਕੈਲੀਫੋਰਨੀਆ ਵਿੱਚ ਰਹਿਣ ਵਾਲੇ ਦੱਖਣੀ ਏਸ਼ੀਆਈ ਮੂਲ ਦੇ ਲਗਭਗ 10 ਲੱਖ ਲੋਕਾਂ ਵਿੱਚ ਖਾਸ ਕਰਕੇ ਭਾਰਤੀ ਅਤੇ ਭਾਰਤੀ-ਅਮਰੀਕੀ ਭਾਈਚਾਰੇ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਸਾਬਕਾ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੇ ਸਾਬਕਾ ਸਲਾਹਕਾਰ ਅਤੇ ਸਿਲੀਕਾਨ ਵੈਲੀ ਦੇ ਮਸ਼ਹੂਰ ਉੱਦਮੀ ਅਤੇ ਪਰਉਪਕਾਰੀ ਅਜੈ ਭੂਟੋਰੀਆ ਨੇ ਇਸ ਫੈਸਲੇ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ X 'ਤੇ ਇੱਕ ਪੋਸਟ ਵਿੱਚ ਲਿਖਿਆ ਦੀਵਾਲੀ ਨੂੰ ਕੈਲੀਫੋਰਨੀਆ ਰਾਜ ਦੀ ਛੁੱਟੀ ਬਣਾਉਣ ਲਈ ਗਵਰਨਰ ਗੈਵਿਨ ਨਿਊਸਮ ਦਾ ਧੰਨਵਾਦ।














# ਅਫ਼ੀਮ ਦੇ ਲੇਬਲ ਵਾਲਾ ਪਰਫਿਊਮ ਵੇਚ ਰਹੇ ਭਾਰਤੀ ਨੂੰ ਅਮਰੀਕਾ ਪੁਲਿਸ ਨੇ ਕੀਤਾ ਸੀ ਗ੍ਰਿਫ਼ਤਾਰ



ਵਾਸ਼ਿੰਗਟਨ : ਅਮਰੀਕਾ ਦੇ ਅਰਕੰਸਾਸ ਤੋਂ ਇੱਕ ਹੈਰਾਨ ਕਰਨ ਵਾਲੀ ਘਟਨਾ ਸਾਹਮਣੇ ਆਈ ਹੈ। ਜਿੱਥੇ ਪੁਲਿਸ ਨੇ ਭਾਰਤੀ ਮੂਲ ਦੇ ਵਿਅਕਤੀ ਕਪਿਲ ਰਘੂ ਨੂੰ ਅਫੀਮ ਦੇ ਲੇਬਲ ਵਾਲਾ ਪਰਫਿਊਮ ਵੇਚਣ ਦੇ ਆਰੋਪ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਉਸਦਾ ਵੀਜ਼ਾ ਰੱਦ ਕਰ ਦਿੱਤਾ ਗਿਆ ਹੈ ਜਦਕਿ ਰਘੂ ਨੇ ਅਮਰੀਕੀ ਵੀਜ਼ਾ ਬਹਾਲ ਕਰਨ ਦੀ ਮੰਗ ਕੀਤੀ ਹੈ। ਜਾਣਕਾਰੀ ਅਨੁਸਾਰ ਮਾਮਲਾ ਮਈ ਦਾ ਹੈ ਜਦੋਂ ਪੁਲਿਸ ਨੂੰ ਇਕ ਟ੍ਰੈਫਿਕ ਚੈਕਿੰਗ ਦੌਰਾਨ ਕਪਿਲ ਦੀ ਕਾਰ ਤੋਂ ਅਫ਼ੀਮ ਦੇ ਲੇਬਲ ਵਾਲੀ ਇਕ ਛੋਟੀ ਜਿਹੀ ਬੋਤਲ ਬਰਾਮਦ ਹੋਈ। ਪੁਲਿਸ ਨੇ ਸਮਝਿਆ ਕਿ ਉਹ ਅਫ਼ੀਮ ਵੇਚ ਰਿਹਾ ਹੈ ਅਤੇ ਉਸ ਨੂੰ ਗ੍ਰਿਫਤਾਰ ਕਰ ਲਿਆ। ਜਦਕਿ ਕਪਿਲ ਵਾਰ-ਵਾਰ ਉਨ੍ਹਾਂ ਨੂੰ ਬੋਲਦਾ ਰਿਹਾ ਕਿ ਉਹ ਅਫ਼ੀਮ ਨਹੀਂ ਵੇਚ ਰਿਹਾ ਬਲਕਿ ਉਹ ਇਕ ਡਿਜ਼ਾਇਨਰ ਪਰਫਿਊਮ ਬੋਤਲ ਵੇਚ ਰਿਹਾ ਹੈ।

ਅਰਕੰਸਾਸ ਸਟੇਟ ਕ੍ਰਾਈਮ ਲੈਬ ਨੇ ਬਾਅਦ ਵਿੱਚ ਪੁਸ਼ਟੀ ਕੀਤੀ ਕਿ ਬੋਤਲ ਵਿੱਚ ਅਫੀਮ ਨਹੀਂ, ਸਗੋਂ ਪਰਫਿਊਮ ਸੀ। ਇਸ ਦੇ ਬਾਵਜੂਦ ਵੀ ਰਘੂ ਨੂੰ ਤਿੰਨ ਦਿਨ ਜੇਲ੍ਹ ਵਿੱਚ ਗੁਜ਼ਾਰਨੇ ਪਏ। ਇਸ ਸਮੇਂ ਦੌਰਾਨ ਅਧਿਕਾਰੀਆਂ ਨੇ ਵੀਜ਼ਾ ਖਤਮ ਹੋਣ ਦਾ ਦਾਅਵਾ ਕੀਤਾ, ਜਿਸਨੂੰ ਉਸਦੇ ਵਕੀਲ ਨੇ ਇੱਕ ਪ੍ਰਸ਼ਾਸਕੀ ਗਲਤੀ ਦੱਸਿਆ। ਗ੍ਰਿਫਤਾਰੀ ਤੋਂ ਬਾਅਦ ਰਘੂ ਨੂੰ ਲੁਸੀਆਨਾ ਦੇ ਇੱਕ ਸੰਘੀ ਇਮੀਗ੍ਰੇਸ਼ਨ ਕੇਂਦਰ ਭੇਜਿਆ ਗਿਆ, ਜਿੱਥੇ ਉਸ ਨੂੰ 30 ਦਿਨ ਹਿਰਾਸਤ ਵਿੱਚ ਰੱਖਿਆ ਗਿਆ। 20 ਮਈ ਨੂੰ ਨਸ਼ੀਲੇ ਪਦਾਰਥਾਂ ਦੇ ਦੋਸ਼ਾਂ ਨੂੰ ਰੱਦ ਕਰ ਦਿੱਤਾ ਗਿਆ ਸੀ, ਪਰ ਉਸਦੀ ਨਜ਼ਰਬੰਦੀ ਦੌਰਾਨ ਉਸਦਾ ਵੀਜ਼ਾ ਰੱਦ ਕਰ ਦਿੱਤਾ ਗਿਆ ਸੀ, ਜਿਸ ਨਾਲ ਕਪਿਲ ਰਘੂ 'ਤੇ ਦੇਸ਼ ਨਿਕਾਲੇ ਦਾ ਖਤਰਾ ਵਧ ਗਿਆ ਹੈ। ਰਘੂ ਦੇ ਵਕੀਲ ਦੇ ਅਨੁਸਾਰ ਰਘੂ ਨੂੰ ਦੇਸ਼ ਨਿਕਾਲੇਯੋਗ ਐਲਾਨ ਕਰ ਦਿੱਤਾ ਗਿਆ ਹੈ, ਭਾਵ ਉਸ ਨੂੰ ਕਿਸੇ ਵੀ ਛੋਟੇ ਅਪਰਾਧ ਜਾਂ ਉਲੰਘਣਾ ਲਈ ਦੇਸ਼ ਛੱਡਣ ਲਈ ਮਜਬੂਰ ਕੀਤਾ ਜਾ ਸਕਦਾ ਹੈ। ਜਿਸ ਕਾਰਨ ਉਸ ਨੂੰ ਨੌਕਰੀ ਕਰਨ ਅਤੇ ਪਰਿਵਾਰ ਦਾ ਪਾਲਣ ਪੋਸ਼ਣ ਕਰਨਾ ਔਖਾ ਹੋ ਸਕਦਾ ਹੈ। ਰਘੂ ਦੀ ਪਤਨੀ ਅਲਹਲੀ ਮੇਸ ਨੇ ਦੱਸਿਆ ਕਿ ਇਸ ਘਟਨਾ ਨੇ ਪਰਿਵਾਰ ਨੂੰ ਡੂੰਘੀ ਚਿੰਤਾ 'ਚ ਪਾ ਦਿੱਤਾ ਹੈ। ਉਹ ਤਿੰਨ ਨੌਕਰੀਆਂ ਕਰ ਰਹੀ ਤਾਂ ਜੋ ਕਾਨੂੰਨੀ ਖਰਚਾ ਕੀਤਾ ਜਾ ਸਕਦੇ। ਕਪਿਲ ਦੀ ਬੇਟੀ ਨੂੰ ਪਿਤਾ ਦੇ ਨਾਲ ਸਮਾਂ ਬਿਤਾਉਣ ਤੋਂ ਦੂਰ ਹੋਣਾ ਪਿਆ ਅਤੇ ਪਰਿਵਾਰ ਦੀ ਬੱਚਤ ਬਿਲਕੁਲ ਖਤਮ ਹੋ ਗਈ ਹੈ।

# ਕੈਨੇਡਾ ਪੁੱਜੇ ਭਾਰਤੀਆਂ ਦੀ ਜ਼ਿੰਦਗੀ ਬਣੀ ਨਰਕ

## ਇੰਮੀਗ੍ਰੇਸ਼ਨ ਵਕੀਲਾਂ ਨੇ ਲਾਰੇ ਲਾ ਕੇ ਠੱਗੇ ਹਜ਼ਾਰਾਂ ਡਾਲਰ



ਸੇਂਟ ਜੌਹਨ : ਲੱਖਾਂ ਰੁਪਏ ਖਰਚ ਕੇ ਕੈਨੇਡਾ ਪੁੱਜੇ ਭਾਰਤੀਆਂ ਦੀ ਜ਼ਿੰਦਗੀ ਨਰਕ ਬਣ ਚੁੱਕੀ ਹੈ ਜਿਨ੍ਹਾਂ ਨੂੰ ਇਥੇ ਵੀ ਠੱਗ ਟੱਕਰ ਗਏ ਅਤੇ ਹਜ਼ਾਰਾਂ ਡਾਲਰ ਦਾ ਨੁਕਸਾਨ ਮੁੜ ਹੋ ਗਿਆ। ਸੁਨਹਿਰੀ ਭਵਿੱਖ ਦੀ ਆਸ ਵਿਚ ਆਇਆ ਦੱਤਾਤ੍ਰੇਯ ਅਵਹਦ ਇਨ੍ਹਾਂ ਵਿਚੋਂ ਇਕ ਹੈ ਜਿਸ ਨੇ ਕੈਨੇਡਾ ਦੀ ਪੀ.ਆਰ. ਲਈ ਪੰਜਾਬੀ ਇੰਮੀਗ੍ਰੇਸ਼ਨ ਵਕੀਲ ਨੂੰ 24 ਹਜ਼ਾਰ ਡਾਲਰ ਦਿਤੇ ਪਰ ਅੱਜ ਤੱਕ ਨਾ ਉਹ ਪੱਕਾ ਹੋ ਗਿਆ ਸਕਿਆ ਹੈ ਅਤੇ ਨਾ ਹੀ ਰਕਮ ਵਾਪਸ ਮਿਲ ਸਕੀ ਹੈ। ਸੀ.ਬੀ.ਸੀ. ਦੀ ਰਿਪੋਰਟ ਮੁਤਾਬਕ ਦੱਤਾਤ੍ਰੇਯ ਅਵਹਦ ਨੇ ਦੱਸਿਆ ਕਿ ਉਸ ਨੇ ਕੁੱਕ ਦੀ ਨੌਕਰੀ ਵਾਸਤੇ ਐਟਲਾਂਟਿਕ ਇੰਮੀਗ੍ਰੇਸ਼ਨ ਸਰਵਿਸਿਜ਼ ਦੇ ਅਮਰਦੀਪ ਸਿੰਘ ਨਾਲ ਸੰਪਰਕ ਕੀਤਾ ਜਿਨ੍ਹਾਂ ਵੱਲੋਂ ਨਿਊਫਾਊਂਡਲੈਂਡ ਐਂਡ ਲੈਬਰਾਡੋਰ ਵਿਚ ਨੌਕਰੀ ਦਿਵਾਉਣ ਦਾ ਵਾਅਦਾ ਕੀਤਾ ਗਿਆ ਪਰ ਇਕ ਸਾਲ ਤੋਂ ਵੱਧ ਸਮਾਂ ਹੋ ਚੁੱਕਾ ਹੈ ਅਤੇ ਉਹ ਕੈਬ ਡਰਾਈਵਰ ਵਜੋਂ ਦਿਹਾੜੀਆਂ ਲਾ ਕੇ ਗੁਜ਼ਾਰਾ ਕਰ ਰਿਹਾ ਹੈ।

ਦੱਤਾਤ੍ਰੇਯ ਮੁਤਾਬਕ ਇੰਮੀਗ੍ਰੇਸ਼ਨ ਵਕੀਲ ਅਮਰਦੀਪ ਸਿੰਘ ਵੱਲੋਂ ਸੋਸ਼ਲ ਮੀਡੀਆ ਰਾਹੀਂ ਦਿਤੇ ਇਸ਼ਤਿਹਾਰ ਵਿਚ ਕਿਚਨ ਜੌਬਜ਼ ਮੌਜੂਦ ਹੋਣ ਅਤੇ 6 ਤੋਂ 12 ਮਹੀਨੇ ਦੇ ਅੰਦਰ ਕੈਨੇਡੀਅਨ ਇੰਮੀਗ੍ਰੇਸ਼ਨ ਦਾ ਵਾਅਦਾ ਕੀਤਾ ਗਿਆ। ਦੂਜੇ ਪਾਸੇ ਇੰਮੀਗ੍ਰੇਸ਼ਨ ਮਾਹਰਾਂ ਦਾ ਕਹਿਣਾ ਹੈ ਕਿ ਅਮਰਦੀਪ ਸਿੰਘ ਵੱਲੋਂ ਪ੍ਰਵਾਸੀਆਂ ਦੀ ਕਾਨੂੰਨੀ ਨੁਮਾਇੰਦਗੀ ਕਰਨ ਅਤੇ ਨੌਕਰੀ ਦਿਵਾਉਣ ਨਾਲ ਸਬੰਧਤ ਦੋ ਕਿਸਮ ਦੇ ਵਾਅਦੇ ਸਰਾਸਰ ਗੈਰਵਾਜਬ ਹਨ। ਉਧਰ, ਦੱਤਾਤ੍ਰੇਯ ਨੇ ਦੋਸ਼ ਲਾਇਆ ਕਿ ਅਮਰਦੀਪ ਸਿੰਘ ਲੋਕਾਂ ਨੂੰ ਮੂਰਖ ਬਣਾਉਣ ਦੇ ਯਤਨ ਕਰ ਰਿਹਾ ਹੈ। ਸੀ.ਬੀ.ਸੀ. ਦੀ ਰਿਪੋਰਟ ਕਹਿੰਦੀ ਹੈ ਕਿ ਜਦੋਂ ਦੱਤਾਤ੍ਰੇਯ ਮੁੰਬਈ ਤੋਂ ਕੈਨੇਡਾ ਪੁੱਜਾ ਤਾਂ ਅਮਰਦੀਪ ਸਿੰਘ ਨੇ ਉਸ ਦੀ ਪਤਨੀ ਅਤੇ ਬੱਚਿਆਂ ਨੂੰ ਵੀ ਇਥੇ ਲਿਆਉਣ ਦੇ ਵਾਅਦਾ ਕੀਤਾ। ਰਕਮ ਅਦਾਇਗੀ ਤੋਂ ਛੇ ਮਹੀਨੇ ਬਾਅਦ ਦੱਤਾਤ੍ਰੇਯ ਨੂੰ ਇਕ ਬਾਰ ਵਿਚ ਨੌਕਰੀ ਦੀ ਪੇਸ਼ਕਸ਼ ਹੋਈ ਜੋ ਕਲੋਜ਼ਡ ਵਰਕ ਪਰਮਿਟ ਅਧੀਨ ਆਉਂਦੀ ਸੀ। ਨੌਕਰੀ ਦੌਰਾਨ ਉਸ ਨੂੰ ਤੈਅਸ਼ੁਦਾ 16 ਡਾਲਰ ਪ੍ਰਤੀ ਘੰਟੇ ਦਾ ਮਿਹਨਤਾਨਾ ਨਾ ਮਿਲਿਆ ਅਤੇ ਇਕ ਮਹੀਨੇ ਬਾਅਦ ਅਮਰਦੀਪ ਸਿੰਘ ਦਾ ਫੋਨ ਆ ਗਿਆ। ਦੱਤਾਤ੍ਰੇਯ ਮੁਤਾਬਕ ਅਮਰਦੀਪ ਸਿੰਘ ਨੇ ਕਿਹਾ ਕਿ ਇੰਪਲੌਇਰ ਉਸ ਨੂੰ ਨੌਕਰੀ 'ਤੇ ਨਹੀਂ ਰੱਖਣਾ ਚਾਹੁੰਦਾ ਅਤੇ ਜੇ ਨਵੀਂ ਨੌਕਰੀ ਚਾਹੀਦੀ ਹੈ ਤਾਂ 10 ਹਜ਼ਾਰ ਡਾਲਰ ਦੀ ਰਕਮ ਹੋਰ ਦੇਣੀ ਪਵੇਗੀ। ਐਨੀ ਗੱਲ ਸੁਣਦਿਆਂ ਹੀ ਦੱਤਾਤ੍ਰੇਯ ਦੇ ਹੋਸ਼ ਉਡ ਗਏ ਅਤੇ ਉਸ ਨੇ ਉਨਟਾਰੀਓ ਲਾਅ ਸੋਸਾਇਟੀ ਕੋਲ ਸ਼ਿਕਾਇਤ ਦਾਇਰ ਕਰ ਦਿਤੀ। ਉਧਰ ਬਾਰ ਵਿਚੋਂ ਨੌਕਰੀ ਤੋਂ ਕੱਢੇ ਜਾਣ ਦਾ ਕਾਰਨ ਇਹ ਸਾਹਮਣੇ ਆਇਆ ਕਿ ਦੱਤਾਤ੍ਰੇਯ ਵੱਲੋਂ ਗਲਤ ਜਾਣਕਾਰੀ ਦਿਤੀ ਗਈ।

# 'ਦਾਰਜੀਲਿੰਗ ਜ਼ਮੀਨ ਖਿਸਕਣ ਨਾਲ 20 ਲੋਕਾਂ ਦੀ ਮੌਤ ਮੁੱਖ ਮੰਤਰੀ ਦੁਰਗਾ ਪੂਜਾ ਮਨਾ ਰਹੇ ਹਨ', ਭਾਜਪਾ ਨੇ ਕੀਤੀ ਆਲੋਚਨਾ

ਪੱਛਮੀ ਬੰਗਾਲ ਭਾਜਪਾ ਨੇ ਐਤਵਾਰ ਨੂੰ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਦਾਰਜੀਲਿੰਗ ਪਹਾੜੀਆਂ ਵਿੱਚ ਲਗਾਤਾਰ ਮੀਂਹ ਕਾਰਨ 20 ਮੌਤਾਂ ਦੀਆਂ ਰਿਪੋਰਟਾਂ ਦੇ ਵਿਚਕਾਰ ਰਾਜ ਸਰਕਾਰ ਦੁਆਰਾ ਆਯੋਜਿਤ ਦੁਰਗਾ ਪੂਜਾ ਤਿਉਹਾਰ ਵਿੱਚ ਸ਼ਾਮਿਲ ਹੋਣ ਲਈ ਆਲੋਚਨਾ ਕੀਤੀ। ਦੁਰਗਾ ਪੂਜਾ ਤਿਉਹਾਰ ਰਾਜ ਸਰਕਾਰ ਦੁਆਰਾ ਆਯੋਜਿਤ ਕੀਤਾ ਗਿਆ ਸੀ।

ਭਾਜਪਾ ਦੇ ਸੂਬਾ ਪ੍ਰਧਾਨ ਅਤੇ ਰਾਜ ਸਭਾ ਮੈਂਬਰ ਸਮਿਕ ਭੱਟਾਚਾਰੀਆ ਨੇ ਦੱਸਿਆ ਕਿ ਬੈਨਰਜੀ ਨੂੰ ਇਸ ਦੁਖਾਂਤ ਦੇ ਮੱਦੇਨਜ਼ਰ ਜਸ਼ਨਾਂ ਨੂੰ ਘਟਾ ਕੇ ਐਤਵਾਰ ਨੂੰ ਹੀ ਉੱਤਰੀ ਬੰਗਾਲ ਦੇ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਨਾ ਚਾਹੀਦਾ ਸੀ। ਉਸਨੇ ਜੋ ਕੀਤਾ ਉਹ ਉੱਤਰੀ ਬੰਗਾਲ ਪ੍ਰਤੀ ਉਸਦੀ ਸਰਕਾਰ ਦੇ ਪੱਖਪਾਤੀ ਰਵੱਈਏ ਨੂੰ ਦਰਸਾਉਂਦਾ ਹੈ। ਭੱਟਾਚਾਰੀਆ ਨੇ ਕਿਹਾ ਇਹ ਰੋਮਨ ਸਮਰਾਟ ਨੀਰੋ ਵਾਂਗ ਹੈ ਜਦੋਂ ਰੋਮ ਸੜ ਰਿਹਾ ਸੀ ਤਾਂ ਉਹ ਵਾਇਲਨ ਵਜਾ ਰਿਹਾ ਸੀ। ਵਿਰੋਧੀ ਧਿਰ ਦੇ ਨੇਤਾ ਸੁਵੇਂਦੂ ਅਧਿਕਾਰੀ ਨੇ ਕਿਹਾ ਕਿ ਰਾਸ਼ਟਰੀ ਆਫ਼ਤ ਪ੍ਰਤੀਕਿਰਿਆ ਬਲ (ਐਨਡੀਆਰਐਫ) ਅਤੇ ਅਰਧ ਸੈਨਿਕ ਬਲਾਂ ਨੂੰ ਤੁਰੰਤ ਸਾਰੇ ਪ੍ਰਭਾਵਿਤ ਖੇਤਰਾਂ ਵਿੱਚ ਭੇਜਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸਿਰਫ਼ 'ਤਿਉਹਾਰਾਂ ਅਤੇ ਮੇਲਿਆਂ' ਵਿੱਚ ਰੁੱਝੇ ਹੋਏ ਹਨ ਅਤੇ ਲੋਕਾਂ ਦੀ ਦੁਰਦਸ਼ਾ ਵੱਲ ਧਿਆਨ ਨਹੀਂ ਦੇ ਰਹੇ ਹਨ।

ਰਿਪੋਰਟਾਂ ਦੇ ਅਨੁਸਾਰ, ਐਤਵਾਰ ਨੂੰ ਪੱਛਮੀ ਬੰਗਾਲ ਦੇ ਮਿਰਿਕ ਅਤੇ ਦਾਰਜੀਲਿੰਗ ਦੀਆਂ ਪਹਾੜੀਆਂ ਵਿੱਚ ਭਾਰੀ ਮੀਂਹ ਕਾਰਨ ਵੱਡੇ ਪੱਧਰ 'ਤੇ ਜ਼ਮੀਨ ਖਿਸਕ ਗਈ, ਜਿਸ ਵਿੱਚ ਕਈ ਬੱਚਿਆਂ ਸਮੇਤ 20 ਲੋਕਾਂ ਦੀ ਮੌਤ ਹੋ ਗਈ ਅਤੇ ਕਈ ਹੋਰ ਜ਼ਖਮੀ ਹੋ ਗਏ। ਜ਼ਮੀਨ ਖਿਸਕਣ ਨਾਲ ਕਈ ਘਰ ਵਹਿ ਗਏ, ਸੜਕਾਂ ਤਬਾਹ ਹੋ ਗਈਆਂ, ਦੂਰ-ਦੁਰਾਡੇ ਪਿੰਡ ਤਬਾਹ ਹੋ ਗਏ ਅਤੇ ਸੈਂਕੜੇ ਸੈਲਾਨੀ ਫਸ ਗਏ ਹਨ।

ਸ਼ੁਭੇਂਦੂ ਅਧਿਕਾਰੀ ਨੇ ਕਿਹਾ, "ਮੁੱਖ ਮੰਤਰੀ ਨੂੰ ਆਫ਼ਤ ਪ੍ਰਭਾਵਿਤ ਖੇਤਰ ਦੇ ਨੇੜੇ ਅਧਿਕਾਰੀਆਂ ਨਾਲ ਸਥਿਤੀ ਦਾ ਜਾਇਜ਼ਾ ਲੈਣ ਲਈ ਸਿਲੀਗੁੜੀ ਜਾਣਾ ਚਾਹੀਦਾ ਸੀ। ਜਦੋਂ ਤੱਕ ਆਫ਼ਤ ਪ੍ਰਬੰਧਨ ਵਿਭਾਗ ਇਜਾਜ਼ਤ ਨਹੀਂ ਦਿੰਦਾ, ਜਨਤਾ ਲਈ ਜ਼ਮੀਨ ਖਿਸਕਣ ਵਾਲੇ ਖੇਤਰ ਵਿੱਚ ਜਾਣਾ ਸੰਭਵ ਨਹੀਂ ਹੈ।"

# ਪਾਕਿਸਤਾਨ ਨੂੰ ਅਮਰੀਕਾ ਤੋਂ AIM-120 ਅਡਵਾਂਸਡ ਮਿਸਾਈਲਾਂ: ਟਰੰਪ ਨਾਲ ਨਜ਼ਦੀਕੀਆਂ ਦਾ ਤੋਹਫ਼ਾ



ਪਿਛਲੇ ਕੁਝ ਮਹੀਨਿਆਂ ਤੋਂ ਪਾਕਿਸਤਾਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਤਾਰੀਫ਼ ਕਰਦਾ ਨਜ਼ਰ ਆ ਰਿਹਾ ਹੈ। ਪਾਕਿਸਤਾਨੀ ਫੌਜ ਦੇ ਮੁਖੀ ਆਸਿਮ ਮੁਨੀਰ ਨੇ ਕਈ ਵਾਰ ਅਮਰੀਕਾ ਦੀ ਯਾਤਰਾ ਵੀ ਕੀਤੀ ਹੈ। ਹੁਣ ਮੁਨੀਰ ਦੀ ਚਾਪਲੂਸੀ ਦਾ ਤੋਹਫ਼ਾ ਪਾਕਿਸਤਾਨ ਨੂੰ ਮਿਲਣ ਦੀ ਸੰਭਾਵਨਾ ਹੈ।

ਅਸਲ ਵਿੱਚ, ਪਾਕਿਸਤਾਨ ਨੂੰ ਅਮਰੀਕਾ ਤੋਂ AIM-120 ਅਡਵਾਂਸਡ ਮੀਡੀਅਮ ਰੇਂਜ ਵਾਲੀਆਂ ਹਵਾ ਤੋਂ ਹਵਾ ਵਿੱਚ ਮਾਰ ਕਰਨ ਵਾਲੀਆਂ ਮਿਸਾਈਲਾਂ ਮਿਲਣ ਦੀ ਉਮੀਦ ਜ਼ਾਹਰ ਕੀਤੀ ਜਾ ਰਹੀ ਹੈ। ਇਨ੍ਹੀ ਦਿਨਾਂ ਪਾਕਿਸਤਾਨ ਅਤੇ ਅਮਰੀਕਾ ਵਿਚਕਾਰ ਨਜ਼ਦੀਕੀਆਂ ਵਧ ਰਹੀਆਂ ਹਨ।

### ਪਾਕਿਸਤਾਨ 'ਤੇ ਅਮਰੀਕਾ ਦੀ ਮੇਹਰਬਾਨੀ

ਇਨ੍ਹਾਂ ਦਿਨਾਂ ਪਾਕਿਸਤਾਨ ਅਤੇ ਅਮਰੀਕਾ ਦੇ ਰਿਸ਼ਤੇ ਲਗਾਤਾਰ ਸੁਧਰ ਰਹੇ ਹਨ। ਮਈ ਮਹੀਨੇ ਵਿੱਚ ਭਾਰਤ ਅਤੇ ਪਾਕਿਸਤਾਨ ਵਿਚਕਾਰ ਚਾਰ ਦਿਨਾਂ ਦਾ ਸੈਨਿਕ ਟਕਰਾਅ ਹੋਇਆ। ਭਾਰਤ ਨੇ ਪਾਕਿਸਤਾਨ ਨੂੰ ਬੁਰੀ ਤਰ੍ਹਾਂ ਹਰਾਇਆ, ਅੰਤ ਵਿੱਚ ਪਾਕਿਸਤਾਨੀ ਡੀਜੀਐੱਮਓ ਨੇ ਭਾਰਤ ਤੋਂ ਸੈਨਿਕ ਕਾਰਵਾਈ ਰੋਕਣ ਦੀ ਅਪੀਲ ਕੀਤੀ। ਇਸ ਟਕਰਾਅ ਤੋਂ ਬਾਅਦ ਪਾਕਿਸਤਾਨ ਨੇ ਅਮਰੀਕਾ ਨਾਲ ਨਜ਼ਦੀਕੀਆਂ ਵਧਾਈਆਂ ਹਨ ਅਤੇ ਕਈ ਵਾਰ ਅਮਰੀਕੀ ਰਾਸ਼ਟਰਪਤੀ ਦੀ ਤਾਰੀਫ਼ ਕੀਤੀ ਹੈ।

### ਅਮਰੀਕਾ ਦੀ ਪਾਕ ਨੂੰ ਅਡਵਾਂਸਡ ਮਿਸਾਈਲਾਂ ਦੇਣ ਦੀ ਤਿਆਰੀ

ਅਮਰੀਕਾ ਨੇ ਪਾਕਿਸਤਾਨ ਨੂੰ AIM-120 AMRAAM ਮਿਸਾਈਲਾਂ ਦੇਣ ਦਾ ਪਲਾਨ ਬਣਾਇਆ ਹੈ। ਇਹ ਬਹੁਤ ਅਡਵਾਂਸਡ ਮਿਸਾਈਲਾਂ ਹਨ ਜੋ ਹਵਾ ਤੋਂ ਹਵਾ ਵਿੱਚ ਦੁਸ਼ਮਣ ਦੇ ਵਿਮਾਨ ਨੂੰ ਮਾਰ ਸੁੱਟਣ ਵਿੱਚ ਸਮਰੱਥ ਹਨ। ਹਾਲ ਹੀ ਵਿੱਚ ਅਮਰੀਕੀ ਰੱਖਿਆ ਵਿਭਾਗ ਨੇ ਇੱਕ ਸਮਝੌਤੇ ਵਿੱਚ ਪਾਇਆ ਕਿ ਇੱਕ ਹਥਿਆਰਾਂ ਦੇ ਸਮਝੌਤੇ ਵਿੱਚ AMRAAM ਮਿਸਾਈਲਾਂ ਦੇ ਖਰੀਦਦਾਰਾਂ ਵਿੱਚ ਪਾਕਿਸਤਾਨ ਵੀ ਸ਼ਾਮਲ ਹੈ।

### ਡਿਫੈਂਸ ਡੀਲ ਦੀ ਕੀਮਤ 2.51 ਬਿਲੀਅਨ ਡਾਲਰ

ਅਮਰੀਕੀ ਰੱਖਿਆ ਵਿਭਾਗ ਦੇ ਹਾਲੀਆ ਸਮਝੌਤੇ ਅਨੁਸਾਰ, ਰੇਥੀਓਨ ਕੰਪਨੀ ਨੂੰ 41.6 ਮਿਲੀਅਨ ਡਾਲਰ ਦਾ ਵਾਧੂ ਆਰਡਰ ਦਿੱਤਾ ਗਿਆ ਹੈ। ਇਹ ਆਰਡਰ C8 ਅਤੇ D3 ਵਰਜਨਾਂ ਦੀਆਂ ਮਿਸਾਈਲਾਂ ਲਈ ਹੈ। ਇਸ ਡੀਲ ਦੀ ਕੁੱਲ ਕੀਮਤ ਹੁਣ 2.51 ਬਿਲੀਅਨ ਡਾਲਰ ਤੱਕ ਪਹੁੰਚ ਗਈ ਹੈ ਅਤੇ ਇਹ 2030 ਤੱਕ ਪੂਰੀ ਹੋਣ ਦੀ ਉਮੀਦ ਹੈ। ਹਾਲਾਂਕਿ, ਅਜੇ ਤੱਕ ਪਾਕਿਸਤਾਨ ਨੂੰ ਕਿੰਨੀਆਂ ਮਿਸਾਈਲਾਂ ਮਿਲਣਗੀਆਂ, ਇਹ ਸਪੱਸ਼ਟ ਨਹੀਂ ਹੋਇਆ। ਐਕਸਪਰਟਾਂ ਅਨੁਸਾਰ, ਇਹ ਪਾਕਿਸਤਾਨੀ ਏਅਰ ਫੋਰਸ ਦੇ F-16 ਲੜਾਕੂ ਵਿਮਾਨਾਂ ਨੂੰ ਅਪਗ੍ਰੇਡ ਕਰਨ ਵਿੱਚ ਵੱਡੀ ਮਦਦ ਕਰਨਗੀਆਂ। ਪਾਕਿਸਤਾਨ ਕੋਲ ਪਹਿਲਾਂ ਹੀ ਪੁਰਾਣੀਆਂ C3 ਵਰਜਨ ਦੀਆਂ 500 ਤੋਂ ਵੱਧ ਮਿਸਾਈਲਾਂ ਹਨ, ਜੋ 2010 ਵਿੱਚ F-16 ਨਾਲ ਖਰੀਦੀਆਂ ਗਈਆਂ ਸਨ।

# ਅਕਾਲੀ ਦਲ (ਵਾਰਸ ਪੰਜਾਬ ਦੇ) ਵੱਲੋਂ ਤਰਨ ਤਾਰਨ ਦੀ ਜ਼ਿਮਨੀ ਚੋਣ ਲਈ ਆਪਣੇ ਉਮੀਦਵਾਰ ਦਾ ਐਲਾਨ



ਤਰਨਤਾਰਨ: ਅੰਮ੍ਰਿਤਪਾਲ ਸਿੰਘ ਦੀ ਅਗਵਾਈ ਹੇਠਲੀ ਪਾਰਟੀ ਅਕਾਲੀ ਦਲ (ਵਾਰਸ ਪੰਜਾਬ ਦੇ) ਵੱਲੋਂ ਤਰਨ ਤਾਰਨ ਦੀ ਜ਼ਿਮਨੀ ਚੋਣ ਲਈ ਆਪਣੇ ਉਮੀਦਵਾਰ ਦਾ ਐਲਾਨ ਕਰ ਦਿੱਤਾ ਗਿਆ ਹੈ। ਪਾਰਟੀ ਵੱਲੋਂ ਕਤਲ ਕੇਸ ਵਿੱਚ ਜੇਲ੍ਹ ਵਿੱਚ ਬੰਦ ਸੰਦੀਪ ਸਿੰਘ ਸੰਨੀ ਦੇ ਭਰਾ ਮਨਦੀਪ ਸਿੰਘ ਨੂੰ ਆਪਣਾ ਉਮੀਦਵਾਰ ਐਲਾਨਿਆ ਹੈ। ਜ਼ਿਕਰਯੋਗ ਹੈ ਕਿ ਭਾਰਤੀ ਚੋਣ ਕਮਿਸ਼ਨ ਨੇ ਤਰਨ ਤਾਰਨ ਵਿੱਚ ਉਪ ਚੋਣ ਦੀ ਮਿਤੀ ਦਾ ਐਲਾਨ ਕਰ ਦਿੱਤਾ ਹੈ। ਵੋਟਾਂ 11 ਨਵੰਬਰ ਨੂੰ ਪੈਣਗੀਆਂ ਅਤੇ ਨਤੀਜੇ 14 ਨਵੰਬਰ ਨੂੰ ਐਲਾਨੇ ਜਾਣਗੇ। ਸਾਰੀਆਂ ਪ੍ਰਮੁੱਖ ਪਾਰਟੀਆਂ ਨੇ ਚੋਣ ਐਲਾਨ ਤੋਂ ਪਹਿਲਾਂ ਹੀ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਚੋਣਾਂ ਦੇ ਐਲਾਨ ਦੇ ਨਾਲ ਹੀ ਆਦਰਸ਼ ਚੋਣ ਜ਼ਾਬਤਾ ਵੀ ਲਾਗੂ ਹੋ ਗਿਆ ਹੈ। ਦੱਸ ਦੇਈਏ ਕਿ ਇਹ ਸੀਟ ਲਗਭਗ ਤਿੰਨ ਮਹੀਨੇ ਪਹਿਲਾਂ 'ਆਪ' ਵਿਧਾਇਕ ਕਸ਼ਮੀਰ ਸਿੰਘ ਸੋਹਲ ਦੀ ਮੌਤ ਤੋਂ ਬਾਅਦ ਖਾਲੀ ਹੋ ਗਈ ਸੀ।

# ਚੰਗੇ ਭਵਿੱਖ ਲਈ ਅਮਰੀਕਾ ਗਏ ਪੰਜਾਬੀ ਨੌਜਵਾਨ ਦੀ ਮੌਤ, ਦਿਲ ਦਾ ਦੌਰਾ ਪੈਣ ਕਾਰਨ ਗਈ ਜਾਨ

ਮੌਜੂਦਾ ਸਮੇਂ ਵਿੱਚ ਹਰ ਪੰਜਾਬੀ ਨੌਜਵਾਨ ਸੁਨਿਹਰੇ ਭਵਿੱਖ ਅਤੇ ਆਪਣੇ ਘਰ ਦੇ ਹਾਲਾਤਾਂ ਨੂੰ ਸੁਧਾਰਣ ਦੇ ਲਈ ਵਿਦੇਸ਼ ਜਾਣ ਦਾ ਚਾਹਵਾਨ ਹੈ। ਜਿਸ ਕਾਰਨ ਹਰ ਸਾਲ ਹਜ਼ਾਰਾਂ ਨੌਜਵਾਨ ਸੁਨਿਹਰੇ ਭਵਿੱਖ ਦੀ ਆਸ ਲੈ ਕੇ ਵਿਦੇਸ਼ ਜਾਂਦੇ ਹਨ। ਪਰ ਇਨ੍ਹਾਂ ਵਿੱਚੋਂ ਕੁਝ ਜ਼ਿੰਦਗੀ ਦੇ ਸੰਘਰਸ਼ ਨਾਲ ਜੂਝਦੇ ਹੋਏ ਮੌਤ ਦੇ ਮੂੰਹ ਵਿੱਚ ਚਲੇ ਜਾਂਦੇ ਹਨ। ਤਾਜ਼ਾ ਮਾਮਲਾ ਅਮਰੀਕਾ ਤੋਂ ਸਾਹਮਣੇ ਆਇਆ ਹੈ। ਪੰਜਾਬ ਦੇ ਜ਼ਿਲ੍ਹਾ ਸੰਗਰੂਰ ਦੇ ਵਿਧਾਨ ਸਭਾ ਹਲਕਾ ਲਹਿਰਾ ਵਿੱਚ ਪੈਂਦੇ ਪਿੰਡ ਮੰਡਵੀ ਦੇ ਨੌਜਵਾਨ ਦੀ ਅਮਰੀਕਾ ਵਿੱਚ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ। ਨੌਜਵਾਨ ਦੀ ਪਛਾਣ 24 ਸਾਲਾ ਹਰਮਨਪ੍ਰੀਤ ਸਿੰਘ ਵਜੋਂ ਹੋਈ ਹੈ। ਦੱਸਿਆ ਜਾ ਰਿਹਾ ਹੈ ਹਰਮਨਪ੍ਰੀਤ ਸਿੰਘ ਤਿੰਨ ਸਾਲ ਪਹਿਲਾਂ ਹੀ ਰੋਜ਼ੀ ਰੋਟੀ ਲਈ ਅਮਰੀਕਾ ਗਿਆ ਸੀ। ਨੌਜਵਾਨ ਦੀ ਮੌਤ ਦੀ ਖਬਰ ਮਿਲਦਿਆਂ ਹੀ ਪਰਿਵਾਰ ਦਾ ਰੋ-ਰੋ ਕੇ ਬੁਰਾ ਹਾਲ ,ਹੈ। ਮਾਪਿਆਂ ਨੇ ਪੁੱਤ ਦਾ ਮੂੰਹ ਦੇਖਣ ਲਈ ਮ੍ਰਿਤਕ ਦੇਹ ਨੂੰ ਪੰਜਾਬ ਲਿਆਉਣ ਲਈ ਸਰਕਾਰਾਂ ਨੂੰ ਗੁਹਾਰ ਲਗਾਈ ਹੈ।

# ਕੈਨੇਡਾ 'ਚ ਅਖੌਤੀ ਬੈਂਕ ਅਫ਼ਸਰਾਂ ਨੇ ਠੱਗੇ ਸੈਂਕੜੇ ਲੋਕ

## * ਇਕੱਲੇ ਉਨਟਾਰੀਓ ਵਿਚ 100 ਜਣਿਆਂ ਦੇ ਖਾਤੇ ਹੋਏ ਖਾਲੀ
## * ਹਜ਼ਾਰਾਂ ਡਾਲਰ ਦੀ ਭਰਪਾਈ ਕਰਨ ਤੋਂ ਬੈਂਕ ਇਨਕਾਰੀ



ਟੋਰਾਂਟੋ : ਕੈਨੇਡਾ ਵਿਚ ਬੈਂਕ ਅਫ਼ਸਰ ਬਣ ਕੇ ਲੋਕਾਂ ਨੂੰ ਲੁੱਟਣ ਦੇ ਮਾਮਲੇ ਵਧਦੇ ਜਾ ਰਹੇ ਹਨ ਅਤੇ ਤਾਜ਼ਾ ਰਿਪੋਰਟ ਮੁਤਾਬਕ ਇਕੱਲੇ ਉਨਟਾਰੀਓ ਵਿਚ 100 ਜਣੇ 'ਬੈਂਕ ਇਨਵੈਸਟੀਗੇਟਰ ਸਕੈਮ' ਦਾ ਸ਼ਿਕਾਰ ਬਣ ਗਏ। ਡਰਹਮ ਰੀਜਨਲ ਪੁਲਿਸ ਨੇ ਦੱਸਿਆ ਕਿ ਸਤੰਬਰ ਮਹੀਨੇ ਦੌਰਾਨ 41 ਜਣਿਆਂ ਨੇ ਬੈਂਕ ਖਾਤਿਆਂ ਵਿਚੋਂ ਹਜ਼ਾਰਾਂ ਡਾਲਰ ਗਾਇਬ ਹੋਣ ਦੀ ਸ਼ਿਕਾਇਤ ਦਰਜ ਕਰਵਾਈ। ਸੀ.ਟੀ.ਵੀ. ਦੀ ਰਿਪੋਰਟ ਮੁਤਾਬਕ ਕੁਝ ਪੀੜਤਾਂ ਨੇ ਦੱਸਿਆ ਕਿ ਆਪਣੇ ਆਪ ਨੂੰ ਬੈਂਕ ਅਫ਼ਸਰ ਦੱਸਣ ਵਾਲੇ ਕ੍ਰੈਡਿਟ ਕਾਰਡ ਜਾਂ ਹੋਰ ਜਾਣਕਾਰੀ ਹਾਸਲ ਕਰਨ ਘਰ ਤੱਕ ਪੁੱਜ ਗਏ।

ਟੋਰਾਂਟੋ ਦੀ ਕਿੰਬਰਲੀ ਲਿਊ ਨੇ ਦੱਸਿਆ ਕਿ ਉਸ ਨੂੰ ਇਕ ਫੋਨ ਕਾਲ ਆਈ ਅਤੇ ਕਾਲ ਕਰਨ ਵਾਲੇ ਨੇ ਆਪਣੇ ਆਪ ਨੂੰ ਬੈਂਕ ਅਫ਼ਸਰ ਦੱਸਿਆ। ਉਸ ਨੇ ਇਹ ਵੀ ਕਿਹਾ ਕਿ ਤੇਰੇ ਖਾਤੇ ਨਾਲ ਛੇੜਛਾੜ ਹੋ ਸਕਦੀ ਹੈ। ਲਿਊ ਮੁਤਾਬਕ ਫੋਨ ਕਾਲ ਦੇਖ ਕੇ ਸਪੱਸ਼ਟ ਨਜ਼ਰ ਆ ਰਿਹਾ ਸੀ ਕਿ ਇਹ ਟੀ.ਡੀ. ਤੋਂ ਆਈ ਹੈ। ਕਾਲ ਕਰਨ ਵਾਲੇ ਨੂੰ ਲਿਊ ਦੇ ਬੈਂਕ ਖਾਤੇ ਵਿਚ ਕਾਫ਼ੀ ਕੁਝ ਪਤਾ ਸੀ ਜਿਸ ਦੇ ਮੱਦੇਨਜ਼ਰ ਉਸ ਨੂੰ ਕੋਈ ਸ਼ੱਕ ਨਾ ਹੋਇਆ। ਇਸ ਮਗਰੋਂ ਕਾਲ ਕਰਨ ਵਾਲੇ ਲਿਊ ਨੂੰ ਦੱਸਿਆ ਕਿ ਉਸ ਦੇ ਕਾਰਡ ਦੀ ਵਰਤੋਂ ਗਲਤ ਜਗ੍ਹਾਂ 'ਤੇ ਕੀਤੀ ਗਈ ਅਤੇ ਹੁਣ ਇਹ ਕਾਰਡ ਬਦਲਣੇ ਹੋਣਗੇ।

ਇਸ ਮਗਰੋਂ ਇਕ ਸ਼ਖਸ ਲਿਊ ਦੇ ਘਰ ਆਇਆ ਅਤੇ ਕਾਰਡ ਲੈ ਕੇ ਚਲਾ ਗਿਆ ਪਰ ਕੁਝ ਹੀ ਪਲਾਂ ਵਿਚ ਉਸ ਦੇ ਖਾਤੇ ਵਿਚੋਂ 32 ਹਜ਼ਾਰ ਡਾਲਰ ਉਡ ਗਏ। ਔਸ਼ਵਾ ਦੀ ਮੇਬਲ ਪੇਰੇਜ਼ ਨਾਲ ਵੀ ਬਿਲਕੁਲ ਅਜਿਹਾ ਹੀ ਘਟਨਾਕ੍ਰਮ ਵਾਪਰਿਆ ਅਤੇ ਉਸ ਦੇ ਖਾਤੇ ਵਿਚੋਂ 20 ਹਜ਼ਾਰ ਡਾਲਰ ਗਾਇਬ ਹੋ ਗਏ। ਪੇਰੇਜ਼ ਦਾ ਖਾਤਾ ਸਕੋਸ਼ੀਆ ਬੈਂਕ ਵਿਚ ਹੈ ਅਤੇ ਉਸ ਵੱਲੋਂ ਸ਼ਿਕਾਇਤ ਦਾਇਰ ਕੀਤੇ ਜਾਣ ਦੇ ਬਾਵਜੂਦ ਹੁਣ ਤੱਕ ਕੁਝ ਨਹੀਂ ਹੋਇਆ। ਉਧਰ ਟੀ.ਡੀ. ਦਾ ਕਹਿਣਾ ਹੈ ਕਿ ਬੈਂਕ ਵੱਲੋਂ ਕਦੇ ਵੀ ਸਿੱਧੇ ਤੌਰ 'ਤੇ ਕਾਲ ਕਰ ਕੇ ਨਿਜੀ ਜਾਣਕਾਰੀ ਨਹੀਂ ਮੰਗੀ ਜਾਂਦੀ ਅਤੇ ਨਾ ਹੀ ਕਾਰਡ ਇਸ ਤਰੀਕੇ ਨਾਲ ਤਬਦੀਲ ਕੀਤੇ ਜਾਂਦੇ ਹਨ। ਇਸੇ ਦੌਰਾਨ ਪੁਲਿਸ ਨੇ ਕਿਹਾ ਕਿ ਸਕੈਮਰਜ਼ ਦੀ ਪੈੜ ਨੱਪਣ ਦੇ ਯਤਨ ਕੀਤੇ ਜਾ ਰਹੇ ਹਨ।

# ਮਾਊਂਟੇਨਐਸ਼ ਸੀਨੀਅਰਜ਼ ਕਲੱਬ ਵੱਲੋਂ ਜੈਕ ਡਾਰਲਿੰਗ ਪਾਰਕ 'ਚ ਸੁਹਾਵਣਾ ਪਿਕਨਿਕ ਦਿਵਸ ਮਨਾਇਆ ਗਿਆ



ਮਿਸੀਸਾਗਾ : ਮਾਊਂਟੇਨਐਸ਼ ਸੀਨੀਅਰਜ਼ ਕਲੱਬ ਦੇ ਮੈਂਬਰਾਂ ਨੇ ਮਿਸੀਸਾਗਾ ਦੀ ਲੇਕਸ਼ੋਰ ਬੁਲਵਾਰਡ 'ਤੇ ਸਥਿਤ ਜੈਕ ਡਾਰਲਿੰਗ ਪਾਰਕ ਵਿੱਚ ਖੁਸ਼ੀਆਂ ਅਤੇ ਮਿਲਾਪ ਨਾਲ ਭਰਪੂਰ ਸੁਹਾਵਣੀ ਪਿਕਨਿਕ ਮਨਾਈ। ਧੁੱਪ, ਹਾਸੇ ਅਤੇ ਕਮੇਯੂਨਿਟੀਕ ਇਕੱਠ ਨਾਲ ਭਰਪੂਰ ਇਸ ਸੈਰ-ਸਪਾਟੇ ਨੇ ਸੀਨੀਅਰਜ਼ ਨੂੰ ਕੁਦਰਤ ਦੀ ਗੋਦ ਵਿੱਚ ਇਕ ਤਾਜ਼ਗੀ ਭਰਿਆ ਦਿਨ ਬਿਤਾਉਣ ਦਾ ਮੌਕਾ ਦਿੱਤਾ।

ਸਵੇਰੇ ਬਰੈਮਪਟਨ ਤੋਂ ਬੱਸ ਰਾਹੀਂ ਸਮੂਹ ਨੇ ਰਵਾਨਗੀ ਕੀਤੀ ਅਤੇ ਰਸਤੇ ਦੇ ਸੁਹਣੇ ਨਜ਼ਾਰੇ ਦੇਖਦੇ ਹੋਏ ਲਗਭਗ ਇਕ ਘੰਟੇ ਵਿੱਚ ਪਾਰਕ ਪਹੁੰਚ ਗਿਆ। ਪਹੁੰਚਣ ਉਪਰੰਤ, ਮੈਂਬਰਾਂ ਦਾ ਸੁਆਦਲੇ ਨਾਸ਼ਤੇ ਨਾਲ ਸਵਾਗਤ ਕੀਤਾ ਗਿਆ, ਜਿਸ ਨਾਲ ਖੁਸ਼ੀਆਂ ਅਤੇ ਮਿਲਾਪ ਨਾਲ ਭਰਪੂਰ ਦਿਨ ਦੀ ਸ਼ੁਰੂਆਤ ਹੋਈ। ਕਲੱਬ ਦੀ ਪ੍ਰਧਾਨ ਸ੍ਰੀ ਚਰਨਜੀਤ ਢਿੱਲੋਂ ਨੇ ਸਭ ਦਾ ਤਹਿ ਦਿਲੋਂ ਸਵਾਗਤ ਕੀਤਾ ਅਤੇ ਸਭ ਦੀ ਉਤਸ਼ਾਹਪੂਰਣ ਹਾਜ਼ਰੀ 'ਤੇ ਖੁਸ਼ੀ ਪ੍ਰਗਟਾਈ। "ਸਾਡੇ ਮੈਂਬਰਾਂ ਨੂੰ ਕੁਦਰਤ ਦਾ ਅਨੰਦ ਮਾਣਦੇ, ਆਪਣੀਆਂ ਕਹਾਣੀਆਂ ਸਾਂਝੀਆਂ ਕਰਦੇ ਅਤੇ ਸੁਹਣੀਆਂ ਯਾਦਾਂ ਬਣਾਉਂਦੇ ਦੇਖਣਾ ਦਿਲ ਨੂੰ ਛੂਹ ਜਾਂਦਾ ਹੈ," ਢਿੱਲੋਂ ਨੇ ਕਿਹਾ।

"ਇਹ ਪਿਕਨਿਕਾਂ ਸਿਰਫ ਸੈਰਾਂ ਨਹੀਂ, ਸਗੋਂ ਸਾਨੂੰ ਇਕ ਕਮੇਯੂਨਿਟੀ ਵਜੋਂ ਹੋਰ ਨੇੜੇ ਲਿਆਉਂਦੀਆਂ ਹਨ ਅਤੇ ਹਰ ਕਿਸੇ ਦੇ ਚਿਹਰੇ 'ਤੇ ਮੁਸਕਾਨ ਲਿਆਉਂਦੀਆਂ ਹਨ।" ਨਾਸ਼ਤੇ ਤੋਂ ਬਾਅਦ, ਮੈਂਬਰਾਂ ਨੇ ਪਾਰਕ ਦੇ ਵਾਕਿੰਗ ਟ੍ਰੇਲਾਂ 'ਤੇ ਟਹਿਲਿਆ, ਵਾਟਰਫਰੰਟ 'ਤੇ ਮੌਜ ਮਸਤੀਆਂ ਕੀਤੀਆਂ, ਗਿੱਧੇ 'ਚ ਭਾਗ ਲਿਆ, ਆਪਣੀਆਂ ਵਿਅਕਤੀਗਤ ਕਹਾਣੀਆਂ ਸਾਂਝੀਆਂ ਕੀਤੀਆਂ ਅਤੇ ਨੈੱਟਵਰਕਿੰਗ ਗੱਲਬਾਤਾਂ ਵਿੱਚ ਹਿੱਸਾ ਲਿਆ। ਪਾਰਕ ਦਾ ਮਾਹੌਲ ਸੰਗੀਤ, ਗੱਲਬਾਤਾਂ ਅਤੇ ਮਿਲਣ-ਜੁਲਣ ਦੀ ਰੂਹ ਨਾਲ ਗੂੰਜ ਰਿਹਾ ਸੀ। ਕਲੱਬ ਦੇ ਐਗਜ਼ਿਕਿਊਟਿਵ ਡਾਇਰੈਕਟਰ ਸੁਖਦਰਸ਼ਨ ਕੁਲਾਰ ਨੇ ਵੀ ਮੈਂਬਰਾਂ ਨਾਲ ਨੈੱਟਵਰਕਿੰਗ ਚਰਚਾਵਾਂ 'ਚ ਹਿੱਸਾ ਲਿਆ ਅਤੇ ਸੀਨੀਅਰਾਂ ਨੂੰ ਸਮਾਜਕ ਤੌਰ 'ਤੇ ਸਰਗਰਮ ਰਹਿਣ ਲਈ ਉਤਸ਼ਾਹਿਤ ਕੀਤਾ। "ਜੁੜੇ ਰਹਿਣਾ ਅਤੇ ਸਰਗਰਮ ਰਹਿਣਾ ਤੰਦਰੁਸਤ ਬੁੱਢਾਪੇ ਦੀ ਕੁੰਜੀ ਹੈ," ਕੁਲਾਰ ਨੇ ਕਿਹਾ। "ਇਸ ਤਰ੍ਹਾਂ ਦੇ ਪ੍ਰੋਗਰਾਮ ਮੈਂਬਰਾਂ ਨੂੰ ਇਕ-ਦੂਜੇ ਨਾਲ ਗੱਲਬਾਤ ਕਰਨ, ਅਨੁਭਵ ਸਾਂਝੇ ਕਰਨ ਅਤੇ ਸਮਰਥਨ ਮਹਿਸੂਸ ਕਰਨ ਦਾ ਮੌਕਾ ਦਿੰਦੇ ਹਨ।" ਪੂਰੇ ਦਿਨ ਦੌਰਾਨ ਗਰੁੱਪ ਤਸਵੀਰਾਂ ਅਤੇ ਵਿਅਕਤੀਗਤ ਫੋਟੋਆਂ ਵਿੱਚ ਖੁਸ਼ੀਆਂ ਭਰੇ ਪਲ ਕੈਦ ਕੀਤੇ ਗਏ-ਚਾਹੇ ਉਹ ਸੁਹਣੀਆਂ ਟ੍ਰੇਲਾਂ 'ਤੇ ਸੈਰਾਂ ਸਨ ਜਾਂ ਅਚਾਨਕ ਬਣੇ ਡਾਂਸ ਸਰਕਲ।

### ਭਾਗੀਦਾਰ ਗਿਆਨ ਪਾਲ ਨੇ ਇਸ ਪਿਕਨਿਕ ਬਾਰੇ ਆਪਣਾ ਅਨੁਭਵ ਸਾਂਝਾ ਕੀਤਾ:

"ਇਹ ਇਕ ਤਾਜ਼ਗੀ ਭਰਪੂਰ ਅਤੇ ਅਰਥਪੂਰਨ ਯਾਤਰਾ ਸੀ। ਸੀਨੀਅਰਾਂ ਲਈ ਇਸ ਤਰ੍ਹਾਂ ਦੇ ਮੌਕੇ ਬਹੁਤ ਜ਼ਰੂਰੀ ਹਨ — ਤਾਂ ਜੋ ਉਹ ਬਾਹਰ ਨਿਕਲ ਸਕਣ, ਦੋਸਤਾਂ ਨਾਲ ਜੁੜ ਸਕਣ ਅਤੇ ਜ਼ਿੰਦਗੀ ਦਾ ਪੂਰਾ ਅਨੰਦ ਮਾਣ ਸਕਣ।" ਪਿਕਨਿਕ ਦੇ ਅੰਤ ਵਿੱਚ, ਸ੍ਰੀ ਚਰਨਜੀਤ ਢਿੱਲੋਂ ਨੇ ਹਰ ਮੈਂਬਰ ਦਾ ਵਿਅਕਤੀਗਤ ਤੌਰ 'ਤੇ ਧੰਨਵਾਦ ਕੀਤਾ ਅਤੇ ਆਪਣੀ ਸਨੇਹੀ ਸੁਭਾਉ ਨਾਲ ਸਭ ਨੂੰ ਮੁਸਕਰਾਹਟਾਂ ਦੇ ਨਾਲ ਵਿਦਾ ਕੀਤਾ। ਉਨ੍ਹਾਂ ਨੇ ਆਸ ਜਤਾਈ ਕਿ ਸਾਰੇ ਮੈਂਬਰ ਅਗਲੀ ਕਲੱਬ ਮੀਟਿੰਗ ਜਾਂ ਸਮਾਗਮ ਵਿੱਚ ਦੁਬਾਰਾ ਮਿਲਣਗੇ, ਜਿਸ ਨਾਲ ਇਸ ਸੁਹਾਵਣੇ ਦਿਨ ਦੀਆਂ ਯਾਦਾਂ ਹੋਰ ਮਿੱਠੀਆਂ ਬਣ ਗਈਆਂ।

# ਬਠਿੰਡਾ-ਦਿੱਲੀ ਹਵਾਈ ਸੇਵਾ ਨੂੰ ਝਟਕਾ: ਏਅਰਲਾਈਨ ਕੰਪਨੀਆਂ ਨੇ ਉਡਾਣਾਂ ਸੀਮਤ ਕੀਤੀਆਂ

ਦੱਖਣੀ ਮਾਲਵਾ ਖੇਤਰ ਦੀ ਦਿੱਲੀ ਨਾਲ ਹਵਾਈ ਕਨੈਕਟੀਵਿਟੀ ਨੂੰ ਇੱਕ ਵੱਡਾ ਝਟਕਾ ਲੱਗਿਆ ਹੈ। ਬਠਿੰਡਾ ਸਿਵਲ ਹਵਾਈ ਅੱਡੇ ਤੋਂ ਦੋ ਕੰਪਨੀਆਂ ਵੱਲੋਂ ਚਲਾਈਆਂ ਜਾ ਰਹੀਆਂ ਸੇਵਾਵਾਂ ਵਿਚੋਂ ਇੱਕ ਨੇ ਆਪਣੀਆਂ ਉਡਾਣਾਂ ਪੂਰੀ ਤਰ੍ਹਾਂ ਬੰਦ ਕਰ ਦਿੱਤੀਆਂ ਹਨ, ਜਦਕਿ ਦੂਜੇ ਆਪਰੇਟਰ ਨੇ ਵੀ ਆਪਣੇ ਉਡਾਣ ਦਿਨ ਘਟਾ ਦਿੱਤੇ ਹਨ।

ਗੌਰਤਲਬ ਹੈ ਕਿ ਵਿਰਕ ਕਲਾਂ ਪਿੰਡ 'ਚ ਸਥਿਤ ਬਠਿੰਡਾ ਹਵਾਈ ਅੱਡਾ ਸਾਲ 2019 ਵਿੱਚ ਚਾਲੂ ਹੋਇਆ ਸੀ। ਕੋਵਿਡ ਦੌਰਾਨ ਕੁਝ ਸਮੇਂ ਲਈ ਸੇਵਾਵਾਂ ਰੁਕਣ ਤੋਂ ਬਾਅਦ, ਇਹ ਅੱਡਾ ਮੁੜ ਐਨ ਸੀ ਆਰ ਨਾਲ ਦੋ ਰੂਟਾਂ ਫਲਾਈ ਬਿੱਗ (ਬਠਿੰਡਾ-ਹਿੰਡਨ) ਅਤੇ ਅਲਾਇੰਸ ਏਅਰ (ਬਠਿੰਡਾ-ਦਿੱਲੀ) ਰਾਹੀਂ ਜੁੜਿਆ ਹੋਇਆ ਸੀ।

ਜਾਣਕਾਰੀ ਅਨੁਸਾਰ ਫਲਾਈ ਬਿੱਗ ਨੇ ਆਪਣੀਆਂ ਉਡਾਣਾਂ 27 ਸਤੰਬਰ ਤੋਂ ਪੂਰੀ ਤਰ੍ਹਾਂ ਬੰਦ ਕਰ ਦਿੱਤੀਆਂ ਹਨ। ਇਹ ਸੇਵਾ ਸਤੰਬਰ 2023 ਵਿੱਚ ਸ਼ੁਰੂ ਕੀਤੀ ਗਈ ਸੀ। ਇਸ ਦੌਰਾਨ ਹਰੇਕ ਉਡਾਣ ਵਿੱਚ ਕੇਵਲ 4 ਤੋਂ 6 ਯਾਤਰੀ ਸਫਰ ਕਰਦੇ ਸਨ। ਉਧਰ ਅਲਾਇੰਸ ਏਅਰ ਨੇ ਵੀ 19 ਸਤੰਬਰ ਤੋਂ ਆਪਣੀਆਂ ਹਫ਼ਤਾਵਰੀ ਉਡਾਣਾਂ ਅੱਧੀਆਂ ਕਰ ਦਿੱਤੀਆਂ ਹਨ। ਫਲਾਈ ਬਿੱਗ ਦੇ ਮੈਨੇਜਰ ਮਦਨ ਮੋਹਨ ਨੇ 'ਪੰਜਾਬੀ ਟ੍ਰਿਬਿਊਨ' ਨਾਲ ਗੱਲਬਾਤ ਦੌਰਾਨ ਦੱਸਿਆ ਕਿ ਉਡਾਣਾਂ ਨੂੰ ਅਸਥਾਈ ਤੌਰ 'ਤੇ "ਸਸਪੈਂਡ" ਕੀਤਾ ਗਿਆ ਹੈ ਅਤੇ ਨਵੰਬਰ ਮਹੀਨੇ ਵਿੱਚ ਸੇਵਾ ਮੁੜ ਸ਼ੁਰੂ ਕਰਨ ਦੀ ਯੋਜਨਾ ਹੈ। ਉਨ੍ਹਾਂ ਕਿਹਾ ਕਿ ਕੁਝ ਜਹਾਜ਼ ਇਸ ਵੇਲੇ ਮੁਰੰਮਤ ਅਧੀਨ ਹਨ।

ਇਸ ਸਬੰਧੀ ਬਠਿੰਡਾ ਹਵਾਈ ਅੱਡੇ ਦੇ ਡਾਇਰੈਕਟਰ ਸਾਵਰ ਮੱਲ ਸਿੰਗਾਰੀਆ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਉਨ੍ਹਾਂ ਨਾਲ ਗੱਲਬਾਤ ਨਹੀਂ ਹੋ ਸਕੀ। ਦੂਜੇ ਪਾਸੇ, ਸਾਬਕਾ ਕੇਂਦਰੀ ਮੰਤਰੀ ਅਤੇ ਬਠਿੰਡਾ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਕੇਂਦਰ ਸਰਕਾਰ ਤੋਂ ਮਾਲਵਾ ਖੇਤਰ ਦੇ ਇੱਕੋ ਹਵਾਈ ਅੱਡੇ ਲਈ ਵਧੀਆ ਹਵਾਈ ਕਨੈਕਟੀਵਿਟੀ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਹਵਾਈ ਅੱਡੇ ਰਾਹੀਂ ਬਠਿੰਡਾ, ਬਰਨਾਲਾ, ਮਾਨਸਾ ਅਤੇ ਫਾਜ਼ਿਲਕਾ ਜ਼ਿਲ੍ਹਿਆਂ ਦੇ ਹਜ਼ਾਰਾਂ ਯਾਤਰੀਆਂ ਨੂੰ ਸਹੂਲਤ ਮਿਲਦੀ ਹੈ। ਸੇਵਾਵਾਂ ਰੁਕਣ ਨਾਲ ਖੇਤਰ ਦੀ ਆਵਾਜਾਈ ਅਤੇ ਆਰਥਿਕ ਗਤੀਵਿਧੀਆਂ 'ਤੇ ਨਕਾਰਾਤਮਕ ਅਸਰ ਪੈ ਸਕਦਾ ਹੈ।






# 'ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਕਰੋ ਸੀਮਤ', ਟਰੰਪ ਨੇ ਚੋਟੀ ਦੀਆਂ ਯੂਨੀਵਰਸਿਟੀਆਂ ਮੂਹਰੇ ਰੱਖੀਆਂ ਸ਼ਰਤਾਂ



ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਮਰੀਕੀ ਯੂਨੀਵਰਸਿਟੀ ਨੀਤੀਆਂ 'ਚ ਬਦਲਾਅ ਦੀ ਮੰਗ ਕਰਦੇ ਹੋਏ 10-ਨੁਕਾਤੀ ਮੀਮੋ ਜਾਰੀ ਕੀਤਾ ਹੈ। ਇਸ ਵਿਚ ਸਪੱਸ਼ਟ ਤੌਰ 'ਤੇ ਕਿਹਾ ਗਿਆ ਹੈ ਕਿ ਜੇਕਰ ਯੂਨੀਵਰਸਿਟੀਆਂ ਸਰਕਾਰੀ ਫ਼ੰਡਿੰਗ ਚਾਹੁੰਦੀਆਂ ਹਨ ਤਾਂ ਉਨ੍ਹਾਂ ਨੂੰ ਸਰਕਾਰੀ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਮੀਮੋ ਵਿਦੇਸ਼ੀ ਵਿਦਿਆਰਥੀਆਂ ਦੇ ਦਾਖ਼ਲੇ, ਦਾਖ਼ਲਾ ਪ੍ਰਕਿਰਿਆਵਾਂ, ਟਿਊਸ਼ਨ ਫ਼ੀਸਾਂ ਅਤੇ ਵਿਚਾਰਧਾਰਾ ਨੂੰ ਨਿਸ਼ਾਨਾ ਬਣਾਉਂਦਾ ਹੈ।

ਇਸ ਨਵੇਂ ਮੀਮੋ ਵਿਚ ਕੁੱਲ ਨੌਂ ਯੂਨੀਵਰਸਿਟੀਆਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਇਨ੍ਹਾਂ ਯੂਨੀਵਰਸਿਟੀਆਂ ਵਿਚ ਮੈਸੇਚਿਉਸੇਟਸ ਇੰਸਟੀਚਿਊਟ ਆਫ਼ ਟੈਕਨਾਲੋਜੀ, ਡਾਰਟਮਾਊਥ, ਯੂਨੀਵਰਸਿਟੀ ਆਫ਼ ਪੈਨਸਿਲਵੇਨੀਆ, ਯੂਨੀਵਰਸਿਟੀ ਆਫ਼ ਸਾਊਦਰਨ ਕੈਲੀਫੋਰਨੀਆ, ਯੂਨੀਵਰਸਿਟੀ ਆਫ਼ ਟੈਕਸਾਸ, ਬ੍ਰਾਊਨ ਯੂਨੀਵਰਸਿਟੀ, ਵੈਂਡਰਬਿਲਟ ਯੂਨੀਵਰਸਿਟੀ, ਯੂਨੀਵਰਸਿਟੀ ਆਫ਼ ਐਰੀਜ਼ੋਨਾ ਅਤੇ ਯੂਨੀਵਰਸਿਟੀ ਆਫ਼ ਵਰਜੀਨੀਆ ਸ਼ਾਮਲ ਹਨ। ਸਰਕਾਰ ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਜੇਕਰ ਕੋਈ ਯੂਨੀਵਰਸਿਟੀ ਨਿਯਮਾਂ ਦੀ ਪਾਲਣਾ ਨਹੀਂ ਕਰਦੀ ਹੈ ਤਾਂ ਉਸ ਨੂੰ ਸਰਕਾਰੀ ਫ਼ੰਡਿੰਗ ਅਤੇ ਗ੍ਰਾਂਟਾਂ ਨਹੀਂ ਮਿਲਣਗੀਆਂ। ਇਸ ਦੀ ਨਿਗਰਾਨੀ ਅਮਰੀਕੀ ਨਿਆਂ ਵਿਭਾਗ ਦੁਆਰਾ ਵੀ ਕੀਤੀ ਜਾਵੇਗੀ। ਉੱਪਰ ਦੱਸੀਆਂ ਗਈਆਂ ਯੂਨੀਵਰਸਿਟੀਆਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਅੰਡਰਗ੍ਰੈਜੂਏਟ ਕੋਰਸਾਂ ਦੀ ਪੜ੍ਹਾਈ ਕਰਨ ਵਾਲੇ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ 15 ਫ਼ੀ ਸਦੀ ਤੋਂ ਵੱਧ ਨਾ ਹੋਵੇ।

ਇਸਦਾ ਉਦੇਸ਼ ਵਿਦੇਸ਼ੀ ਵਿਦਿਆਰਥੀਆਂ 'ਤੇ ਨਿਰਭਰਤਾ ਘਟਾਉਣਾ ਹੈ, ਜੋ ਉੱਚ ਟਿਊਸ਼ਨ ਫ਼ੀਸਾਂ ਵੀ ਦਿੰਦੇ ਹਨ। ਆਲੋਚਕਾਂ ਦਾ ਕਹਿਣਾ ਹੈ ਕਿ ਇਸ ਨਾਲ ਅਕਾਦਮਿਕ ਵਿਭਿੰਨਤਾ 'ਤੇ ਅਸਰ ਪਵੇਗਾ। ਮੀਮੋ ਵਿਚ ਕਿਹਾ ਗਿਆ ਹੈ ਕਿ ਕਿਸੇ ਵੀ ਇਕ ਦੇਸ਼ ਦੇ ਵਿਦਿਆਰਥੀਆਂ ਨੂੰ ਕਿਸੇ ਵੀ ਇਕ ਯੂਨੀਵਰਸਿਟੀ ਵਿਚ 5 ਫ਼ੀ ਸਦੀ ਤੋਂ ਵੱਧ ਨਹੀਂ ਹੋਣਾ ਚਾਹੀਦਾ। ਇਸ ਦਾ ਉਦੇਸ਼ ਯੂਨੀਵਰਸਿਟੀ ਦੇ ਅੰਦਰ ਵਿਭਿੰਨਤਾ ਵਧਾਉਣਾ ਅਤੇ ਕਿਸੇ ਵੀ ਇਕ ਦੇਸ਼ 'ਤੇ ਨਿਰਭਰਤਾ ਘਟਾਉਣਾ ਹੈ।

# ਅਲਵਿਦਾ ਰਾਜਵੀਰ! ਪੰਜ ਤੱਤਾਂ 'ਚ ਵਿਲੀਨ ਹੋਇਆ ਪੰਜਾਬ ਦਾ ਸੁਰੀਲਾ ਗੱਭਰੂ





ਅਲਵਿਦਾ 'ਰਾਜਵੀਰ'। ਗਾਇਕੀ ਦੇ ਰਾਜ ਦਾ ਅੰਤ ਹੋ ਗਿਆ ਤੇ ਸੁਰਾਂ ਦਾ ਚਿਰਾਗ ਹਮੇਸ਼ਾ ਲਈ ਬੁਝ ਗਿਆ। ਪੰਜਾਬ ਦਾ ਸੋਹਣਾ ਗੱਭਰੂ ਰਾਜਵੀਰ ਜਵੰਦਾ ਪੰਜ ਤੱਤਾਂ ਵਿਚ ਵਿਲੀਨ ਹੋ ਗਿਆ। ਇਸ ਮੌਕੇ ਮਾਂ, ਪਤਨੀ ਸਣੇ ਉਥੇ ਮੌਜੂਦ ਹਰ ਇਕ ਬੰਦੇ ਦੇ ਹੰਝੂ ਰੁਕਣ ਦਾ ਨਾਂ ਨਹੀਂ ਲੈ ਰਹੇ ਸੀ। ਹਰ ਕਿਸੇ ਦੀ ਅੱਖ ਨਮ ਸੀ। ਰਾਜਵੀਰ ਜਵੰਦਾ ਦੇ ਜਾਣ ਨਾਲ ਪੰਜਾਬੀ ਸੰਗੀਤ ਜਗਤ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੀ ਜਵੰਦਾ ਦੇ ਪਰਿਵਾਰ ਨਾਲ ਦੁੱਖ ਵੰਡਾਉਣ ਪਹੁੰਚੇ ਸਨ। ਅੰਤਿਮ ਰਸਮਾਂ ਵਿਚ ਵੀ ਉਨ੍ਹਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬੀ ਮਾਂ ਬੋਲੀ ਦੇ ਮਾਣਮੱਤੇ ਕਲਾਕਾਰ ਰਾਜਵੀਰ ਜਵੰਦਾ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸੀ ਜੋ ਘਾਟਾ ਪਰਿਵਾਰ ਤੇ ਸੰਗੀਤ ਜਗਤ ਲਈ ਨਾ ਪੂਰਾ ਹੋਣ ਵਾਲਾ ਹੈ। ਅੱਜ ਰਾਜਵੀਰ ਜਵੰਦਾ ਦੇ ਜੱਦੀ ਪਿੰਡ ਪੋਨਾ (ਜਗਰਾਓਂ) ਵਿਖੇ ਅੰਤਿਮ ਸਸਕਾਰ ਵਿਚ ਸ਼ਾਮਲ ਹੋ ਕੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਵਿਛੜੀ ਰੂਹ ਨੂੰ ਵਾਹਿਗੁਰੂ ਆਪਣੇ ਚਰਨਾਂ ਵਿਚ ਨਿਵਾਸ ਦੇਣ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ। ਰਾਜਵੀਰ ਜਵੰਦਾ ਦਾ ਪੰਜਾਬ ਤੇ ਪੰਜਾਬੀਆਂ ਲਈ ਪਾਇਆ ਅਣਮੁੱਲਾ ਯੋਗਦਾਨ ਹਮੇਸ਼ਾ ਅਭੁੱਲ ਰਹੇਗਾ।

ਸਸਕਾਰ ਤੋਂ ਪਹਿਲਾਂ ਰਾਜਵੀਰ ਦੀ ਆਖਰੀ ਤਸਵੀਰ ਵੀ ਸਾਹਮਣੇ ਆਈ ਸੀ ਜਿਸ ਵਿਚ ਉਨ੍ਹਾਂ ਨੇ ਪੱਗ ਨਾਲ ਮੈਚਿੰਗ ਟਾਈਪ ਬੰਨ੍ਹੀ ਹੋਈ ਹੈ। ਰਾਜਵੀਰ ਜਵੰਦਾ ਨੇ ਭਰੀ ਜਵਾਨੀ 'ਚ ਦੁਨੀਆ ਨੂੰ ਅਲਵਿਦਾ ਆਖ ਦਿੱਤਾ। ਵੱਡੀ ਗਿਣਤੀ ਵਿਚ ਸਾਥੀ ਕਲਾਕਾਰ ਤੇ ਮਿੱਤਰ, ਸਬੰਧੀ ਉਨ੍ਹਾਂ ਦੇ ਅੰਤਿਮ ਦਰਸ਼ਨਾਂ ਲਈ ਪਹੁੰਚੇ। ਰਾਜਵੀਰ ਜਵੰਦਾ ਦਾ ਅੰਤਿਮ ਸਸਕਾਰ ਉਨ੍ਹਾਂ ਦੇ ਜੱਦੀ ਪਿੰਡ ਪੋਨਾ ਦੇ ਹੀ ਸਰਕਾਰੀ ਸਕੂਲ ਦੀ ਗਰਾਊਂਡ ਵਿਚ ਕੀਤਾ ਗਿਆ। ਇਥੇ ਹੀ ਉਨ੍ਹਾਂ ਦੀ ਯਾਦਗਾਰ ਵੀ ਬਣਾਈ ਜਾ ਸਕਦੀ ਹੈ। ਇਥੇ ਹੀ ਉਨ੍ਹਾਂ ਨੇ ਪਹਿਲੀ ਵਾਰ ਗਾਇਆ ਵੀ ਸੀ।

# 8 ਅਕਤੂਬਰ 2025 ਨੂੰ ਓਨਟਾਰੀਓ ਖਾਲਸਾ ਦਰਬਾਰ ਵਿਖੇ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਗਿਆ





ਕੈਨੇਡਾ ਦੇ ਪ੍ਰਸਿੱਧ ਧਾਰਮਿਕ ਅਸਥਾਨ ਗੁਰਦੁਆਰਾ ਓਨਟਾਰੀਓ ਖਾਲਸਾ ਦਰਬਾਰ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਮਨਾਉਂਦਿਆਂ ਸਾਰਾ ਦਿਨ ਗੁਰਮਤਿ ਸਮਾਗਮ ਕਰਵਾਏ ਗਏ ਜਿਸ ਵਿੱਚ ਸਿੱਖ ਪੰਥ ਦੇ ਪ੍ਰਸਿੱਧ ਕਥਾਵਾਚਕ, ਢਾਡੀ ਅਤੇ ਰਾਗੀ ਜੱਥਿਆ ਵੱਲੋਂ ਹਾਜ਼ਰੀ ਭਰੀ ਗਈ । ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਭੁਪਿੰਦਰ ਸਿੰਘ ਅਤੇ ਦੂਜੇ ਗ੍ਰੰਥੀ ਸਿੰਘਾਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ। ਇਨ੍ਹਾ ਸਮਾਗਮਾਂ ਵਿਚ ਹਾਜ਼ਰ ਸੰਗਤਾਂ ਨੂੰ ਸੰਬੋਧਨ ਕਰਦਿਆਂ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਭਾਈ ਪਰਮਜੀਤ ਗਿੱਲ ਜੀ ਨੇ ਪ੍ਰਕਾਸ਼ ਦਿਵਸ ਦੀਆਂ ਮੁਬਾਰਕਾਂ ਪੇਸ਼ ਕੀਤੀਆਂ ਅਤੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨਾਲ ਜੁੜਨ ਦਾ ਸੱਦਾ ਦਿੱਤਾ । ਇਸ ਮੌਕੇ ਹਾਜ਼ਰ ਸੰਗਤਾਂ ਨੂੰ ਗੁਰੂ ਘਰ ਦੇ ਹਜ਼ੂਰੀ ਰਾਗੀ ਅਤੇ ਬਹੁਤ ਹੀ ਸੁਰੀਲੇ ਕੀਰਤਨਕਾਰ ਭਾਈ ਇੰਦਰਜੀਤ ਸਿੰਘ ਜੀ ਅਤੇ ਭਾਈ ਅਕਾਸ਼ਦੀਪ ਸਿੰਘ ਜੀ ਦੇ ਜਥੇ ਨੇ ਗੁਰਬਾਣੀ ਕੀਰਤਨ ਅਤੇ ਪ੍ਰਿੰਸੀਪਲ ਗਿਆਨੀ ਗੁਰਬਚਨ ਸਿੰਘ ਜੀ ਵੱਲੋਂ ਕਥਾ ਵਿਚਾਰਾਂ ਅਤੇ ਗਿਆਨੀ ਅਮਨਦੀਪ ਸਿੰਘ ਭੁੱਲਾਰਾਈ ਜੀ ਦੇ ਢਾਡੀ ਜਥੇ ਵੱਲੋਂ ਢਾਡੀ ਵਾਰਾਂ ਸਰਵਣ ਕਰਵਾਈਆਂ ਗਈਆਂ ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤਾਂ ਨੂੰ ਗੁਰਪੁਰਬ ਦੀਆਂ ਲੱਖ ਲੱਖ ਮੁਬਾਰਕਾਂ ।

# ਅਮਰੀਕਾ ਨੇ ਇੱਕ ਮਹੀਨੇ ਵਿੱਚ ਪੰਜਵੀਂ ਵਾਰ ਵੈਨੇਜ਼ੁਏਲਾ ਦੀ ਕਿਸ਼ਤੀ ਨੂੰ ਬਣਾਇਆ ਨਿਸ਼ਾਨਾ



ਅਮਰੀਕੀ ਫੌਜ ਨੇ ਵੈਨੇਜ਼ੁਏਲਾ ਦੇ ਤੱਟ ਤੋਂ ਇੱਕ ਹੋਰ ਵੈਨੇਜ਼ੁਏਲਾ ਕਿਸ਼ਤੀ ਨੂੰ ਨਿਸ਼ਾਨਾ ਬਣਾਇਆ ਹੈ। ਅਮਰੀਕਾ ਅਤੇ ਵੈਨੇਜ਼ੁਏਲਾ ਵਿਚਕਾਰ ਤਣਾਅ ਪਹਿਲਾਂ ਹੀ ਹੈ, ਅਤੇ ਤਾਜ਼ਾ ਹਮਲੇ ਨੇ ਉਨ੍ਹਾਂ ਤਣਾਅ ਨੂੰ ਹੋਰ ਵਧਾ ਦਿੱਤਾ ਹੈ। ਇਹ ਇੱਕ ਮਹੀਨੇ ਵਿੱਚ ਵੈਨੇਜ਼ੁਏਲਾ ਦੀਆਂ ਕਿਸ਼ਤੀਆਂ ਨੂੰ ਨਿਸ਼ਾਨਾ ਬਣਾ ਕੇ ਕੀਤਾ ਗਿਆ ਪੰਜਵਾਂ ਅਮਰੀਕੀ ਹਮਲਾ ਹੈ, ਜਿਨ੍ਹਾਂ ਬਾਰੇ ਅਮਰੀਕਾ ਦਾ ਦਾਅਵਾ ਹੈ ਕਿ ਇਹ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿੱਚ ਸ਼ਾਮਿਲ ਸਨ। ਨਾਰਫੋਕ ਨੇਵਲ ਸਟੇਸ਼ਨ 'ਤੇ ਮੀਡੀਆ ਨਾਲ ਗੱਲ ਕਰਦੇ ਹੋਏ, ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਸ਼ਨੀਵਾਰ ਨੂੰ ਵੈਨੇਜ਼ੁਏਲਾ ਦੀ ਇੱਕ ਹੋਰ ਕਿਸ਼ਤੀ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਟਰੰਪ ਨੇ ਕਿਹਾ, "ਹਾਲ ਹੀ ਦੇ ਹਫ਼ਤਿਆਂ ਵਿੱਚ, ਜਲ ਸੈਨਾ ਨੇ ਨਸ਼ੀਲੇ ਪਦਾਰਥਾਂ ਦੇ ਤਸਕਰਾਂ ਅਤੇ ਅੱਤਵਾਦੀਆਂ ਵਿਰੁੱਧ ਸਾਡੀ ਮੁਹਿੰਮ ਵਿੱਚ ਸਹਾਇਤਾ ਕੀਤੀ ਹੈ, ਅਤੇ ਕੱਲ੍ਹ ਰਾਤ ਇੱਕ ਕਿਸ਼ਤੀ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਉਸ ਤੋਂ ਬਾਅਦ, ਸਾਨੂੰ ਸਮੁੰਦਰ ਵਿੱਚ ਉਨ੍ਹਾਂ ਦੀ ਕੋਈ ਵੀ ਕਿਸ਼ਤੀ ਨਹੀਂ ਦਿਖਾਈ ਦਿੰਦੀ।" ਇਹ ਧਿਆਨ ਦੇਣ ਯੋਗ ਹੈ ਕਿ ਅਮਰੀਕਾ ਨੇ ਸ਼ੁੱਕਰਵਾਰ ਨੂੰ ਵੀ ਵੈਨੇਜ਼ੁਏਲਾ ਦੀ ਇੱਕ ਕਿਸ਼ਤੀ ਨੂੰ ਨਿਸ਼ਾਨਾ ਬਣਾਇਆ ਸੀ, ਜਿਸ ਵਿੱਚ ਚਾਰ ਲੋਕ ਮਾਰੇ ਗਏ ਸਨ। ਰਾਸ਼ਟਰਪਤੀ ਟਰੰਪ ਨੇ ਹੁਣ ਸ਼ਨੀਵਾਰ ਨੂੰ ਹੋਏ ਹਮਲੇ ਦੀ ਗੱਲ ਕੀਤੀ ਹੈ। ਅਜਿਹੀ ਸਥਿਤੀ ਵਿੱਚ, ਇਹ ਸਪੱਸ਼ਟ ਨਹੀਂ ਸੀ ਕਿ ਅਮਰੀਕਾ ਨੇ ਸ਼ਨੀਵਾਰ ਨੂੰ ਕੋਈ ਨਵਾਂ ਹਮਲਾ ਕੀਤਾ ਜਾਂ ਰਾਸ਼ਟਰਪਤੀ ਟਰੰਪ ਸ਼ੁੱਕਰਵਾਰ ਦੇ ਹਮਲੇ ਦਾ ਹਵਾਲਾ ਦੇ ਰਹੇ ਸਨ ਅਤੇ ਗਲਤੀ ਨਾਲ ਸ਼ਨੀਵਾਰ ਕਹਿ ਦਿੱਤਾ।

ਅਮਰੀਕਾ ਦਾ ਦਾਅਵਾ ਹੈ ਕਿ ਉਹ ਵੈਨੇਜ਼ੁਏਲਾ ਦੇ ਨਸ਼ਾ ਤਸਕਰਾਂ ਨਾਲ ਸਬੰਧਿਤ ਕਿਸ਼ਤੀਆਂ ਨੂੰ ਨਿਸ਼ਾਨਾ ਬਣਾ ਰਿਹਾ ਹੈ, ਹਾਲਾਂਕਿ ਇਸਨੇ ਅਜੇ ਤੱਕ ਆਪਣੇ ਦਾਅਵੇ ਦੇ ਸਮਰਥਨ ਵਿੱਚ ਕੋਈ ਸਬੂਤ ਨਹੀਂ ਦਿੱਤਾ ਹੈ। ਇਸ ਦੌਰਾਨ, ਰੂਸ ਨੇ ਅੰਤਰਰਾਸ਼ਟਰੀ ਪਾਣੀਆਂ ਵਿੱਚ ਵੈਨੇਜ਼ੁਏਲਾ ਦੀਆਂ ਕਿਸ਼ਤੀਆਂ 'ਤੇ ਅਮਰੀਕੀ ਹਮਲਿਆਂ ਦੀ ਨਿੰਦਾ ਕੀਤੀ ਹੈ, ਅਤੇ ਚੇਤਾਵਨੀ ਦਿੱਤੀ ਹੈ ਕਿ ਅਮਰੀਕੀ ਹਮਲੇ ਕੈਰੇਬੀਅਨ ਵਿੱਚ ਤਣਾਅ ਵਧਾ ਸਕਦੇ ਹਨ। ਰੂਸੀ ਵਿਦੇਸ਼ ਮੰਤਰੀ ਨੇ ਐਤਵਾਰ ਨੂੰ ਵੈਨੇਜ਼ੁਏਲਾ ਦੇ ਵਿਦੇਸ਼ ਮੰਤਰੀ ਨਾਲ ਟੈਲੀਫੋਨ 'ਤੇ ਗੱਲ ਕੀਤੀ ਅਤੇ ਅਮਰੀਕੀ ਹਮਲਿਆਂ ਦੀ ਨਿੰਦਾ ਕੀਤੀ। ਰੂਸ ਨੇ ਮੌਜੂਦਾ ਸਥਿਤੀ ਵਿੱਚ ਵੈਨੇਜ਼ੁਏਲਾ ਦੀ ਲੀਡਰਸ਼ਿਪ ਅਤੇ ਲੋਕਾਂ ਨੂੰ ਆਪਣਾ ਪੂਰਾ ਸਮਰਥਨ ਪ੍ਰਗਟ ਕੀਤਾ।

# ਅਮਰੀਕਾ 'ਚ ਮੁੜ ਭਾਰਤੀ ਦਾ ਕਤਲ: ਬੰਦੂਕਧਾਰੀ ਨੇ ਹੋਟਲ ਮੈਨੇਜਰ ਦੇ ਸਿਰ 'ਤੇ ਮਾਰੀ ਗੋਲੀ




ਅਮਰੀਕਾ ਵਿੱਚ ਮੁੜ ਇੱਕ ਭਾਰਤੀ ਮੂਲ ਦੇ ਨਾਗਰਿਕ ਦਾ ਕਤਲ ਕਰ ਦਿੱਤਾ ਗਿਆ ਹੈ। ਪੈਨਸਿਲਵੇਨੀਆ ਦੇ ਪਿੱਟਸਬਰਗ ਸ਼ਹਿਰ ਵਿੱਚ ਇੱਕ ਭਾਰਤੀ ਮੂਲ ਦੇ ਮੋਟਲ ਮੈਨੇਜਰ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਹੈ। ਮ੍ਰਿਤਕ ਦੀ ਪਛਾਣ 50 ਸਾਲ ਦੇ ਰਾਕੇਸ਼ ਏਹਾਗਬਾਨ ਵਜੋਂ ਹੋਈ ਹੈ, ਜਦੋਂ ਉਹ ਰੌਬਿਨਸਨ ਟਾਊਨਸ਼ਿਪ ਦੇ ਇੱਕ ਮੋਟਲ ਦੀ ਪਾਰਕਿੰਗ ਵਿੱਚ ਚੱਲ ਰਹੇ ਇੱਕ ਵਿਵਾਦ ਨੂੰ ਵੇਖਣ ਲਈ ਬਾਹਰ ਨਿੱਕਲੇ ਸਨ, ਤਾਂ ਵੇ ਬੰਦੂਕਧਾਰੀ ਨੇ ਨੇੜ੍ਹੇ ਤੋਂ ਉਸ ਦੇ ਸਿਰ ਵਿੱਚ ਗੋਲੀ ਮਾਰ ਦਿੱਤੀ।

ਦੋਸ਼ੀ ਦੀ ਪਛਾਣ 37 ਸਾਲਾਂ ਦੇ ਸਟੈਨਲੀ ਯੂਜੀਨ ਵੈਸਟ ਵਜੋਂ ਹੋਈ ਹੈ। ਉਸ ਵਿਰੁੱਧ ਅਪਰਾਧਿਕ ਕਤਲ, ਕਤਲ ਦੀ ਕੋਸ਼ਿਸ਼ ਅਤੇ ਲਾਪਰਵਾਹੀ ਨਾਲ ਕਿਸੇ ਹੋਰ ਵਿਅਕਤੀ ਨੂੰ ਖ਼ਤਰੇ ਵਿੱਚ ਪਾਉਣ ਦੇ ਦੋਸ਼ ਲਗਾਏ ਗਏ ਹਨ। ਸਥਾਨਕ ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

**4 ਫੁੱਟ ਦੀ ਦੂਰੀ ਤੋਂ ਮਾਰੀ ਗੋਲੀ**

ਪੁਲਿਸ ਨੇ ਕਿਹਾ ਕਿ ਵੈਸਟ ਨੇ ਏਹਾਗਬਾਨ ਤੇ ਗੋਲੀ ਚਲਾਈ ਜਦੋਂ ਉਸ ਨੇ ਬੰਦੂਕਧਾਰੀ ਤੋਂ ਪੁੱਛਿਆ, 'ਤੁਸੀਂ ਠੀਕ ਹੋ? ਦੋਸਤ'। ਅਧਿਕਾਰੀਆਂ ਨੇ ਇਹ ਵੀ ਦੱਸਿਆ ਕਿ ਨਿਗਰਾਨੀ ਵੀਡੀਓ ਵਿੱਚ ਵੈਸਟ ਨੂੰ ਭਾਰਤੀ ਮੂਲ ਦੇ ਨਾਗਰਿਕ ਵੱਲ ਵਧਦੇ ਹੋਏ ਵਿਖਾਇਆ ਗਿਆ ਹੈ। ਜਿਵੇਂ ਹੀ ਉਹ ਏਹਾਗਬਾਨ ਤੋਂ ਇੱਕ ਫੁੱਟ ਦੀ ਦੂਰੀ ਤੇ ਪਹੁੰਚਿਆ, ਉਸ ਨੇ ਆਪਣੀ ਬੰਦੂਕ ਚੁੱਕੀ ਅਤੇ ਉਸ ਦੇ ਸਿਰ ਵਿੱਚ ਗੋਲੀ ਮਾਰ ਦਿੱਤੀ।

ਇਸ ਦੌਰਾਨ, ਸ਼ੁੱਕਰਵਾਰ ਨੂੰ ਪੁਲਿਸ ਨਾਲ ਝੜਪ ਵਿੱਚ ਹਮਲਾਵਰ ਵੈਸਟ ਨੂੰ ਵੀ ਜ਼ਖ਼ਮੀ ਹੋਣ ਦੀ ਖ਼ਬਰ ਹੈ। ਅਧਿਕਾਰੀਆਂ ਨੇ ਦੱਸਿਆ ਕਿ ਜਿਵੇਂ ਹੀ ਪੁਲਿਸ ਨੇ ਉਸ ਦੀ ਗੱਡੀ ਦਾ ਪਿੱਛਾ ਕੀਤਾ ਅਤੇ ਨੇੜ੍ਹੇ ਪਹੁੰਚੀ, ਸ਼ੱਕੀ ਨੇ ਗੋਲੀ ਚਲਾ ਦਿੱਤੀ ਜੋ ਪਿੱਟਸਬਰਗ ਦੇ ਇੱਕ ਜਾਸੂਸ ਦੇ ਪੈਰ ਵਿੱਚ ਲੱਗ ਗਈ। ਪੁਲਿਸ ਨੇ ਕਿਹਾ ਕਿ ਇਸ ਤੋਂ ਬਾਅਦ ਅਧਿਕਾਰੀਆਂ ਨੇ ਵੀ ਜਵਾਬੀ ਗੋਲੀਬਾਰੀ ਕੀਤੀ, ਜਿਸ ਵਿੱਚ ਕਤਲ ਦੇ ਦੋਸ਼ੀ ਨੂੰ ਕਈ ਗੋਲੀਆਂ ਲੱਗੀਆਂ।

**ਮੋਟਲ ਦੇ ਬਾਹਰ ਹੋ ਰਿਹਾ ਸੀ ਵਿਵਾਦ**

ਦੱਸਣਯੋਗ ਹੈ ਕਿ ਵੈਸਟ ਨੇ ਜਦੋਂ ਮੋਟਲ ਦੇ ਬਾਹਰ ਕਿਸੇ ਵਿਵਾਦ ਤੋਂ ਬਾਅਦ ਆਪਣੀ ਇੱਕ ਔਰਤ ਸਾਥੀ ਨੂੰ ਗੋਲੀ ਮਾਰ ਦਿੱਤੀ ਸੀ, ਤਾਂ ਏਹਾਗਬਾਨ ਹਾਲਾਤ ਵੇਖਣ ਲਈ ਬਾਹਰ ਆਇਆ ਸੀ। ਪੁਲਿਸ ਅਧਿਕਾਰੀ ਕ੍ਰਿਸਟੋਫਰ ਕੀਰਨਜ਼ ਨੇ ਦੱਸਿਆ ਕਿ ਜਦੋਂ ਮੋਟਲ ਮੈਨੇਜਰ ਉੱਥੇ ਪਹੁੰਚਿਆ, ਤਾਂ ਸ਼ੱਕੀ ਨੇ ਉਸ ਦੇ ਸਿਰ ਵਿੱਚ ਗੋਲੀ ਮਾਰ ਕੇ ਉਸ ਦਾ ਕਤਲ ਕਰ ਦਿੱਤਾ। ਔਰਤ ਨੂੰ ਹਸਪਤਾਲ ਲਿਜਾਇਆ ਗਿਆ। ਉਸ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ।

# ਇਟਲੀ 'ਚ ਭਿਆਨਕ ਸੜਕ ਹਾਦਸਾ

## ਕਾਰ ਅਤੇ ਟਰੱਕ ਦੀ ਟੱਕਰ, 4 ਭਾਰਤੀਆਂ ਦੀ ਮੌਤ




ਰੋਮ ਸਥਿਤ ਭਾਰਤੀ ਦੂਤਾਵਾਸ ਨੇ ਸੋਮਵਾਰ ਨੂੰ ਦੱਸਿਆ ਕਿ ਦੱਖਣੀ ਇਟਲੀ ਦੇ ਸ਼ਹਿਰ ਮਤੇਰਾ ਵਿੱਚ ਇੱਕ ਸੜਕ ਹਾਦਸੇ ਵਿੱਚ ਚਾਰ ਭਾਰਤੀ ਨਾਗਰਿਕਾਂ ਦੀ ਮੌਤ ਹੋ ਗਈ ਹੈ। ਰਿਪੋਰਟ ਅਨੁਸਾਰ ਇਹ ਹਾਦਸਾ ਉਦੋਂ ਵਾਪਰਿਆ ਜਦੋਂ ਕਾਰ ਐਗਰੀ ਵੈਲੀ ਦੇ ਮਤੇਰਾ ਸ਼ਹਿਰ ਦੇ ਸਕੈਨਜ਼ਾਨੋ ਜੋਨੀਕੋ ਨਗਰਪਾਲਿਕਾ ਵਿੱਚ ਇੱਕ ਟਰੱਕ ਨਾਲ ਟਕਰਾ ਗਈ ਸੀ।

ਰਿਪੋਰਟ ਦੇ ਅਨੁਸਾਰ, ਮ੍ਰਿਤਕਾਂ ਦੀ ਪਛਾਣ ਮਨੋਜ ਕੁਮਾਰ (34), ਸੁਰਜੀਤ ਸਿੰਘ (33), ਹਰਵਿੰਦਰ ਸਿੰਘ (31) ਅਤੇ ਜਸਕਰਨ ਸਿੰਘ (20) ਵਜੋਂ ਹੋਈ ਹੈ। ਭਾਰਤੀ ਦੂਤਾਵਾਸ ਨੇ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਵਿੱਚ ਕਿਹਾ, "ਭਾਰਤੀ ਦੂਤਾਵਾਸ ਦੱਖਣੀ ਇਟਲੀ ਦੇ ਮਤੇਰਾ ਵਿੱਚ ਇੱਕ ਸੜਕ ਹਾਦਸੇ ਵਿੱਚ 4 ਭਾਰਤੀ ਨਾਗਰਿਕਾਂ ਦੀ ਦੁਖਦਾਈ ਮੌਤ 'ਤੇ ਡੂੰਘਾ ਦੁੱਖ ਪ੍ਰਗਟ ਕਰਦਾ ਹੈ।"

ਭਾਰਤੀ ਦੂਤਾਵਾਸ ਨੇ ਕਿਹਾ, "ਅਸੀਂ ਵੇਰਵੇ ਪ੍ਰਾਪਤ ਕਰਨ ਲਈ ਸਥਾਨਿਕ ਇਤਾਲਵੀ ਅਧਿਕਾਰੀਆਂ ਨਾਲ ਸੰਪਰਕ ਵਿੱਚ ਹਾਂ। ਦੂਤਾਵਾਸ ਸਬੰਧਿਤ ਪਰਿਵਾਰਾਂ ਨੂੰ ਹਰ ਸੰਭਵ ਕੌਂਸਲਰ ਸਹਾਇਤਾ ਪ੍ਰਦਾਨ ਕਰੇਗਾ।" ਹਾਸਿਲ ਜਾਣਕਾਰੀ ਅਨੁਸਾਰ ਜ਼ਖਮੀਆਂ ਵਿੱਚੋਂ ਪੰਜ ਨੂੰ ਪੋਲੀਕੋਰੋ (ਮਾਟੇਰਾ) ਦੇ ਹਸਪਤਾਲ ਵਿੱਚ ਤਬਦੀਲ ਕਰ ਦਿੱਤਾ ਗਿਆ, ਜਦੋਂ ਕਿ ਛੇਵੇਂ, ਜੋ ਕਿ ਵਧੇਰੇ ਗੰਭੀਰ ਰੂਪ ਵਿੱਚ ਜ਼ਖਮੀ ਸੀ, ਨੂੰ ਪੋਟੇਂਜ਼ਾ ਦੇ ਸੈਨ ਕਾਰਲੋ ਹਸਪਤਾਲ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ।

ਪੰਜਾਬ ਸਟਾਰ ਟੀਵੀ
ਹੁਣ ਤੁਸੀਂ ਆਪਣੇ ਘਰ
IPTV ਤੇ ਵੀ ਦੇਖ ਸਕਦੇ ਹੋ
PUNJAB STAR TV
IPTV
Roku
eBaba Ent
webtv
ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਿਕ ਪਰੋਗਰਾਮਾਂ ਨਾਲ
ਭਾਰਤ, ਪੰਜਾਬ, ਕੈਨੇਡਾ ਅਤੇ ਪੂਰੀ ਦੁਨੀਆ ਨਾਲ ਤੁਹਾਨੂੰ ਜੋੜ ਕੇ ਰੱਖਦਾ ਹੈ
ਪੰਜਾਬ ਸਟਾਰ ਟੀਵੀ
ਪੰਜਾਬ ਸਟਾਰ ਟੀਵੀ ਹੁਣ ਤੁਸੀਂ ਅਮਰੀਕਾ ਅਤੇ ਕੈਨੇਡਾ ਆਪਣੇ ਘਰ ਆਈ ਪੀ ਟੀਵੀ ਬੌਕਸ 'ਤੇ ਦੇਖ ਸਕਦੇ। ਵਧੇਰੇ ਜਾਣਕਾਰੀ ਲਈ
ਲਖਵਿੰਦਰ ਸੰਧੂ 905-673-7666
YUPPTV
GET IT ON Google Play
Shava tv
jadoo tv
Cruze tv
amazon fireTV
NOW WIDELY AVAILABLE IN AMERICA & CANADA
For informatin call Lakhwinder Sandhu
905-673-7666

# ਮਾਨ ਸਰਕਾਰ ਦਾ ਸਿੱਖਿਆ 'ਚ ਇਨਕਲਾਬੀ ਯੋਗਦਾਨ:

## ਅਧਿਆਪਕਾਂ ਦਾ ਸਤਿਕਾਰ ਅਤੇ ਨੌਜਵਾਨਾਂ ਦੇ ਉੱਜਵਲ ਭਵਿੱਖ ਲਈ ਇੱਕ ਨਵਾਂ ਅਧਿਆਇ ਸ਼ੁਰੂ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਸਿੱਖਿਆ ਦੇ ਖੇਤਰ ਵਿੱਚ ਕੀਤੀਆਂ ਕ੍ਰਾਂਤੀਕਾਰੀ ਤਬਦੀਲੀਆਂ ਨੇ ਪੂਰੇ ਦੇਸ਼ ਲਈ ਇੱਕ ਮਿਸਾਲ ਕਾਇਮ ਕੀਤੀ ਹੈ। ਵਿਸ਼ਵ ਅਧਿਆਪਕ ਦਿਵਸ ਮੌਕੇ ਸ੍ਰੀ ਆਨੰਦਪੁਰ ਸਾਹਿਬ ਵਿੱਚ ਹੋਏ ਰਾਜ ਪੱਧਰੀ ਸਮਾਗਮ ਵਿੱਚ, ਮੁੱਖ ਮੰਤਰੀ ਨੇ ਅਧਿਆਪਕਾਂ ਨੂੰ "ਰਾਸ਼ਟਰ ਨਿਰਮਾਤਾ" ਦੱਸਿਆ ਅਤੇ ਨੌਜਵਾਨਾਂ ਨੂੰ ਪੰਜਾਬ ਦੀ ਸ਼ਾਨਦਾਰ ਵਿਰਾਸਤ ਨਾਲ ਜੋੜਨ ਦੀ ਅਪੀਲ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਅਧਿਆਪਨ ਇੱਕ ਪੇਸ਼ਾ ਨਹੀਂ ਹੈ ਸਗੋਂ "ਵਿਦਿਆਰਥੀਆਂ ਦੇ ਭਵਿੱਖ ਨੂੰ ਰੌਸ਼ਨ ਕਰਨ ਲਈ ਇੱਕ ਪਵਿੱਤਰ ਮਿਸ਼ਨ" ਹੈ। ਇੱਕ ਅਧਿਆਪਕ ਦੇ ਪੁੱਤਰ ਹੋਣ ਦੇ ਨਾਤੇ, ਉਨ੍ਹਾਂ ਕਿਹਾ ਕਿ ਉਹ ਜਾਣਦੇ ਹਨ ਕਿ ਇੱਕ ਅਧਿਆਪਕ ਆਪਣੇ ਵਿਦਿਆਰਥੀਆਂ ਦੇ ਜੀਵਨ ਨੂੰ ਕਿਸ ਸਮਰਪਣ ਅਤੇ ਸ਼ਰਧਾ ਨਾਲ ਘੜਦਾ ਹੈ।




ਇਸ ਮੌਕੇ ਮੁੱਖ ਮੰਤਰੀ ਨੇ ਦੱਸਿਆ ਕਿ 55 ਸਾਲਾਂ ਬਾਅਦ, ਸੂਬਾ ਸਰਕਾਰ ਨੇ ਸ੍ਰੀ ਆਨੰਦਪੁਰ ਸਾਹਿਬ ਵਿੱਚ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੱਕ ਵਿਰਾਸਤੀ ਸੜਕ ਦੀ ਉਸਾਰੀ ਸ਼ੁਰੂ ਕੀਤੀ ਹੈ - ਇੱਕ ਅਜਿਹਾ ਕਦਮ ਜੋ ਪੰਜਾਬ ਦੀ ਇਤਿਹਾਸਕ ਅਤੇ ਧਾਰਮਿਕ ਵਿਰਾਸਤ ਨੂੰ ਨਵੀਂ ਪੀੜ੍ਹੀ ਨਾਲ ਜੋੜਨ ਦਾ ਪ੍ਰਤੀਕ ਹੈ। ਉਨ੍ਹਾਂ ਅਧਿਆਪਕਾਂ ਨੂੰ ਸੱਦਾ ਦਿੱਤਾ ਕਿ ਉਹ ਆਪਣੇ ਵਿਦਿਆਰਥੀਆਂ ਨੂੰ ਪੰਜਾਬ ਦੇ ਸ਼ਾਨਦਾਰ ਇਤਿਹਾਸ ਅਤੇ ਸੱਭਿਆਚਾਰ ਨਾਲ ਜਾਣੂ ਕਰਵਾਉਣ, ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਆਪਣੀਆਂ ਜੜ੍ਹਾਂ ਨਾਲ ਜੁੜੀਆਂ ਰਹਿਣ ਅਤੇ ਆਧੁਨਿਕਤਾ ਦੇ ਅਨੁਕੂਲ ਬਣਦੇ ਹੋਏ ਆਪਣੀਆਂ ਕਦਰਾਂ-ਕੀਮਤਾਂ ਦੀ ਕਦਰ ਕਰਨ।

ਇਸ ਸਮਾਗਮ ਵਿੱਚ ਮੁੱਖ ਮੰਤਰੀ ਨੇ ਉਨ੍ਹਾਂ ਅਧਿਆਪਕਾਂ ਦੀ ਵੀ ਪ੍ਰਸ਼ੰਸਾ ਕੀਤੀ ਜਿਨ੍ਹਾਂ ਨੇ ਹਾਲ ਹੀ ਵਿੱਚ ਆਏ ਹੜ੍ਹਾਂ ਵਰਗੀਆਂ ਕੁਦਰਤੀ ਆਫ਼ਤਾਂ ਦੌਰਾਨ ਸ਼ਾਨਦਾਰ ਸੇਵਾ ਦਿਖਾਈ। ਉਨ੍ਹਾਂ ਕਿਹਾ ਕਿ ਆਫ਼ਤ ਵਿੱਚ 3,200 ਸਰਕਾਰੀ ਸਕੂਲ, 19 ਕਾਲਜ, 8,500 ਕਿਲੋਮੀਟਰ ਸੜਕਾਂ ਅਤੇ 2,500 ਪੁਲ ਨੁਕਸਾਨੇ ਗਏ ਸਨ, ਫਿਰ ਵੀ ਪੰਜਾਬ ਦੇ ਲੋਕਾਂ ਅਤੇ ਅਧਿਆਪਕਾਂ ਨੇ ਹਿੰਮਤ ਅਤੇ ਜ਼ਿੰਮੇਵਾਰੀ ਦੀ ਮਿਸਾਲ ਕਾਇਮ ਕੀਤੀ। ਮੁੱਖ ਮੰਤਰੀ ਨੇ ਕਿਹਾ, "ਅਜਿਹੀਆਂ ਉਦਾਹਰਣਾਂ ਵਿਸ਼ਵ ਇਤਿਹਾਸ ਵਿੱਚ ਬਹੁਤ ਘੱਟ ਮਿਲਦੀਆਂ ਹਨ - ਪੰਜਾਬ ਦੇ ਅਧਿਆਪਕ ਸਿਰਫ਼ ਅਧਿਆਪਕ ਹੀ ਨਹੀਂ, ਸਗੋਂ ਸਮਾਜ ਦੇ ਸੱਚੇ ਮਾਰਗਦਰਸ਼ਕ ਹਨ।" ਮੁੱਖ ਮੰਤਰੀ ਨੇ 71 ਪ੍ਰਤਿਭਾਸ਼ਾਲੀ ਅਧਿਆਪਕਾਂ ਨੂੰ ਸਟੇਟ ਟੀਚਰਜ਼ ਐਵਾਰਡ ਨਾਲ ਸਨਮਾਨਿਤ ਕੀਤਾ, ਵਿਦਿਆਰਥੀਆਂ ਦੇ ਭਵਿੱਖ ਲਈ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਅਤੇ ਮਾਰਗਦਰਸ਼ਨ ਨੂੰ ਮਾਨਤਾ ਦਿੰਦੇ ਹੋਏ। ਉਨ੍ਹਾਂ ਕਿਹਾ ਕਿ "ਗੁਰੂ" ਸ਼ਬਦ ਸੰਸਕ੍ਰਿਤ ਦੇ ਸ਼ਬਦਾਂ "ਗੁ" (ਹਨੇਰਾ) ਅਤੇ "ਰੂ" (ਹਟਾਉਣ ਵਾਲਾ) ਤੋਂ ਲਿਆ ਗਿਆ ਹੈ - ਜਿਸਦਾ ਅਰਥ ਹੈ "ਹਨੇਰਾ ਦੂਰ ਕਰਨ ਵਾਲਾ।" ਮੁੱਖ ਮੰਤਰੀ ਨੇ ਕਿਹਾ ਕਿ ਅਧਿਆਪਕ ਸਮਾਜ ਵਿੱਚ ਗਿਆਨ, ਜਾਗਰੂਕਤਾ ਅਤੇ ਗਿਆਨ ਫੈਲਾਉਂਦੇ ਹਨ, ਅਤੇ ਪੰਜਾਬ ਸਰਕਾਰ ਉਨ੍ਹਾਂ ਦੇ ਯੋਗਦਾਨ ਨੂੰ ਸਲਾਮ ਕਰਦੀ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਪੰਜਾਬ ਵਿੱਚ ਸਿੱਖਿਆ ਦੀ ਗੁਣਵੱਤਾ ਨੂੰ ਅੰਤਰਰਾਸ਼ਟਰੀ ਪੱਧਰ ਤੱਕ ਉੱਚਾ ਚੁੱਕਣ ਲਈ ਬੇਮਿਸਾਲ ਕਦਮ ਚੁੱਕੇ ਹਨ। 234 ਪ੍ਰਿੰਸੀਪਲਾਂ ਅਤੇ ਸਿੱਖਿਆ ਅਧਿਕਾਰੀਆਂ ਨੇ ਸਿੰਗਾਪੁਰ ਵਿੱਚ ਸਿਖਲਾਈ ਪ੍ਰਾਪਤ ਕੀਤੀ ਹੈ, 152 ਮੁੱਖ ਅਧਿਆਪਕਾਂ ਨੇ ਆਈਆਈਐਮ ਅਹਿਮਦਾਬਾਦ ਵਿੱਚ ਉੱਨਤ ਕੋਚਿੰਗ ਪ੍ਰਾਪਤ ਕੀਤੀ ਹੈ, ਅਤੇ 144 ਪ੍ਰਾਇਮਰੀ ਅਧਿਆਪਕਾਂ ਨੇ ਫਿਨਲੈਂਡ ਦੀ ਤੁਰਕੂ ਯੂਨੀਵਰਸਿਟੀ ਵਿੱਚ ਵਿਸ਼ੇਸ਼ ਸਿੱਖਿਆ ਸਿਖਲਾਈ ਪੂਰੀ ਕੀਤੀ ਹੈ। ਉਨ੍ਹਾਂ ਕਿਹਾ ਕਿ ਇੱਕ ਹੋਰ ਬੈਚ ਨਵੰਬਰ ਵਿੱਚ ਫਿਨਲੈਂਡ ਲਈ ਰਵਾਨਾ ਹੋਵੇਗਾ। ਅਧਿਆਪਕਾਂ ਨੂੰ ਪ੍ਰਸ਼ਾਸਕੀ ਡਿਊਟੀਆਂ ਤੋਂ ਮੁਕਤ ਕਰਨ ਅਤੇ ਉਨ੍ਹਾਂ ਨੂੰ ਆਪਣੇ ਮੁੱਖ ਕੰਮ-ਅਧਿਆਪਨ- 'ਤੇ ਧਿਆਨ ਕੇਂਦਰਿਤ ਕਰਨ ਦੇ ਯੋਗ ਬਣਾਉਣ ਲਈ 1,920 ਕੈਂਪਸ ਮੈਨੇਜਰ ਨਿਯੁਕਤ ਕੀਤੇ ਗਏ ਹਨ।

ਮੁੱਖ ਮੰਤਰੀ ਨੇ ਕਿਹਾ ਕਿ 2022 ਵਿੱਚ ਸ਼ੁਰੂ ਕੀਤੀ ਗਈ "ਸਿੱਖਿਆ ਕ੍ਰਾਂਤੀ" (ਸਿੱਖਿਆ ਕ੍ਰਾਂਤੀ) ਦੇ ਤਹਿਤ, ਪੰਜਾਬ ਸਰਕਾਰ ਨੇ ਸਿੱਖਿਆ ਪ੍ਰਣਾਲੀ ਵਿੱਚ ਵਿਆਪਕ ਸੁਧਾਰ ਕੀਤੇ ਹਨ। ਹੁਣ ਤੱਕ 231.74 ਕਰੋੜ ਰੁਪਏ ਖਰਚ ਕਰਕੇ 118 ਸਕੂਲ ਆਫ਼ ਐਮੀਨੈਂਸ ਸਥਾਪਿਤ ਕੀਤੇ ਗਏ ਹਨ। ਗਰੀਬ ਅਤੇ ਮੱਧ ਵਰਗ ਦੇ ਪਰਿਵਾਰਾਂ ਦੇ ਬੱਚੇ ਹੁਣ ਇਨ੍ਹਾਂ ਸਕੂਲਾਂ ਵਿੱਚ ਵਿਸ਼ਵ ਪੱਧਰੀ ਸਿੱਖਿਆ ਪ੍ਰਾਪਤ ਕਰ ਰਹੇ ਹਨ। ਇਸ ਤੋਂ ਇਲਾਵਾ, ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀ ਵੀ ਇਨ੍ਹਾਂ ਸਕੂਲਾਂ ਵਿੱਚ ਦਾਖਲਾ ਲੈ ਰਹੇ ਹਨ, ਜੋ ਕਿ ਮਾਨ ਸਰਕਾਰ ਦੀ ਸਿੱਖਿਆ ਨੀਤੀ ਦੀ ਸਫਲਤਾ ਦਾ ਪ੍ਰਮਾਣ ਹੈ। ਇਨ੍ਹਾਂ ਸਕੂਲਾਂ ਦੇ ਵਿਦਿਆਰਥੀਆਂ ਨੇ NEET, JEE, CLAT, ਅਤੇ NIFT ਵਰਗੀਆਂ ਰਾਸ਼ਟਰੀ ਪ੍ਰਤੀਯੋਗੀ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ—265 ਵਿਦਿਆਰਥੀ JEE Mains ਲਈ, 44 JEE Advanced ਲਈ, ਅਤੇ 848 NEET ਲਈ ਯੋਗਤਾ ਪ੍ਰਾਪਤ ਕੀਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਨੇ ਇੱਕ ਸਕੂਲ ਸਲਾਹਕਾਰ ਪ੍ਰੋਗਰਾਮ ਸ਼ੁਰੂ ਕੀਤਾ ਹੈ, ਜਿਸ ਦੇ ਤਹਿਤ ਸਿਵਲ ਸੇਵਕ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਮਾਰਗਦਰਸ਼ਨ ਪ੍ਰਦਾਨ ਕਰ ਰਹੇ ਹਨ। ਮਾਪੇ-ਅਧਿਆਪਕ ਮੀਟਿੰਗਾਂ (PTM) ਨੂੰ ਵੀ ਇੱਕ ਨਵਾਂ ਹੁਲਾਰਾ ਮਿਲਿਆ ਹੈ—ਹੁਣ ਤੱਕ, 19,200 ਸਰਕਾਰੀ ਸਕੂਲਾਂ ਵਿੱਚ ਆਯੋਜਿਤ PTM ਵਿੱਚ 25 ਲੱਖ ਤੋਂ ਵੱਧ ਮਾਪੇ ਹਿੱਸਾ ਲੈ ਚੁੱਕੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਅਧਿਆਪਕਾਂ ਦਾ ਸਮਰਪਣ, ਵਿਦਿਆਰਥੀਆਂ ਦੀ ਸਖ਼ਤ ਮਿਹਨਤ ਅਤੇ ਸਰਕਾਰ ਦੀਆਂ ਦੂਰਦਰਸ਼ੀ ਨੀਤੀਆਂ ਮਿਲ ਕੇ ਪੰਜਾਬ ਦੇ ਭਵਿੱਖ ਨੂੰ ਨਵੀਆਂ ਉਚਾਈਆਂ 'ਤੇ ਲੈ ਜਾਣਗੀਆਂ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ, ਲੋਕ ਸਭਾ ਮੈਂਬਰ ਮਾਲਵਿੰਦਰ ਸਿੰਘ ਕੰਗ ਅਤੇ ਕਈ ਸੀਨੀਅਰ ਅਧਿਕਾਰੀ ਇਸ ਮੌਕੇ ਮੌਜੂਦ ਸਨ। ਮਾਨ ਸਰਕਾਰ ਦਾ ਇਹ ਸਮਾਰੋਹ ਸਿਰਫ਼ ਇੱਕ ਜਸ਼ਨ ਨਹੀਂ ਸੀ, ਸਗੋਂ "ਸਿੱਖਿਆ ਰਾਹੀਂ ਖੁਸ਼ਹਾਲ ਪੰਜਾਬ" ਦੇ ਦ੍ਰਿਸ਼ਟੀਕੋਣ ਨੂੰ ਸਾਕਾਰ ਕਰਨ ਵੱਲ ਇੱਕ ਪ੍ਰੇਰਨਾਦਾਇਕ ਸੰਦੇਸ਼ ਸੀ - ਇੱਕ ਅਜਿਹਾ ਪੰਜਾਬ ਜਿੱਥੇ ਹਰ ਬੱਚਾ ਇੱਕ ਸਿੱਖਿਅਤ, ਸਵੈ-ਨਿਰਭਰ ਅਤੇ ਆਪਣੀ ਵਿਰਾਸਤ ਦਾ ਮਾਣਮੱਤਾ ਨਾਗਰਿਕ ਬਣ ਜਾਵੇ।

# ਪੰਜਾਬ 'ਚ ਹੋਵੇਗੀ 2500 ਬਿਜਲੀ ਮੁਲਾਜ਼ਮਾਂ ਦੀ ਭਰਤੀ, CM ਮਾਨ ਬੋਲੇ- 'ਨਹੀਂ ਲੱਗੇਗਾ ਪਾਵਰ ਕੱਟ'



ਮੁੱਖ ਮੰਤਰੀ ਭਗਵੰਤ ਮਾਨ ਅਤੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਅੱਜ (8 ਅਕਤੂਬਰ) ਜਲੰਧਰ ਵਿੱਚ ਬਿਜਲੀ ਦੇ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ ਲਈ 5,000 ਕਰੋੜ ਰੁਪਏ ਦੇ ਨਿਵੇਸ਼ ਦਾ ਐਲਾਨ ਕੀਤਾ। ਇਸ ਤੋਂ ਇਲਾਵਾ ਅਗਲੇ ਸੱਤ ਦਿਨਾਂ ਵਿੱਚ 15 ਅਕਤੂਬਰ ਤੱਕ 2,500 ਨਵੇਂ ਕਰਮਚਾਰੀ ਭਰਤੀ ਕੀਤੇ ਜਾਣਗੇ। ਇਸ ਤੋਂ ਇਲਾਵਾ, 2,000 ਇੰਟਰਨ ਨਿਯੁਕਤ ਕੀਤੇ ਜਾਣਗੇ।

ਬਿਜਲੀ ਮੰਤਰੀ ਸੰਜੀਵ ਅਰੋੜਾ ਨੇ ਕਿਹਾ ਕਿ ਪਹਿਲਾਂ, ਸ਼ਿਕਾਇਤਾਂ ਦੇ ਹੱਲ ਲਈ ਔਸਤਨ ਦੋ ਘੰਟੇ ਲੱਗਦੇ ਸਨ। ਅਗਲੇ ਮਹੀਨੇ ਇਹ ਅੱਧੇ ਘੰਟੇ ਵਿੱਚ ਹੱਲ ਹੋ ਜਾਵੇਗਾ। ਲਵਲੀ ਯੂਨੀਵਰਸਿਟੀ ਵਿਖੇ ਦੁਪਹਿਰ 12 ਵਜੇ 'ਵਨ ਇੰਡੀਆ 2025 ਨੈਸ਼ਨਲ ਕਲਚਰਲ ਫੈਸਟੀਵਲ' ਦਾ ਉਦਘਾਟਨ ਕਰਨ ਤੋਂ ਬਾਅਦ, ਮੁੱਖ ਮੰਤਰੀ ਮਾਨ ਨੇ ਕਿਹਾ ਕਿ ਪੰਜਾਬ ਨੂੰ ਬਿਜਲੀ ਕੱਟਾਂ ਤੋਂ ਮੁਕਤੀ ਮਿਲਣ ਜਾ ਰਹੀ ਹੈ।

ਪਹਿਲਾਂ, ਅਜਿਹੀਆਂ ਰਿਪੋਰਟਾਂ ਆਉਂਦੀਆਂ ਸਨ ਕਿ ਪੰਜਾਬ ਵਿਚ ਹਨੇਰਾ ਛਾਉਣ ਵਾਲਾ ਹੈ। ਪੰਜਾਬ ਕੋਲ ਸਿਰਫ਼ ਦੋ ਦਿਨਾਂ ਦਾ ਕੋਲਾ ਬਚਿਆ ਸੀ। ਅੱਜ ਸਾਡੇ ਕੋਲ 25 ਦਿਨਾਂ ਦਾ ਕੋਲਾ ਵਾਧੂ ਹੈ। ਸਾਨੂੰ ਪਤਾ ਲੱਗਾ ਕਿ ਘਭਖ ਦਾ ਥਰਮਲ ਪਾਵਰ ਪਲਾਂਟ ਵੇਚਿਆ ਜਾ ਰਿਹਾ ਹੈ। ਸਾਰੀ ਖੋਜ ਕਰਨ ਤੋਂ ਬਾਅਦਅਸੀਂ ਥਰਮਲ ਪਾਵਰ ਪਲਾਂਟ ਖਰੀਦਿਆ। ਇਹ 540 ਮੈਗਾਵਾਟ ਬਿਜਲੀ ਪੈਦਾ ਕਰਦਾ ਹੈ।

ਮੁੱਖ ਮੰਤਰੀ ਨੇ ਕਿਹਾ, "ਪਹਿਲਾਂ, ਸਰਕਾਰੀ ਅਦਾਰਿਆਂ ਨੂੰ ਘਾਟੇ ਵਾਲਾ ਐਲਾਨ ਕੇ ਦੋਸਤਾਂ ਨੂੰ ਵੇਚ ਦਿੱਤਾ ਜਾਂਦਾ ਸੀ। ਅੱਜ ਵੀ ਇਹੀ ਕੁਝ ਹੋ ਰਿਹਾ ਹੈ। ਤੇਲ ਵੇਚਿਆ ਜਾਂਦਾ ਸੀ, ਭੇਲ ਵੇਚਿਆ ਜਾਂਦਾ ਸੀ। ਪੰਜਾਬ ਸਰਕਾਰ ਹੀ ਇਸ ਦੇ ਉਲਟ ਕਰ ਰਹੀ ਹੈ। ਉਹ ਉਨ੍ਹਾਂ ਚੀਜ਼ਾਂ ਨੂੰ ਖਰੀਦ ਰਹੀ ਹੈ ਜੋ ਵੇਚੀਆਂ ਜਾ ਰਹੀਆਂ ਹਨ। ਅਸੀਂ ਪਹਿਲਾਂ 300 ਯੂਨਿਟ ਬਿਜਲੀ ਮੁਫ਼ਤ ਕੀਤੀ ਸੀ। ਇਸ ਲਈ ਕੋਈ ਨੀਲਾ ਜਾਂ ਹਰਾ ਕਾਰਡ ਨਹੀਂ ਵਰਤਿਆ ਜਾਂਦਾ। ਲੋਕ ਹਰ ਮਹੀਨੇ 5,000 ਤੋਂ 10,000 ਰੁਪਏ ਬਚਾ ਰਹੇ ਹਨ।"

ਮੁੱਖ ਮੰਤਰੀ ਨੇ ਕਿਹਾ ਕਿ ਝੋਨੇ ਦੇ ਸੀਜ਼ਨ ਦੌਰਾਨ ਕਿਸਾਨਾਂ ਨੂੰ ਸਵੇਰੇ 1 ਵਜੇ ਬਿਜਲੀ ਮਿਲਦੀ ਸੀ। ਉੱਥੇ ਮੱਛਰ ਕੱਟਦੇ ਸਨ। ਕਿਸਾਨ ਨਾ ਦਿਨ ਵੇਲੇ ਸੌਂ ਸਕਦਾ ਸੀ ਨਾ ਰਾਤ ਨੂੰ। ਮੁੱਖ ਮੰਤਰੀ ਬਣਦੇ ਹੀ ਉਨ੍ਹਾਂ ਨੇ ਕਿਸਾਨਾਂ ਨੂੰ 12 ਘੰਟੇ ਬਿਜਲੀ ਦੇਣੀ ਸ਼ੁਰੂ ਕਰ ਦਿੱਤੀ। ਉਨ੍ਹਾਂ ਕਿਹਾ ਸੀ ਕਿ ਉਹ ਮੋਟਰਾਂ ਬੰਦ ਕਰਕੇ ਝੋਨਾ ਲਗਵਾਉਣਾ ਸ਼ੁਰੂ ਕਰ ਦੇਣਗੇ। ਕਈ ਲੋਕਾਂ ਨੇ ਇਸ ਬਿਆਨ ਦਾ ਮਜ਼ਾਕ ਉਡਾਇਆ ਸੀ। ਅਸੀਂ ਨਹਿਰੀ ਪ੍ਰਣਾਲੀ ਦੀ ਮੁਰੰਮਤ ਕਰਕੇ ਇਸ ਨੂੰ ਹਕੀਕਤ ਬਣਾਇਆ ਹੈ।"

# ਪਿੰਡ ਸਿੰਗੋ ਦੇ ਖੇਤਾਂ 'ਚੋਂ NRI ਨੌਜਵਾਨ ਦੀ ਮਿਲੀ ਲਾਸ਼

ਤਲਵੰਡੀ ਸਾਬੋ: ਸਭ ਡਿਵੀਜ਼ਨ ਤਲਵੰਡੀ ਸਾਬੋ ਦੇ ਪਿੰਡ ਸਿੰਗੋ ਦੇ ਖੇਤਾਂ ਵਿੱਚੋਂ ਦੋ ਮਹੀਨੇ ਪਹਿਲਾਂ ਆਏ ਨੌਜਵਾਨ ਦੀ ਲਾਸ਼ ਮਿਲਣ ਨਾਲ ਸਨਸਨੀ ਫੈਲ ਗਈ। ਲਾਸ਼ ਦਾ ਪਤਾ ਲੱਗਦਿਆਂ ਹੀ ਤਲਵੰਡੀ ਸਾਬੋ ਪੁਲਿਸ ਮੌਕੇ ਤੇ ਪੁੱਜ ਗਈ ਜਿਨਾਂ ਨੇ ਲਾਸ਼ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਤਲਵੰਡੀ ਸਾਬੋ ਦੇ ਸ਼ਹੀਦ ਬਾਬਾ ਦੀਪ ਸਿੰਘ ਸਿਵਲ ਹਸਪਤਾਲ ਵਿੱਚ ਭੇਜ ਦਿੱਤਾ ਹੈ, ਪਰਿਵਾਰਿਕ ਮੈਂਬਰਾਂ ਨੇ ਕਤਲ ਦਾ ਸ਼ੱਕ ਜਾਹਿਰ ਕੀਤਾ ਹੈ। ਜਦੋਂ ਕਿ ਤਲਵੰਡੀ ਸਾਬੋ ਪੁਲਿਸ ਨੇ ਪਿੰਡ ਦੇ ਤਿੰਨ ਲੋਕਾਂ ਅਤੇ ਇੱਕ ਮੈਡੀਕਲ ਸਟੋਰ ਮਾਲਕ ਦੇ ਖਿਲਾਫ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ।



ਜਾਣਕਾਰੀ ਅਨੁਸਾਰ ਪਿੰਡ ਸਿੰਗੋ ਦਾ ਨੌਜਵਾਨ ਰਣਦੀਪ ਸਿੰਘ ਜੋ ਕਿ ਤਿੰਨ ਸਾਲ ਪਹਿਲਾਂ ਵਿਦੇਸ਼ ਗਿਆ ਹੋਇਆ ਸੀ ਅਤੇ ਹੁਣ ਦੋ ਮਹੀਨੇ ਤੋਂ ਤਿੰਨ ਮਹੀਨੇ ਦੀ ਛੁੱਟੀ ਲਈ ਵਾਪਸ ਆਇਆ ਹੋਇਆ ਸੀ, ਮ੍ਰਿਤਕ ਨੌਜਵਾਨ ਬੀਤੇ ਦਿਨ ਘਰੇ ਤੋਂ ਕਟਿੰਗ ਕਰਾਉਣ ਲਈ ਆਪਣੇ ਮੋਟਰਸਾਈਕਲ ਤੇ ਗਿਆ ਸੀ ਪਰ ਵਾਪਸ ਨਹੀਂ ਆਇਆ ਅਤੇ ਉਸਦਾ ਫੋਨ ਵੀ ਬਾਅਦ ਵਿੱਚ ਬੰਦ ਆ ਰਿਹਾ ਸੀ। ਪਰ ਅੱਜ ਉਸਦੀ ਲਾਸ਼ ਸਵੇਰੇ ਖੇਤਾਂ ਵਿੱਚ ਮਿਲੀ ਜਿਸ ਦਾ ਪਤਾ ਖੇਤਾਂ ਵਿੱਚ ਕੰਮ ਕਰਨ ਵਾਲੇ ਕਿਸਾਨਾਂ ਨੂੰ ਲੱਗਿਆ ਜਿਨਾਂ ਨੇ ਤੁਰੰਤ ਇਸ ਦੀ ਸੂਚਨਾ ਪਰਿਵਾਰਿਕ ਮੈਂਬਰਾਂ ਅਤੇ ਪੁਲਿਸ ਨੂੰ ਦਿੱਤੀ, ਪੁਲਿਸ ਨੇ ਮੌਕੇ ਤੇ ਪੁੱਜ ਕੇ ਲਾਸ਼ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਸ਼ਹੀਦ ਬਾਬਾ ਦੀਪ ਸਿੰਘ ਸਿਵਲ ਹਸਪਤਾਲ ਤਲਵੰਡੀ ਸਾਬੋ ਵਿਖੇ ਭੇਜ ਦਿੱਤਾ ਮ੍ਰਿਤਕ ਦੇ ਭਰਾ ਨੇ ਦੱਸਿਆ ਕਿ ਉਸ ਦੇ ਭਰਾ ਦਾ ਪਿੰਡ ਦੇ ਕੁਝ ਲੋਕਾਂ ਨੇ ਕਤਲ ਕੀਤਾ ਹੈ ਜਿੰਨਾ ਖਿਲਾਫ ਸਖਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ, ਉਸਨੇ ਦੱਸਿਆ ਕਿ ਉਸ ਦਾ ਭਰਾ ਵਿਦੇਸ਼ ਤੋਂ ਤਿੰਨ ਮਹੀਨੇ ਦੀ ਛੁੱਟੀ ਆਇਆ ਸੀ ਅਤੇ ਦੋ ਮਹੀਨੇ ਹੋ ਚੁੱਕੇ ਸਨ ਇੱਕ ਮਹੀਨਾ ਬਾਕੀ ਰਹਿ ਗਿਆ ਸੀ ਜਿਸ ਤੋਂ ਬਾਅਦ ਉਸਨੇ ਵਿਦੇਸ਼ ਵਾਪਸ ਜਾਣਾ ਸੀ। ਉਸ ਨੂੰ ਕੁਝ ਨਸ਼ੇੜੀ ਕਿਸਮ ਦੇ ਨੌਜਵਾਨ ਨਾਲ ਲੈ ਕੇ ਗਏ ਸਨ ਜਿਨਾਂ ਨੇ ਉਸਦਾ ਕਥਿਤ ਤੌਰ ਤੇ ਕਤਲ ਕੀਤਾ ਹੈ। ਪਰਿਵਾਰਿਕ ਮੈਂਬਰਾਂ ਨੇ ਹੁਣ ਇਨਸਾਫ ਦੀ ਮੰਗ ਕੀਤੀ ਹੈ।

ਉਧਰ ਦੂਜੇ ਪਾਸੇ ਪੁਲਿਸ ਨੇ ਮ੍ਰਿਤਕ ਨੌਜਵਾਨ ਦੇ ਦਾਦੇ ਦੇ ਬਿਆਨ ਤੇ ਪਿੰਡ ਦੇ ਤਿੰਨ ਨੌਜਵਾਨਾਂ ਅਤੇ ਇੱਕ ਮੈਡੀਕਲ ਸਟੋਰ ਮਾਲਕ ਦੇ ਖਿਲਾਫ ਮਾਮਲਾ ਦਰਜ ਕਰ ਲਿਆ ਹੈ ਡੀਐਸਪੀ ਤਲਵੰਡੀ ਸਾਬੋ ਨੇ ਦੱਸਿਆ ਕਿ ਮ੍ਰਿਤਕ ਨੂੰ ਪਿੰਡ ਦੇ ਕੁਝ ਨੌਜਵਾਨ ਨਾਲ ਲੈ ਗਏ ਸਨ ਜਿਨਾਂ ਨੇ ਕਥਿਤ ਤੌਰ ਤੇ ਨੌਜਵਾਨ ਨੂੰ ਨਸ਼ੇ ਦੀ ਵੱਧ ਡੋਜ ਦੇ ਕੇ ਮੌਤ ਦੇ ਘਾਟ ਉਤਾਰ ਦਿੱਤਾ, ਉਹਨਾਂ ਦੱਸਿਆ ਕਿ ਕਥਿਤ ਆਰੋਪੀਆਂ ਦੀ ਗ੍ਰਿਫਤਾਰੀ ਲਈ ਛਾਪਾਮਾਰੀ ਕੀਤੀ ਜਾ ਰਹੀ ਹੈ ਤੇ ਜਲਦੀ ਹੀ ਕਥਿਤ ਆਰੋਪੀਆ ਨੂੰ ਕਾਬੂ ਕਰ ਲਿਆ ਜਾਵੇਗਾ। ਦੱਸਣਾ ਬਣਦਾ ਹੈ ਕਿ ਮ੍ਰਿਤਕ ਨੌਜਵਾਨ ਦੇ ਪਿਤਾ ਦੀ ਮੌਤ ਹੋ ਚੁੱਕੀ ਹੈ ਅਤੇ ਦੋਵੇਂ ਭਰਾਵਾਂ ਦੀ ਪਾਲਣ ਪੋਸ਼ਣ ਉਸਦੀ ਮਾਤਾ ਉਸਦੇ ਦਾਦੇ ਵੱਲੋਂ ਕੀਤਾ ਗਿਆ ਹੈ।

# ਦਰਦਨਾਕ ਹਾਦਸਾ: ਕੈਨੇਡਾ ਵਿਖੇ ਸੜਕ ਹਾਦਸੇ 'ਚ ਪੰਜਾਬੀ ਪਿਓ ਤੇ 7 ਸਾਲਾ ਪੁੱਤ ਦੀ ਮੌਤ

ਕੈਨੇਡਾ ਵਿੱਚ ਵੱਸਦੇ ਪੰਜਾਬੀ ਪਰਿਵਾਰ ਨਾਲ ਇੱਕ ਭਿਆਨਕ ਹਾਦਸਾ ਵਾਪਰ ਗਿਆ, ਜਿਸ ਨੇ ਪਟਿਆਲਾ ਜ਼ਿਲ੍ਹੇ ਦੇ ਸਮਾਣਾ ਨੇੜੇ ਫਤਿਹਗੜ੍ਹ ਛੰਨਾ ਪਿੰਡ ਨੂੰ ਡੂੰਘੇ ਸੋਗ ਵਿੱਚ ਡੁਬੋ ਦਿੱਤਾ ਹੈ। ਇਸ ਹਾਦਸੇ 'ਚ ਪ੍ਰਦੀਪ ਕੁਮਾਰ ਅਤੇ ਉਸਦੇ 7 ਸਾਲਾਂ ਦੇ ਪੁੱਤ ਹਿਆਂਸ ਦੀ ਭਿਆਨਕ ਮੌਤ ਹੋ ਗਈ, ਜਦਕਿ ਪਤਨੀ ਅੰਸਲਾ ਗੰਭੀਰ ਜ਼ਖ਼ਮੀ ਹੋ ਗਈ ਅਤੇ ਉਸ ਦਾ ਕੈਨੇਡਾ ਦੇ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ।



**ਅਮਰੀਕਾ ਤੋਂ ਵਾਪਸੀ ਦੌਰਾਨ ਵਾਪਰਿਆ ਹਾਦਸਾ**

ਜਾਣਕਾਰੀ ਅਨੁਸਾਰ, ਪ੍ਰਦੀਪ ਕੁਮਾਰ ਨੇ 15 ਸਾਲ ਪਹਿਲਾਂ 12ਵੀਂ ਪਾਸ ਕਰਕੇ ਪਰਿਵਾਰ ਨੂੰ ਖੁਸ਼ਹਾਲ ਬਣਾਉਣ ਲਈ ਕੈਨੇਡਾ ਗਿਆ ਸੀ। ਉੱਥੇ ਕੁਝ ਸਾਲ ਬਾਅਦ ਉਸ ਨੇ ਦਿੱਲੀ ਦੀ ਅੰਸਲਾ ਨਾਲ ਵਿਆਹ ਕਰਵਾਇਆ, ਅਤੇ ਉਨ੍ਹਾਂ ਦਾ ਇੱਕ 7 ਸਾਲਾਂ ਦਾ ਪੁੱਤ ਹਿਆਂਸ ਵੀ ਸੀ। ਕੈਨੇਡਾ ਵਿੱਚ ਉਨ੍ਹਾਂ ਦਾ ਜੀਵਨ ਰੰਗੀਨ ਅਤੇ ਖੁਸ਼ੀਆਂ ਭਰਿਆ ਚੱਲ ਰਿਹਾ ਸੀ। ਹਾਲ ਹੀ ਵਿੱਚ ਉਹ ਵਿਆਹ ਵਰੇਗੰਢ ਮਨਾਉਣ ਲਈ ਪਰਿਵਾਰ ਅਮਰੀਕਾ ਗਿਆ। ਪਰ ਵਾਪਸੀ ਵੇਲੇ ਰਸਤੇ ਵਿੱਚ ਉਨ੍ਹਾਂ ਦੀ ਕਾਰ ਦੀ ਇੱਕ ਟਰੱਕ ਨਾਲ ਭਿਆਨਕ ਟੱਕਰ ਹੋ ਗਈ, ਜਿਸ ਨਾਲ ਪ੍ਰਦੀਪ ਅਤੇ ਉਹਨਾਂ ਦੇ ਪੁੱਤਰ ਦੀ ਮੌਕੇ 'ਤੇ ਹੀ ਮੌਤ ਹੋ ਗਈ। ਅੰਸਲਾ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਭਰਤੀ ਕਰਵਾਇਆ ਗਿਆ ਹੈ।

ਇਹ ਦੁਖਦਾਈ ਖ਼ਬਰ ਜਦੋਂ ਫਤਿਹਗੜ੍ਹ ਛੰਨਾ ਪਹੁੰਚੀ ਤਾਂ ਪੂਰੇ ਪਿੰਡ 'ਚ ਸੋਗ ਦੀ ਲਹਿਰ ਦੌੜ ਗਈ। ਪਰਿਵਾਰਕ ਮੈਂਬਰਾਂ ਅਤੇ ਗੁਆਂਢੀਆਂ ਨੇ ਰੋਂਦੇ-ਰੋਂਦੇ ਕਿਹਾ ਕਿ ਪ੍ਰਦੀਪ ਬਹੁਤ ਨਿਮਰ, ਸਮਝਦਾਰ ਅਤੇ ਮਿਲਣਸਾਰ ਆਦਮੀ ਸੀ। ਉਸਦੀ ਮਿੱਠੀ ਬੋਲੀ ਅਤੇ ਹੱਸਮੁਖ ਸੁਭਾਅ ਹਰ ਇੱਕ ਦਾ ਦਿਲ ਜਿੱਤ ਲੈਂਦਾ ਸੀ।

# ਭਿਆਨਕ ਹਾਦਸਾ: ਬਾਬਾ ਬੁੱਢਾ ਸਾਹਿਬ ਤੋਂ ਬੱਸ 'ਚ ਪਰਤ ਰਹੇ 3 ਸ਼ਰਧਾਲੂਆਂ ਦੀ ਇੱਕੋ ਝਟਕੇ 'ਚ ਮੌਤ




ਅੰਮ੍ਰਿਤਸਰ: ਨਿਊ ਅੰਮ੍ਰਿਤਸਰ ਖੇਤਰ ਵਿੱਚ ਇੱਕ ਭਿਆਨਕ ਸੜਕ ਹਾਦਸੇ ਨੇ ਸਾਰੇ ਨੂੰ ਹੈਰਾਨ ਕਰ ਦਿੱਤਾ ਹੈ। ਇਸ ਹਾਦਸੇ ਵਿੱਚ ਤਿੰਨ ਸ਼ਰਧਾਲੂ ਤੁਰੰਤ ਜ਼ਿੰਦਗੀ ਗਵਾ ਬੈਠੇ, ਜਦਕਿ ਇੱਕ ਵਿਅਕਤੀ ਨੂੰ ਗੰਭੀਰ ਸੱਟਾਂ ਲੱਗੀਆਂ ਹਨ। ਇਹ ਘਟਨਾ ਉਦੋਂ ਵਾਪਰੀ ਜਦੋਂ ਬਾਬਾ ਬੁੱਢਾ ਸਾਹਿਬ ਜੀ ਦੇ ਧਾਰਮਿਕ ਮੇਲੇ ਤੋਂ ਵਾਪਸੀ ਵੇਲੇ ਇੱਕ ਬੱਸ ਦੇ ਛੱਤ ਤੇ ਬੈਠੇ ਯਾਤਰੀ ਬੀ.ਆਰ.ਟੀ.ਐਸ. ਲੇਨ ਵਾਲੇ ਲੈਂਟਰ ਨਾਲ ਟਕਰਾ ਗਏ।

ਜਾਣਕਾਰੀ ਅਨੁਸਾਰ, ਇਹ ਬੱਸ ਮੁਕਤਸਰ ਸਾਹਿਬ ਤੋਂ ਸ਼ਰਧਾਲੂਆਂ ਨੂੰ ਅੰਮ੍ਰਿਤਸਰ ਦੇ ਬਾਬਾ ਬੁੱਢਾ ਸਾਹਿਬ ਮੇਲੇ ਲੈਣ ਆਈ ਸੀ। ਮੇਲਾ ਸਮਾਪਤ ਹੋਣ ਤੋਂ ਬਾਅਦ ਵਾਪਸੀ ਦੌਰਾਨ ਡਰਾਈਵਰ ਨੇ ਤੇਜ਼ੀ ਨਾਲ ਬੱਸ ਨੂੰ ਬੀ.ਆਰ.ਟੀ.ਐਸ. ਲੇਨ ਵਿੱਚ ਦਾਖਲ ਕਰਨ ਦੀ ਕੋਸ਼ਿਸ਼ ਕੀਤੀ। ਬੱਸ ਦੀ ਛੱਤ ਤੇ ਲਗਭਗ 15 ਯਾਤਰੀ ਬੈਠੇ ਹੋਏ ਸਨ, ਜਿਨ੍ਹਾਂ ਨੂੰ ਅੱਗੇ ਆ ਰਹੇ ਲੈਂਟਰ ਦਾ ਪੱਤਾ ਨਹੀਂ ਲੱਗਾ। ਟੱਕਰ ਨਾਲ ਤਿੰਨ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਇੱਕ ਗੰਭੀਰ ਜ਼ਖ਼ਮੀ ਹੋਇਆ। ਹਾਦਸੇ ਤੋਂ ਬਾਅਦ ਵੀ ਡਰਾਈਵਰ ਨੂੰ ਕੁਝ ਖ਼ਬਰ ਨਹੀਂ ਹੋਈ ਅਤੇ ਉਹ ਬੱਸ ਨੂੰ ਅੱਗੇ ਵਧਾਉਂਦਾ ਰਿਹਾ। ਪਰ ਇੱਕ ਚਸ਼ਮਦੀਦ ਕਾਰ ਡਰਾਈਵਰ ਨੇ ਬੱਸ ਨੂੰ ਰੁਕਵਾਇਆ ਤੇ ਟਨਾ ਬਾਰੇ ਦੱਸਿਆ। ਜ਼ਖ਼ਮੀ ਨੂੰ ਜਲਦੀ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦੀ ਹਾਲਤ ਨੂੰ ਗੰਭੀ ਬਣੀ ਹੋਈ ਹੈ। ਪੁਲਿਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਡਰਾਈਵਰ ਨੂੰ ਗ੍ਰਿਫਤਾਰ ਕਰਨ ਲਈ ਤਲਾਸ਼ੀ ਅਭਿਆਨ ਚਲਾਇਆ ਜਾ ਰਿਹਾ ਹੈ।

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS

ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।

ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿੱਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿੱਚ ਹੁੰਦਾ ਹੈ, ਐਂਟੀ ਇਨਫਲਮੇਟਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।

ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਕਿ ਅਸੀਂ ਆਪਣੇ ਕਸਟਮਰਜ਼ ਲਈ ਵਧੀਆ ਕੁਆਲਿਟੀ ਦਾ ਅਜਵਾ ਪਾਊਡਰ ਕੈਨੇਡਾ ਵਿੱਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿਚ ਮਿਲਦੇ ਹਨ।

100% NATURAL PRODUCT
PRODUCT OF CANADA
NUTRA SELECT
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414
ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market, 20 Red Maple Dr, Brampton
Indian Food Land, 45 Dusk Drive, Brampton
ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜਮਾਓ।

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
- Disability Income Insurance
- No Income Proof for up to $2000/month benefit (injury or sickness)
- $10,000-$20,000 of Accidental death included NEW!!
- Up tp $18,000 of rehabilitation benefit included
- $100/day cash of hospitalization for upto one full year
- You can also qualify for up to $2000/month on top from any other providers
- Get all or partial of your paid premium refunded on death and at maturity even if you make a claim

- Life Insurance
- Disability Insurance
- Visitor Insurance
- Save Tax R.R.S.P.
- Mortgage Insurance
- Income Tax Planning
- Drug & Dental Plan
- R.E.S.P.

Guaranteed issued Critical Illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind

RAJPAL BRAR
Your Insurance Specialist
Call for Consultation
416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ
Salvage Inspection Station
Government Approved Licensed Body Shop
We Welcome ALL INSURANCE CLAIMS
Jessie Srai
Specializes In Collision Custom Paint
I-CAR GOLD CLASS
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ
ਕੈਨੇਡਾ ਦਾ
ਵੀਜ਼ਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਈਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਨਣ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED & SHOP WITH CONFIDENCE
Save Money ...with one application you get access to many lenders, from major banks to private lenders, so we can find you the mortgage with the best rate and terms that fit your needs.
Get Pre-Approved ...find out how much you qualify for and get pre-approved so you can choose your dream home with peace of mind.
Expert Advice ...with many years of experience in the financial industry, you'll get the Right counsel.
No Cost ...all my services are at no cost to you. OAC. Some restrictions apply.
- PURCHASES
- REFINANCES
- RENEWALS
- DEBT CONSOLIDATION
- SELF-EMPLOYED
- NEW TO CANADA
- HOME RENOVATIONS
- PRIVATE MORTGAGE
- INVESTMENTS
NOW HIRING
Start your career as a Mortgage Professional.
20 Maritime Blvd, Unit #11, Brampton, ON L6S0C2
MORTGAGE ALLIANCE
THE RIGHT BROKER™
THE RIGHT MORTGAGE®
CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

ਪੰਜਾਬ ਸਟਾਰ

**To Contact Us:**

**Editor:**
Simrat Grewal
905-673-7666

**Marketing Director:**
Lakhwinder Singh Sandhu
647-400-7314

**Senior Advisors:**
Harkirat Singh
Abnash Nijjar
Davinder Sandhu
Onkar Grewal

**Technical Director :**
Bobby Bhamra

**Accounts Advisor:**
Sandeep Assi (CGA)
905-450-8999

**Correspondant:**
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

**Registered Office:**
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

ਬੁੱਧ ਬਾਣ

# ਗੱਲੀਂ ਜੋਗ ਨ ਹੋਏ !





ਬੁੱਧ ਸਿੰਘ ਨੀਲੋਂ
94643 70823

ਅੱਤ ਤੇ ਅੰਤ ਵਿੱਚ ਬਿੰਦੀ ਤੇ ਟਿੱਪੀ ਦਾ ਹੀ ਫ਼ਰਕ ਹੈ, ਇਸ ਅਰਥ ਵੱਖੋ ਵੱਖ ਹਨ। ਜਦੋਂ ਕੋਈ ਅੱਤ ਚੱਕਦਾ ਹੈ ਤਾਂ ਉਹਦਾ ਅੰਤ ਛੇਤੀ ਆਉਂਦਾ ਹੈ। ਜਦੋਂ ਆਪਣਾ ਪੈਸਾ ਈ ਖੋਟਾ ਹੋਵੇ, ਬਾਣੀਏ ਦਾ ਕੀ ਦੋਸ਼ ! ਫੇਰ ਬਾਣੀਏ ਨਾਲ਼ ਝਗੜਾ ਨਹੀਂ ਕਰਨਾ ਚਾਹੀਦਾ। ਆਪਣੀ ਪੀੜ੍ਹੀ ਹੇਠਾਂ ਸੋਟਾ ਫੇਰਨ ਦੀ ਜਰੂਰਤ ਹੁੰਦੀ ਹੈ। ਅਸੀਂ ਅਕਸਰ ਪਸ਼ੂਆਂ ਵਾਂਗੂੰ ਬੇਗਾਨੀਆਂ ਖੁਰਲੀਆਂ ਵਿੱਚ ਮੂੰਹ ਮਾਰਦੇ ਰਹਿੰਦੇ ਹਾਂ। ਆਪਣੇ ਮੂਹਰੇ ਪਾਏ ਪੱਠਿਆਂ ਨੂੰ ਸਦਾ ਹੀ ਨਜ਼ਰ ਅੰਦਾਜ਼ ਕਰਦੇ ਹਾਂ। ਮਨੁੱਖਾ ਬਿਰਤੀ ਤਿਤਲੀਆਂ ਵਰਗੀ ਹੁੰਦੀ ਹੈ। ਤਿੱਤਲੀ ਦਾ ਢਿੱਡ ਭਾਂਵੇਂ ਛੋਟਾ ਹੁੰਦਾ ਪਰ ਹਾਜ਼ਮਾ ਵੱਡਾ ਹੁੰਦਾ ਹੈ, ਤਾਂ ਹੀ ਉਹ ਇਕ ਫੁੱਲ ਤੋਂ ਦੂਜੇ ਤੇ ਦੂਜੇ ਤੋਂ ਤੀਜੇ 'ਤੇ ਮੰਡਰਾਉਂਦੀ ਰਹਿੰਦੀ ਹੈ । ਉਸਦੇ ਜੀਵਨ ਦਾ ਸਫ਼ਰ ਵੀ ਥੋੜ੍ਹਾ ਹੁੰਦਾ ਹੈ ਪਰ ਉਹ ਹਰ ਤਰ੍ਹਾਂ ਦਾ ਰਸ ਤੇ ਰੰਗ ਮਾਣਦੀ ਹੈ। ਉਹ ਕਿਸੇ ਇੱਕ ਫੁੱਲ ਉਪਰ ਕਬਜ਼ਾ ਕਰਕੇ ਨਹੀਂ ਬੈਠ ਜਾਂਦੀ ਸਗੋਂ ਰਸ ਚੂਸ ਕੇ ਅਗਾਂਹ ਕਿਸੇ ਹੋਰ ਵਾਦੀ ਵੱਲ ਉਡਾਰੀ ਮਾਰ ਜਾਂਦੀ ਹੈ ਪਰ ਮਨੁੱਖੀ ਸੁਭਾਅ ਹਮੇਸ਼ਾ ਹੀ ਕਬਜ਼ਾ ਕਰਨ ਦਾ ਆਦੀ ਹੈ। ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਦਾ ਕਥਨ ਹੈ-"ਪਿਆਰ ਕਬਜ਼ਾ ਨਹੀਂ, ਪਹਿਚਾਣ ਹੈ !" ਪ੍ਰੰਤੂ ਮਨੁੱਖ ਜਾਣ-ਪਹਿਚਾਣ ਕੱਢ ਕੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰਦਾ ਹੈ। ਬੇਗਾਨੀ ਜ਼ਮੀਨ ਜਾਂ ਜੋਰੂ 'ਤੇ ਕਬਜ਼ਾ ਕਰਨਾ ਤੇ ਕਬਜ਼ੇ ਨੂੰ ਬਰਕਰਾਰ ਰੱਖਣਾ ਸੌਖਾ ਨਹੀਂ ਹੁੰਦਾ। ਇਹ ਬਹੁਤ ਮੁਸ਼ਕਿਲਾਂ ਭਰਿਆ ਕੰਮ ਹੈ । ਜਿਵੇਂ ਕੰਮ ਕੋਈ ਵੀ ਚੰਗਾ ਤੇ ਮਾੜਾ ਨਹੀਂ ਹੁੰਦਾ ਪਰ ਮਨੁੱਖ ਦੀ ਸੋਚ ਸਮਝ ਚੰਗੀ ਤੇ ਮਾੜੀ ਹੋ ਸਕਦੀ ਹੈ। ਸ਼ਲੀਲ/ਅਸ਼ਲੀਲ ਕੁਝ ਨਹੀਂ ਹੁੰਦਾ, ਇਹ ਤਾਂ ਮਨੁੱਖ ਦੀ ਸੋਚ 'ਤੇ ਨਿਰਭਰ ਕਰਦਾ ਹੈ। ਹਰ ਚਮਕਦੀ ਚੀਜ਼ ਸੋਨਾ ਨਹੀਂ ਹੁੰਦੀ। ਸੋਨਾ ਨਾ ਚਮਕਦਾ ਤੇ ਨਾ ਹੀ ਲਿਸ਼ਕਦਾ ਹੈ। ਸੁਰਮਾ ਹਰ ਕੋਈ ਪਾਉਂਦਾ ਹੈ ਪਰ ਮਟਕਾਉਣਾ ਕੋਈ ਕੋਈ ਜਾਣਦਾ ਹੈ। ਜਿਵੇਂ ਗਿਆਨ ਤੇ ਸਮਾਜ ਪ੍ਰਤੀ ਸਮਝ ਡਿਗਰੀਆਂ ਹਾਸਲ ਕਰਕੇ ਨਹੀਂ ਆਉਦੀ। ਇਹ ਤਾਂ ਜ਼ਿੰਦਗੀ ਦੀਆਂ ਤਲਖ ਹਕੀਕਤਾਂ ਨਾਲ਼ ਮੱਥਾ ਲਾਉਣ ਨਾਲ ਆਉਂਦੀ ਹੈ। ਕਿਤਾਬ ਕੋਈ ਚੰਗੀ ਜਾਂ ਮਾੜੀ ਨਹੀਂ ਹੁੰਦੀ। ਕਿਤਾਬ ਪੜ੍ਹਨ ਵਾਲ਼ੇ ਦੀ ਸੋਚ ਚੰਗੀ ਮਾੜੀ ਹੋ ਸਕਦੀ ਹੈ। ਮਨੁੱਖ ਹੀ ਕਿਤਾਬਾਂ ਨਹੀਂ ਪੜ੍ਹਦਾ ਸਗੋਂ ਕਿਤਾਬਾਂ ਵੀ ਮਨੁੱਖਾਂ ਨੂੰ ਪੜ੍ਹਦੀਆਂ ਹਨ। ਤੁਰਨ ਨਾਲ ਸਫ਼ਰ ਮੁੱਕਦਾ ਹੈ। ਕਿਸੇ ਦੇ ਨਾਲ਼ ਜੁੜ ਕੇ ਨਵੀਂ ਸਿਰਜਣਾ ਹੋ ਸਕਦੀ ਹੈ। ਬਿਜਲੀ ਦੀ ਇੱਕਲੀ ਤਾਰ ਵਿੱਚ ਕਰੰਟ ਹੋਣ 'ਤੇ ਵੀ ਉਹ ਓਦੋਂ ਤੱਕ ਨਕਾਰਾ ਹੁੰਦੀ ਹੈ ਜਦ ਤੱਕ ਉਸਨੂੰ ਅਰਥ ਨਹੀਂ ਮਿਲਦਾ, ਉਹ ਨਿਕੰਮੀ ਤਾਰ ਹੀ ਰਹਿ ਜਾਂਦੀ ਹੈ। ਰੋਸ਼ਨੀ ਪੈਦਾ ਕਰਨ ਲਈ ਠੰਡੀ ਤੇ ਗਰਮ, ਦੋ ਤਾਰਾਂ ਦਾ ਹੋਣਾ ਲਾਜ਼ਮੀ ਹੈ। ਦੀਵਾ ਇਕੱਲਾ ਹੀ ਰੋਸ਼ਨੀ ਪੈਦਾ ਕਰ ਸਕਦਾ ਹੈ ਪਰ ਉਸ ਵਿੱਚ ਤੇਲ, ਬੱਤੀ ਤੇ ਅੱਗ ਦਾ ਹੋਣਾ ਜਰੂਰੀ ਹੁੰਦਾ ਹੈ। ਬਹੁਗਿਣਤੀ ਲੋਕਾਂ ਕੋਲ ਭਾਂਵੇਂ ਸਭ ਕੁਝ ਹੁੰਦਾ ਹੈ ਪਰ ਉਨ੍ਹਾਂ ਕੋਲ ਚਾਨਣ ਕਰਨ ਵਾਲੀ ਸੋਚ ਨਹੀਂ ਹੁੰਦੀ ਜਿਸ ਨਾਲ਼ ਲੋਕਾਈ ਅਤੇ ਸਮਾਜ ਦਾ ਹਨੇਰਾ ਦੂਰ ਕੀਤਾ ਜਾ ਸਕੇ। ਦੀਵੇ ਦੇ ਤੇਲ ਅਤੇ ਬੱਤੀ ਦੇ ਨਾਲ਼ ਨਾਲ਼ ਬੰਦੇ ਦੀ ਸੋਚ ਵੀ ਜਲੇ ਤਾਂ ਗਿਆਨ ਦੀ ਰੋਸ਼ਨੀ ਹੁੰਦੀ ਹੈ। ਜਿਵੇਂ ਨੀਂਦ ਮਖ਼ਮਲੀ ਬਿਸਤਰਿਆਂ 'ਤੇ ਹੀ ਨਹੀਂ, ਸੂਲਾਂ ਉਤੇ ਵੀ ਆ ਸਕਦੀ ਹੈ। ਮਾਛੀਵਾੜੇ ਦੇ ਜੰਗਲ਼ਾਂ ਵਿੱਚ ਸੂਲਾਂ ਉੱਤੇ ਤੇ ਛਵੀਆਂ ਦੀ ਛਾਂ ਹੇਠਾਂ ਕੋਈ ਵਿਰਲਾ ਮਹਾਂ ਮਾਨਵ ਹੀ ਸੌਂ ਸਕਦਾ ਹੈ। 'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ...' ਗਾਉਣ ਵਾਲ਼ਾ ਕੋਈ ਸ਼ਹਿਨਸ਼ਾਹ ਹੀ ਹੋ ਸਕਦਾ ਹੈ। ਆਪਣੇ ਨੈਣ ਮੈਨੂੰ ਤੂੰ ਦੇ ਦੇ ਤੇ ਅੱਖ ਮਟਕਾਉਂਦੀ ਫਿਰ ਬੇਅਕਲ ਬੰਦਾ ਦੂਜਿਆਂ ਨੂੰ ਨੈਣ ਹੀ ਨਹੀਂ, ਸੋਚ ਵੀ ਦੇਂਦਾ ਹੈ। ਇਸੇ ਕਰਕੇ ਸਮਾਜ ਉੱਪਰ ਅਕਲਹੀਣ ਬੰਦੇ ਰਾਜ ਕਰਦੇ ਹਨ। ਅਕਲਾਂ ਤੇ ਸ਼ਕਲਾਂ ਵਾਲ਼ੇ ਭੁੱਖ ਨੰਗ ਨਾਲ਼ ਘੁਲਦੇ ਹਨ। ਉਹਨਾਂ ਨੂੰ ਅਕਲ ਕਦੋਂ ਤੱਕ ਆਵੇਗੀ? ਜਿਹੜੇ ਅਜੇ ਸਿਰ ਪੱਗਾਂ ਵਿੱਚ ਫਸਾ ਕੇ ਅਪਣੀ ਲਾਸ਼ ਚੁੱਕ ਕੇ ਇਹ ਆਖਦੇ ਹਨ ਕਿ ਅਸੀਂ ਜਿਉਂਦੇ ਹਾਂ। ਇਹਨਾਂ ਸਮਿਆਂ ਵਿੱਚ ਕੀ ਨਹੀਂ ਹੋ ਰਿਹਾ? ਸਭ ਕੁੱਝ ਸਾਹਮਣੇ ਹੋਣ ਦੇ ਬਾਵਜੂਦ ਲੋਕ ਚੁੱਪ ਹਨ। ਲੁੱਟਣ ਵਾਲੇ ਸਰਗਰਮ ਹਨ। ਲੁੱਟੇ ਜਾਣ ਵਾਲੇ ਨਰਮ ਤੇ ਬੇਸ਼ਰਮ ਹਨ। ਉਂਝ ਉਹ ਆਪਣੇ ਆਪ ਨੂੰ ਸੂਰਮੇ ਆਖਦੇ ਹਨ। ਉਹ ਅਤੀਤ ਦੀਆਂ ਗੱਲਾਂ ਕਰਦੇ ਹਨ ਤੇ ਵਰਤਮਾਨ ਵਿੱਚ ਸਮੇਂ ਦੀਆਂ ਸਰਕਾਰਾਂ ਤੋਂ ਛਿੱਤਰ ਪਰੇਡ ਕਰਵਾਉਂਦੇ ਹਨ। ਉਹਨਾਂ ਨੂੰ ਆਪਣੇ ਭਵਿੱਖ ਦੀ ਚਿੰਤਾਂ ਨਹੀਂ, ਜੇਕਰ ਉਹਨਾਂ ਨੂੰ ਚਿੰਤਾਂ ਹੁੰਦੀ ਤਾਂ ਉਹ ਮਾਇਆ ਦੇ ਮੋਹ ਵਿੱਚ ਆਪਣਾ ਆਲ਼ਾ ਦੁਆਲਾ ਨਾ ਤਬਾਹ ਕਰਦੇ। ਉਹਨਾਂ ਨੇ ਪੌਣ ਪਾਣੀ ਗੰਧਲੇ ਕਰ ਦਿੱਤੇ, ਧਰਤੀ ਤੇ ਔਰਤ ਦੀ ਕੁੱਖ ਬੰਜਰ ਕਰ ਦਿੱਤੀ। ਉਹਨਾਂ ਨੂੰ ਵਰਤਿਆ ਤੇ ਹੁਣ ਜਦੋਂ ਤੋੜ ਕੇ ਸੁੱਟਿਆ ਹੈ ਤਾਂ ਚੀਕਾਂ ਮਾਰਦੇ ਹਨ। ਹੁਣ ਉਹਨਾਂ ਦੀ ਕੋਈ ਚੀਕਾਂ ਨਹੀਂ ਸੁਣਦਾ। ਉਹ ਖ਼ੁਦ ਆਪਣੇ ਆਪ ਨਾਲ ਲੜ ਰਹੇ ਹਨ। ਜਦੋਂ ਲੜਨਾ ਸੀ, ਉਦੋਂ ਲੜੇ ਨਹੀਂ। ਪੰਜਾਬੀਆਂ ਨੂੰ ਡੀਪ ਸਟੇਟ ਪੋਲਟਿਕਸ ਦੀ ਸਮਝ ਨਹੀਂ ਆਈ। ਹੁਣ ਉਹਨਾਂ ਜਿਹੜੀ ਖੇਡ ਖੇਡੀ ਹੈ, ਇਹ ਬਹੁਤ ਖ਼ਤਰਨਾਕ ਅਲਾਮਤਾਂ ਖੜੀਆਂ ਕਰੇਗੀ। ਇਹ ਸਭ ਕੁੱਝ ਅਚਾਨਕ ਨਹੀਂ ਵਾਪਰਿਆ, ਇਸ ਵਿੱਚ ਪੰਜਾਬ ਦੇ ਲੋਕਾਂ ਦਾ ਵੀ ਕਸੂਰ ਹੈ। ਜਿਹਨਾਂ ਨੇ ਸੱਤਾ ਹਾਸਲ ਕਰਨ ਲਈ ਆਪਣੇ ਆਪ ਕੰਡੇ ਬੀਜੇ। ਹੁਣ ਜਦੋਂ ਕੰਡੇ ਚੁੱਭਣ ਲੱਗ ਪਏ ਤਾਂ ਉਹ ਸਿਆਸੀ ਪਾਰਟੀਆਂ ਦੇ ਆਗੂ ਚੁੱਪ ਚਾਪ ਤਮਾਸ਼ਾ ਤੱਕਦੇ ਹਨ। ਉਹਨਾਂ ਨੇ ਆਪਣੇ ਘਰ ਤਾਂ ਭਰ ਲਏ ਹਨ। ਉਹਨਾਂ ਆਪਣਿਆਂ ਨੂੰ ਅਵਾਜ਼ਾਰ ਕਰ ਦਿੱਤਾ ਹੈ। ਕੌਣ ਆਖੇਗਾ ਇਹਨਾਂ ਸੱਤਾ ਦੇ ਭੁੱਖਿਆਂ ਨੂੰ ਕਿ ਤੁਸੀਂ ਸਾਡੀ ਆਰਥਿਕਤਾ ਤੇ ਹੋਂਦ ਨੂੰ ਖਤਮ ਕਰ ਦਿੱਤਾ ਹੈ?

# ਰਵੀ ਨੰਦਨ ਦੀ 'ਕਣਸ' ਦਾ ਆਤਮਿਕ ਸੰਵਾਦ

ਮਦਨਦੀਪ ਸਿੰਘ




ਰਵੀ ਨੰਦਨ ਦੀ ਕਵਿਤਾ ਉਸਦੇ ਸੰਗੀਤਕਾਰ ਅਤੇ ਗਾਇਕ ਬਣਨ ਦੇ ਸੁਪਨੇ ਦੇ ਨਾਲ ਨਾਲ ਹੀ ਤੁਰਦੀ ਆ ਰਹੀ ਹੈ। ਜੇਕਰ ਕਵੀ ਗਾਇਕ ਹੋਵੇ, ਸੰਗੀਤਕਾਰ ਹੋਵੇ ਤੇ ਕਲਾਸੀਕਲ ਸੁਰਾਂ ਦੀ ਭਾਲ 'ਚ ਨਿਕਲਿਆ, ਸੁਰਾਂ ਨੂੰ ਗੁਣਗੁਣਾਉਂਦਾ ਕਵਿਤਾਵਾਂ ਜਾਂ ਗੀਤ ਲਿਖ ਦੇਵੇ ਤਾਂ ਅਜਿਹੇ ਕਵੀ ਦੇ ਕਾਵਿਕ ਲਫ਼ਜ਼ਾਂ ਦੇ ਅਰਥ ਰੂਹ ਨਾਲ ਜਾਣੇ ਜਾ ਸਕਦੇ ਹਨ।

ਉਸ ਨੇ ਵਰ੍ਹਿਆਂ ਮਗਰੋਂ ਫ਼ੈਸਲਾ ਕੀਤਾ ਕਿ ਉਹ ਕਵਿਤਾਵਾਂ ਅਤੇ ਗੀਤਾਂ ਦੀ ਕਿਤਾਬ ਛਪਵਾਏਗਾ। 'ਕਣਸ' ਦੇ ਨਾਂਅ ਹੇਠ ਇਹ ਕਿਤਾਬ ਛਪਵਾਈ ਹੈ।

'ਕਣਸ' 'ਚੋਂ ਪੈਦਾ ਹੋਣ ਵਾਲੀ ਬੇਚੈਨੀ ਦੇ ਅਸਰ ਤੋਂ ਉਹ ਹਰੇਕ ਪਾਠਕ ਵਾਕਫ਼ ਹੋਵੇਗਾ ਜੋ ਇਸ ਬੇਚੈਨੀ 'ਚੋਂ ਨਿਕਲਿਆ ਹੋਵੇਗਾ।

ਇਸ ਕਿਤਾਬ ਦੇ ਸਿਰਲੇਖ ਤੋਂ ਹੀ ਜੇ ਗੱਲ ਸ਼ੁਰੂ ਕਰ ਲਈ ਜਾਵੇ ਤਾਂ ਇਹਸਿਰਲੇਖ ਵੱਡਾ ਸਵਾਲ ਕਰਦਾ ਹੈ ਕਿ 'ਕੀ 'ਕਣਸ' ਦਾ ਹਰੇਕ ਰੋਗੀ ਕਵੀ
ਬਣ ਸਕਦਾ ਹੈ?ਇਸ ਕਿਤਾਬ ਦੇ ਸਿਰਲੇਖ ਨਾਲ ਸਬੰਧਿਤ ਕਵਿਤਾ ਪੇਸ਼ ਹੈ:

ਕਣਸ
ਹੋ ਜਾਂਦੀਆਂ ਨੇ
ਰੂਹਾਂ ਵੀ
ਘੜੀ ਭਰ 'ਚ
ਦੇਹਾਂ।
ਜਿਉਂ ਹੁੰਦੀਆਂ ਨੇ
ਦੇਹਾਂ
ਪਲਾਂ 'ਚ ਮਿੱਟੀ।
ਹੁਣ ਮਿੱਟੀ ਦੇ ਆਪਣੇ ਸੱਚ ਨੇ
ਤੇ ਸੱਚ ਦੀ ਆਪਣੀ ਮਿੱਟੀ
ਵੇਖਦਿਆਂ ਵੇਖਦਿਆਂ ਲੱਗਦੇ ਛੱਡਣ ਰੋਗਾਣੂ
ਤੀਖਣ ਗੱਲਾਂ ਕਰਦਿਆਂ
ਕੋਈ ਸੰਦਲੀ ਸਾਹਾਂ ਵਾਲਾ ਮੁੰਡਾ।
ਲਗਦੇ ਦਿੱਸਣ
ਕਟਾਖ ਨਾਲ ਹੱਸਦੇ ਦੇ
ਮੋਤੀਆ ਦੰਦਾਂ 'ਤੇ ਜੰਮਦਾ ਕਰੇੜਾ
ਤੇ ਮੱਠੀ ਹੋਣ ਲੱਗਦੀ ਏ
ਕਿਸੇ ਕਲੱਤਣ ਦੀ ਤਹਿ ਥੱਲੇ
ਉਹਦੇ ਚੇਤਨ ਚਿਹਰੇ ਦੀ ਲਾਟ।
ਇੰਝ ਹੁੰਦੈ
ਤਾਂ ਫਿਰ ਇੰਝ ਵੀ ਹੁੰਦੈ
ਕਿ ਲੱਗਦੇ ਨੇ ਰਹਿਣ
ਊਣੇ ਊਣੇ ਕਲਾਵੇ ਕਿਸੇ ਦੇ
ਉਸਦੇ ਕਰੰਗ ਉਹਦੇ ਕਲਬੂਤ ਨਾਲ।
ਨਹੀਂ ਦੇਂਦੀਆਂ ਅੱਪੜਨ
ਨਿਸੱਤੀਆਂ ਹੁੰਦੀਆਂ ਲੱਤਾਂ
ਉਸ ਬੇ-ਮੁਹਾਰ ਘੁਮੱਕੜ ਨੂੰ ਕਿਤੇ।
ਇੰਝ ਕਰ ਲੈਂਦੇ
ਦੇਹਾਂ ਜਰਜਰ ਕੋਈ
ਰੂਹਾਂ ਹੋ ਜਾਣ ਦੀ ਲਿਵ 'ਚ।
ਤੇ ਹੋ ਜਾਂਦੀਆਂ ਨੇ
ਰੂਹਾਂ ਵੀ
ਘੜੀ ਭਰ 'ਚ
ਦੇਹਾਂ।
ਜਿਉਂ ਹੁੰਦੀਆਂ ਨੇ ਦੇਹਾਂ
ਪਲਾਂ 'ਚ ਮਿੱਟੀ।

ਇੱਕ ਸਮਾਂ ਸੀ ਕਵਿਤਾ ਨਾਲ ਰੂਬਰੂ ਹੋਏ ਬਹੁਤੇ ਨੌਜਵਾਨ ਸ਼ਿਵ ਬਣਨਾ ਲੋਚਦੇ ਸਨ। ਸ਼ਿਵ ਬਾਰੇ ਬਹੁਤ ਸਾਰੀਆਂ ਦੰਤ ਕਥਾਵਾਂ ਪ੍ਰਚੱਲਤ ਸਨ। ਸ਼ਿਵ ਸ਼ਰਾਬੀ ਸੀ, ਆਸ਼ਕ ਸੀ, ਸ਼ਿਵ ਨੂੰ ਟੀ.ਬੀ. ਦਾ ਰੋਗ ਸੀ, ਆਦਿ ਆਦਿ। ਮੈਂ ਇਕ ਅਜਿਹੇ ਆਪਣੇ ਨੇੜਲੇ ਮਿੱਤਰ ਨੂੰ ਜਾਣਦਾ ਹਾਂ ਜਿਸ ਨੇ ਨਵੀਂ ਨਵੀਂ ਕਵਿਤਾ ਤੇ ਗੀਤ ਲਿਖਣੇ ਸ਼ੁਰੂ ਕੀਤੇ ਸਨ ਅਤੇ ਸ਼ਿਵ ਬਣਨ ਲਈ ਜਵਾਨੀ 'ਚ ਖ਼ੁਦ ਨੂੰ ਟੀ.ਬੀ. ਦਾ ਮਰੀਜ਼ ਦੱਸਦਾ ਹੁੰਦਾ ਸੀ। ਪਰੰਤ ਹੁਣ ਜ਼ਮਾਨਾ ਬਦਲ ਗਿਆ ਹੈ ਤੇ ਅੱਜ ਦੇ ਕਵੀ ਬਣਨਾ ਚਾਹੁੰਦੇ ਨੌਜਵਾਨ ਸ਼ਾਇਦ 'ਕਣਸ' ਰੋਗ ਨੂੰ ਮਹਿਸੂਸ ਕਰਨ ਦੀ ਲੋੜ ਨਾ ਸਮਝਦੇ ਹੋਣ।

ਖ਼ੈਰ...ਰਵੀਨੰਦਨ ਦੀ ਕਵਿਤਾ-ਕ੍ਰਿਤ 'ਕਣਸ' ਪਾਠਕਾ ਦੇ ਚੇਤਨ- ਤੰਤੂਆਂ 'ਤੇ ਅਟੱਲ ਧੁੰਦ ਦੀ ਤਰ੍ਹਾਂ ਉਤਰੇਗੀ। ਇਹ ਕੋਈ ਜ਼ੋਰਦਾਰ ਆਵਾਜ਼ ਨਹੀਂ, ਪਰ ਸਮੇਂ ਦੇ ਸੱਚ ਤੋਂ ਅਵੇਸਲੇ ਸੁਪਨਿਆਂ 'ਚੋਂ ਜ਼ਰੂਰ ਜਗਾਉਂਦੀ ਹੈ।

ਰਵੀ ਨੰਦਨ ਦੀ ਸ਼ਾਇਰੀ ਰਾਹੀਂ ਆਪਣੇ ਪਾਠਕ ਨੂੰ ਇਸ ਸਵਾਲ ਦੇ ਸਾਹਮਣੇ ਖੜ੍ਹਾ ਕਰਦਾ ਹੈ ਕਿ ਕੀ ਅਸੀਂ ਇਸ ਯੁੱਗ ਦੀ ਮਸ਼ੀਨੀ ਰਫ਼ਤਾਰ ਵਿਚ ਉਲਝ ਕੇ ਆਪਣੇ ਦਿਲ ਦੀ ਧੜਕਣ, ਆਪਣੀ ਆਤਮਾ ਦੀ ਆਵਾਜ਼ ਨੂੰ ਹੀ ਭੁੱਲ ਨਹੀਂ ਗਏ ਹਾਂ? ਰਵੀ ਦੀਆਂ ਕਵਿਤਾਵਾਂ ਵਿਚ ਆਧੁਨਿਕਤਾ ਤੋਂ ਪਰ੍ਹਾਂ ਇਕ ਗਹਿਰੀ ਮਨੁੱਖੀ ਚੁੱਪ ਦਾ ਅਨੁਭਵ ਹੈ, ਜੋ ਪਾਠਕ ਦੀਆਂ ਰਗਾਂ ਵਿਚ ਇਕ ਸੂਖਮ ਕੰਬਣੀ ਪੈਦਾ ਕਰ ਜਾਂਦਾ ਹੈ।

'ਕਣਸ' ਦਾ ਸਾਰਾ ਕਾਵਿ-ਸੰਸਾਰ ਇਕ ਸੁੰਦਰ ਅਤੇ ਮਾਰਮਿਕ ਵਿਰੋਧਾਭਾਸ 'ਤੇ ਖੜ੍ਹਾ ਹੈ, ਜੋ ਇਸਦੀ ਰੂਹ ਬਣ ਜਾਂਦਾ ਹੈ। ਇੱਕ ਤਰਫ਼ ਟੁੱਟਣ ਦਾ ਦਰਦ ਹੈ ਤਾਂ ਦੂਜੀ ਤਰਫ਼ ਜੁੜਨ ਦੀ ਆਸ। ਇਕ ਪਾਸੇ ਸੁਪਨਿਆਂ ਦੀ ਅਨੰਤ ਸੰਭਾਵਨਾ ਹੈ ਤਾਂ ਦੂਜੇ ਪਾਸੇ ਹਕੀਕਤਾਂ ਦੀਆਂ ਬੁਨਿਆਦੀ ਦੀਵਾਰਾਂ।

**

ਗੀਤ/ਕੰਮੀਆਂ ਨੂੰ

ਸਾਨੂੰ ਕੰਮੀਆਂ ਨੂੰ ਕੰਮ 'ਤੇ ਲਾ ਜਾ
ਰਾਹੇ ਨੀ ਭਾਵੇਂ ਹੋਰ ਨਾ ਤੂੰ ਕਿੱਧਰੇ ਵੀ ਜਾ
ਸ਼ਾਮੀਂ ਥੱਕਿਆਂ ਨੂੰ ਘਰ ਪਰਤਾ ਰਾਹੇ ਨੀ ਭਾਵੇਂ ਹੋਰ ਨਾ ਤੂੰ ਕਿਧਰੇ ਵੀ ਜਾ ਵਿਹੜੇ ਵਿੱਚੋਂ ਉੱਡ ਕੇ ਬਨੇਰਿਆਂ 'ਤੇ ਜਾ ਬਹਿਣਾ ਏਨੀਆਂ ਕੁ ਸਾਡੀਆਂ ਉਡਾਰਾਂ ਨੀ ਸੁਣਿਆ ਬੜਾ ਏ ਪਰ ਵੇਖੀਆਂ ਨੀ ਹਾਲੇ ਤਾਈਂ ਕਿਹੜੇ ਵੇਲੇ ਆਉਂਦੀਆਂ ਬਹਾਰਾਂ ਨੀ ਸਾਡੇ ਬਾਲਾਂ ਨੂੰ ਸਕੂਲੀਂ ਨਹੀਂ ਛੱਡ ਆ ਰਾਹੇ ਨੀ ਭਾਵੇਂ ਹੋਰ ਨਾ ਤੂੰ ਕਿਧਰੇ ਵੀ ਜਾ...
ਹੀਲੇ ਸੀਲੇ ਕਰਦਾ ਈ ਤੁਰ ਗਿਆ ਬਾਪੂ ਸਾਡਾ ਅਸਾਂ ਵੀ ਕੀ ਏਦਾਂ ਤੁਰ ਜਾਣਾ ਨੀ ਤਰੱਕੀਆਂ 'ਚ ਹੱਥ ਹੁੰਦੈ, ਪਰ ਹੁੰਦਾ ਹੱਕ ਨਹੀਂ,
ਕਦੋਂ ਤੱਕ ਮੰਨੀ ਜਾਣਾ ਭਾਣਾ ਨਹੀਂ
ਕੱਚੀਆਂ ਗਲੀਆਂ ਰਾਹਾਂ ਨੂੰ ਮਿਲਾ
ਰਾਹੇ ਨੀ, ਭਾਵੇਂ ਹੋਰ ਨਾ ਤੂੰ ਕਿਧਰੇ ਜਾ

ਕਵੀ ਇਨ੍ਹਾਂ ਵਿਰੋਧੀ ਧਰੁਵਾਂ ਨੂੰ ਇੱਕ ਹੀ ਕੈਨਵਸ 'ਤੇ ਇਸ ਹੁਨਰ ਨਾਲ ਉਤਾਰਦਾ ਹੈ ਕਿ ਉਸਦਾ ਖਿੱਚਿਆ ਚਿੱਤਰ ਪਾਠਕ ਦੀ ਯਾਦਦਾਸ਼ਤ ਵਿਚ ਅਮਿੱਟ ਛਾਪ ਬਣ ਕੇ ਅੰਕਿਤ ਹੋ ਜਾਂਦਾ ਹੈ।

ਇਹ ਕਵਿਤਾਵਾਂ ਸਿਰਫ਼ ਅੱਖਰਾਂ ਨੂੰ ਪੜ੍ਹਨ ਤੱਕ ਮਹਿਦੂਦ ਨਹੀਂ, ਸਗੋਂ ਆਪਣੇ ਅੰਦਰ ਡੂੰਘਾ ਲਹਿ ਕੇ ਜੀਣ ਦੀ ਰਚਨਾਕਾਰੀ ਹਨ। ਜਦੋਂ ਪਾਠਕ ਇਨ੍ਹਾਂ ਸਤਰਾਂ ਨਾਲ ਏਕਾਕਾਰ ਹੁੰਦਾ ਹੈ, ਉਹ ਆਪਣੀ ਹੀ ਆਤਮਾ ਦੀਆਂ ਗਹਿਰਾਈਆਂ ਵਿਚ ਉਤਰਨ ਲਗਦਾ ਹੈ। ਇਹ ਕਿਤਾਬ ਪਾਠਕ ਲਈ ਆਪਣੇ ਆਪ ਨਾਲ, ਆਪਣੇ ਸਮੇਂ ਨਾਲ ਅਤੇ ਆਪਣੀਆਂ ਅਣਕਹੀਆਂ ਇੱਛਾਵਾਂ ਨਾਲ ਇਕ ਗਹਿਰਾਈ, ਅਟੱਲ ਅਤੇ ਨਿਜਪਰਕ ਮੁਲਾਕਾਤ ਦਾ ਮਾਰਗ ਦਰਸ਼ਨ ਕਰਵਾਉਂਦੀ ਹੈ:

ਤੁਰਨਾ ਸ਼ਾਇਦ ਲਾਜ਼ਿਮ ਸੀ
ਨਾ ਆਣੇ ਨਾ ਜਾਣੇ ਦੀ
ਐਸਾ ਚੁੱਕਿਆ ਸਿਰ 'ਤੇ ਘਰ
ਫਿਰ ਜਗ੍ਹਾ ਮਿਲੀ ਨਾ ਲਾਹੁਣੇ ਦੀ।

CANADIAN TRUCK TRAINING CENTRE




ਤਸੱਲੀਬਖ਼ਸ਼ ਸੇਵਾਵਾਂ ਲਈ



ਹਰਪਾਲ ਸਿੰਘ ਮਾਨ

* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ

Approved private career college,
Training Classes for Air Brakes,
Dangerous Goods & Log Book

7270 Torbram Road, Unit 2 & 3
Mississauga (Torbram & Drew)
905-673-7200
416-294-1662

UNIVERSAL MORTGAGES



CALL MUNISH TEGI
Mortgage Agent Level1
LIC# M14000011
BROKERAGE LIC# 10039
416-317-3487
Need to refinance or payout an existing mortgage?
WE'VE SOLUTION FOR ALL YOUR MORTGAGE NEEDS

# ਗਾਜ਼ਾ 'ਚ ਫਲਸਤੀਨੀਆਂ ਦੀ ਨਸਲਕੁਸ਼ੀ ਦੇ ਦੋ ਸਾਲ, ਦੋ ਰਾਜ ਹੱਲ ਨਹੀਂ,
## ਆਜ਼ਾਦ ਫਲਸਤੀਨੀ ਕੌਮੀ ਰਾਜ ਹੀ ਇੱਕੋ-ਇੱਕ ਹੱਲ

"ਗਜਾ ਵਿੱਚ ਪੰਛੀਆਂ ਦੇ ਵੀ ਪਰ ਹਨ ਪਰ ਉਹ ਵੀ ਪਰਵਾਸ ਨਹੀਂ ਕਰਦੇ"।

ਇਹ ਸਤਰਾਂ ਗਾਜਾ ਵਿੱਚ ਇੱਕ ਕੰਧ ਉੱਪਰ ਕਿਸੇ ਅਣਜਾਣ ਫਲਸਤੀਨੀ ਨੇ ਲਿਖੀਆਂ ਹਨ। ਇਹ ਕਵਿਤਾ ਫਲਸਤੀਨੀ ਸਿਰੜ ਦੀ ਪ੍ਰਤੀਕ ਹੈ। ਭਿਆਨਕ ਜਬਰ, ਭੁੱਖਮਰੀ, ਸਭ ਤੋਂ ਵੱਡੇ ਸਾਮਰਾਜੀ ਦੇਸ਼ ਸੰਯੁਕਤ ਰਾਜ ਅਮਰੀਕਾ ਦੇ ਫੌਜੀ ਅਤੇ ਵਿਚਾਰਧਾਰਕ ਪ੍ਰਚਾਰਕ ਹਮਲੇ ਦੇ ਬਾਵਜੂਦ ਫਲਸਤੀਨ ਦੇ ਲੋਕ ਡਟੇ ਹੋਏ ਹਨ। ਇਸੇ ਸਿਰੜ ਨੂੰ ਕੁਚਲਣ ਲਈ ਇਜਰਾਇਲ (ਸੰਯੁਕਤ ਰਾਜ ਅਮਰੀਕਾ ਦੇ ਥਾਪੜੇ ਨਾਲ਼) ਨੇ ਪਿਛਲੇ ਦੋ ਸਾਲ ਵਿੱਚ 2 ਤੋਂ 3 ਲੱਖ ਤੱਕ ਲੋਕਾਂ ਦਾ ਕਤਲੇਆਮ ਕਰ ਦਿੱਤਾ ਹੈ। ਗਜਾ ਵਿੱਚ ਸਾਰੇ ਸਕੂਲ, ਹਸਪਤਾਲ, ਯੂਨੀਵਰਸਿਟੀ, ਸੜਕਾਂ, ਖੇਤ ਤਬਾਹ ਕਰ ਦਿੱਤੇ ਗਏ ਹਨ। ਲੋਕਾਂ ਨੂੰ ਤਸੀਹਾ ਕੈਂਪਾਂ ਵਿੱਚ ਕੈਦ ਕਰਕੇ ਭੁੱਖੇ ਮਾਰਿਆ ਜਾ ਰਿਹਾ ਹੈ। ਹੋਰ ਤੇ ਹੋਰ, ਇਸ ਕਤਲੇਆਮ ਨੂੰ ਹੱਕੀ ਸਿੱਧ ਕਰਨ ਲਈ, ਸੰਸਾਰ ਭਰ ਵਿੱਚ ਅਮਰੀਕੀ ਸਾਮਰਾਜੀਆਂ ਅਤੇ ਉਸਦੇ ਪੱਛਮੀ ਭਾਈਵਾਲਾਂ ਦੇ ਹਾਕਮ ਜਮਾਤੀ ਮੀਡੀਆ ਦਾ ਜੋਰ ਲੱਗਾ ਹੋਇਆ ਹੈ। ਇੰਨਾ ਜੁਲਮ ਕਰਨ, ਚਿੱਟੇ ਝੂਠ ਫੈਲਾਉਣ ਤੋਂ ਬਾਅਦ ਵੀ ਲੋਕ ਜ਼ਾਇਨਵਾਦੀ ਬਿਰਤਾਂਤ ਦੀ ਸੱਚਾਈ ਸਮਝ ਗਏ ਹਨ ਅਤੇ ਖੁਦ ਅਮਰੀਕਾ, ਫਰਾਂਸ, ਇੰਗਲੈਂਡ ਆਦਿ ਵਿੱਚ ਇਸ ਕਤਲੇਆਮ ਵਿਰੁੱਧ ਵੱਡੇ ਮੁਜਾਹਰੇ ਹੋ ਰਹੇ ਹਨ। ਪੱਛਮੀ ਦੇਸ਼ਾਂ ਦੇ ਇੱਕ ਹਿੱਸੇ ਜਿਸ ਵਿੱਚ ਇੰਗਲੈਂਡ, ਫਰਾਂਸ, ਆਸਟ੍ਰੇਲੀਆ ਸ਼ਾਮਲ ਹਨ, ਲੋਕਾਂ ਦੇ ਵਿਰੋਧ ਨੂੰ ਸ਼ਾਂਤ ਕਰਨ ਲਈ ਹਾਕਮਾਂ ਨੇ ਬਣਾਉਟੀ, ਲੰਗੜੇ ਫਲਸਤੀਨੀ ਰਾਜ ਨੂੰ ਮਾਨਤਾ ਦੇਣ ਦਾ ਐਲਾਨ ਵੀ ਕਰ ਦਿੱਤਾ ਹੈ। ਭਾਵੇਂ ਇਸ ਨਾਲ਼ ਇਜਰਾਇਲ ਦੇ ਜੁਲਮਾਂ ਵਿੱਚ ਕੋਈ ਖਾਸ ਘਾਟ ਨਹੀਂ ਆਉਣ ਲੱਗੀ। ਫਲਸਤੀਨ ਦੇ ਲੋਕਾਂ ਦੀ ਅਜਾਦੀ ਸਾਮਰਾਜੀਆਂ ਤੋਂ ਤਰਸ ਦੇ ਰੂਪ ਵਿੱਚ ਨਹੀਂ ਮਿਲ਼ਣ ਲੱਗੀ। ਅਸੂਲ ਦੀ ਗੱਲ ਤਾਂ ਇਹ ਹੈ ਕਿ ਦੋ ਵੱਖ-ਵੱਖ ਰਾਜ, ਇਜਰਾਇਲ ਅਤੇ ਫਲਸਤੀਨ ਹੱਲ ਨਾ ਹੱਕੀ ਹੈ ਅਤੇ ਨਾ ਹੀ ਸੰਭਵ ਹੈ। ਇਸ ਪੂਰੇ ਖਿੱਤੇ ਵਿੱਚ ਇੱਕੋ ਅਜਾਦ, ਫਲਸਤੀਨੀ ਰਾਜ ਜਿਸ ਵਿੱਚ ਸਭ ਧਰਮਾਂ ਦੇ ਲੋਕ ਬਰਾਬਰ ਜਮਹੂਰੀ ਹੱਕਾਂ ਨਾਲ਼ ਰਹਿਣ, ਇਹ ਹੀ ਇਸ ਸਵਾਲ ਦਾ ਹੱਲ ਹੈ। ਹਾਂ, ਇਸ ਲਈ 'ਸੈਟਲਰ' ਬਸਤੀਵਾਦੀ ਜਾਇਨਵਾਦੀ ਇਜਰਾਇਲੀ ਰਾਜ ਦਾ ਖਤਮ ਹੋਣਾ ਜਰੂਰੀ ਹੈ।

ਉਂਝ ਤਾਂ ਪਿਛਲੇ 77 ਸਾਲ ਤੋਂ ਹੀ ਜਾਇਨਵਾਦੀ ਸਥਾਨਕ ਫਲਸਤੀਨੀ ਲੋਕਾਂ ਦਾ ਕਤਲੇਆਮ ਕਰ ਰਹੇ ਹਨ ਪਰ ਪਿਛਲੇ ਦੋ ਸਾਲ ਤੋਂ ਇਹ ਭਿਆਨਕ ਰੂਪ ਵਿੱਚ, ਹੋਰ ਵੱਡੇ ਪੱਧਰ 'ਤੇ ਹੋ ਰਿਹਾ ਹੈ। ਇਸ ਕਤਲੇਆਮ ਦਾ ਬਹਾਨਾ ਹਮਾਸ ਨੂੰ ਖਤਮ ਕਰਨ ਦਾ ਬਣਾਇਆ ਜਾ ਰਿਹਾ ਹੈ। ਪਰ ਪਹਿਲਾਂ ਲੁਕਵੇਂ ਅਤੇ ਹੁਣ ਸਿੱਧੇ ਤੌਰ 'ਤੇ, ਗਜਾ ਤੋਂ, ਫਲਸਤੀਨ ਦੀ ਸਾਰੀ ਅਬਾਦੀ ਨੂੰ ਖਤਮ ਕਰਕੇ ਜਾਂ ਉਜਾੜ ਕੇ, ਪੂਰੇ ਖਿੱਤੇ ਵਿੱਚ ਇਜਰਾਇਲ ਦਾ ਕਬਜਾ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕੁਝ ਦਿਨ ਇਜਰਾਇਲੀ ਫੌਜ ਦੇ ਸਾਬਕਾ ਜਰਨੈਲ ਦੇ ਬਿਆਨ ਮੁਤਾਬਕ ਹੀ ਗਜਾ ਦੀ 10% ਅਬਾਦੀ ਕਤਲ ਕੀਤੀ ਜਾ ਚੁੱਕੀ ਹੈ। ਇਹ ਅੰਕੜਾ 2 ਤੋਂ 3 ਲੱਖ ਦੇ ਨਜਦੀਕ ਹੈ। ਕੁਝ ਰਿਪੋਰਟਾਂ ਮੁਤਾਬਕ ਇਹ 6 ਲੱਖ ਵੀ ਹੋ ਸਕਦਾ ਹੈ। ਇਸ ਅੰਕੜੇ ਵਿੱਚ ਜੰਗ ਵਿੱਚ ਮਾਰੇ ਗਏ ਅਤੇ ਸਿੱਧੇ-ਅਸਿੱਧੇ ਤੌਰ 'ਤੇ ਮਾਰੇ ਗਏ ਨਾਗਰਿਕ ਸ਼ਾਮਲ ਹਨ। ਕੁਝ ਦਿਨ ਪਹਿਲਾਂ ਹੀ ਇਜਰਾਇਲ ਦੇ ਹਵਾਈ ਹਮਲੇ ਵਿੱਚ ਗਜਾ ਦੀ ਆਖਰੀ ਯੂਨੀਵਰਸਿਟੀ ਨੂੰ ਵੀ ਤਬਾਹ ਕਰ ਦਿੱਤਾ ਗਿਆ। ਇਸ ਤੋਂ ਬਿਨਾਂ ਲੱਗਭੱਗ ਸਾਰੇ ਹਸਪਤਾਲ, ਸਕੂਲ, ਸੜਕਾਂ, ਇਮਾਰਤਾਂ ਵੀ ਤਬਾਹ ਹੋ ਗਏ ਹਨ। ਗਜਾ ਵਿੱਚ ਜੇਕਰ ਜੰਗ ਰੁਕ ਵੀ ਜਾਵੇ ਤਾਂ ਵੀ, ਸਿਰਫ਼ ਮਲਬੇ ਨੂੰ ਸਾਫ ਕਰਨ ਵਿੱਚ ਹੀ ਕਈ ਸਾਲ ਲੱਗ ਜਾਣਗੇ। ਤਕਰੀਬਨ 18 ਲੱਖ ਲੋਕ ਇਸ ਸਮੇਂ ਭਿਆਨਕ ਭੁੱਖਮਰੀ ਦੀ ਹਾਲਤ ਵਿੱਚ ਹਨ। ਸੰਯੁਕਤ ਰਾਸ਼ਟਰ ਨੇ ਗਜਾ ਨੂੰ ਕਾਲ ਪੀੜਤ ਇਲਾਕਾ ਐਲਾਨਿਆ ਹੋਇਆ ਹੈ। ਆਉਣ ਵਾਲ਼ੇ ਦਿਨਾਂ ਵਿੱਚ ਮਰਨ ਵਾਲ਼ਿਆਂ ਦੀ ਗਿਣਤੀ ਹੋਰ ਵੀ ਵਧ ਸਕਦੀ ਹੈ ਕਿਉਂਕਿ ਸਿਹਤ ਸੇਵਾਵਾਂ ਦੇ ਬਿਲਕੁਲ ਖਤਮ ਹੋ ਜਾਣ ਕਾਰਣ ਬਿਮਾਰਾਂ ਦੀ ਦੇਖ-ਰੇਖ ਅਸੰਭਵ ਹੈ। ਅਮਰੀਕੀ ਸਦਰ ਟਰੰਪ ਤਾਂ ਸ਼ਰੇਆਮ, ਗਜਾ ਦੀ ਸਾਰੀ ਅਬਾਦੀ ਨੂੰ ਇੱਥੋਂ ਕੱਢ ਕੇ, ਤਸੀਹਾ ਕੈਂਪਾਂ ਵਿੱਚ ਡੱਕਣ ਅਤੇ ਹੋਰ ਦੇਸ਼ਾਂ ਵਿੱਚ ਭੇਜਣ ਦੇ ਦਾਅਵੇ ਵੀ ਕਰ ਰਿਹਾ ਹੈ। ਗਜਾ ਸ਼ਹਿਰ ਉੱਪਰ ਸੰਪੂਰਨ ਫੌਜੀ ਕਬਜੇ ਤੋਂ ਬਾਅਦ, ਇਜਰਾਇਲੀ ਪ੍ਰਧਾਨ ਮੰਤਰੀ ਨੇਤਨਯਾਹੂ ਮੁਤਾਬਕ, ਗਜਾ ਵਿੱਚ "ਆਖਰੀ ਕਾਰਵਾਈਆਂ" ਹੋਣਗੀਆਂ। ਧਿਆਨ ਰਹੇ ਦੂਜੀ ਸੰਸਾਰ ਜੰਗ ਵਿੱਚ ਹਿਟਲਰ ਅਤੇ ਨਾਜੀ ਵੀ ਯਹੂਦੀਆਂ ਦੇ ਕਤਲੇਆਮ ਨੂੰ "ਆਖਰੀ ਹੱਲ" ਕਹਿੰਦੇ ਸਨ। ਨੇਤਨਯਾਹੂ ਨੇ ਇਸ ਆਖਰੀ ਹੱਲ ਮੁਤਾਬਕ, ਗਜਾ ਦੀ ਸਮੁੱਚੀ ਵਸੋਂ ਨੂੰ ਤਸੀਹਾ ਕੈਂਪਾਂ ਵਿੱਚ ਡੱਕ ਦਿੱਤਾ ਜਾਵੇਗਾ ਅਤੇ ਕੁਝ ਨੂੰ ਉਹਨਾਂ ਦੇ ਕੌਮੀ ਘਰ ਤੋਂ ਬੇਦਖ਼ਲ ਕਰਕੇ, ਹੋਰ ਦੇਸ਼ਾਂ ਵਿੱਚ ਸ਼ਰਣਾਰਥੀ ਬਣ ਕੇ ਰਹਿਣ ਲਈ ਮਜਬੂਰ ਕਰ ਦਿੱਤਾ ਜਾਵੇਗਾ। ਇਸ ਯੋਜਨਾ ਵਿੱਚ ਅਮਰੀਕੀ ਸਾਮਰਾਜ ਪੂਰੀ ਤਰ੍ਹਾਂ ਨਾਲ਼ ਇਜਰਾਇਲ ਦੀ ਹਮਾਇਤ ਕਰ ਰਿਹਾ ਹੈ।

ਇਹ ਸ਼ਹਿਰ ਕਿਸੇ ਵੇਲੇ ਮਨੁੱਖੀ ਸੱਭਿਅਤਾ ਦੇ ਸਭ ਤੋਂ ਮਹੱਤਵਪੂਰਨ ਅਤੇ ਇਤਿਹਾਸਕ ਕੇਂਦਰਾਂ ਵਿੱਚੋਂ ਇੱਕ ਸੀ ਜਿਸਨੂੰ ਅੱਜ ਜਾਇਨਵਾਦੀਆਂ ਨੇ ਅਮਰੀਕੀ ਸਾਮਰਾਜ ਦੀ ਖੁੱਲ੍ਹੀ ਹਮਾਇਤ ਨਾਲ਼ ਬਿਲਕੁਲ ਤਬਾਹ ਕਰ ਦਿੱਤਾ ਹੈ। ਇਸ ਤਬਾਹੀ ਨੂੰ ਨਸਲਕੁਸ਼ੀ ਦਾ ਅਧਿਐਨ ਕਰਨ ਵਾਲ਼ੇ ਬੁੱਧੀਜੀਵੀਆਂ ਨੇ ਵੀ ਅਧਿਕਾਰਤ ਤੌਰ 'ਤੇ ਨਸਲਕੁਸ਼ੀ ਐਲਾਨ ਦਿੱਤਾ ਹੈ। ਅਮਰੀਕੀ ਅਤੇ ਪੱਛਮੀ ਸਾਮਰਾਜੀ ਖੁਦ ਆਪਣੀਆਂ ਬਣਾਈਆਂ ਸੰਸਥਾਵਾਂ ਅਤੇ ਕਨੂੰਨਾਂ ਦੀ ਸ਼ਰ੍ਹੇਆਮ ਉਲੰਘਣਾ ਕਰ ਰਹੇ ਹਨ। ਪਰ ਇਸ ਕਤਲੇਆਮ ਵਿਰੁੱਧ ਸੰਸਾਰ ਭਰ ਵਿੱਚ ਇਨਸਾਫਪਸੰਦ ਲੋਕਾਂ ਦੀਆਂ ਅਵਾਜਾਂ ਵੀ ਉੱਠ ਰਹੀਆਂ ਹਨ। ਯੂਰਪ ਦੇ ਵੱਖ-ਵੱਖ ਦੇਸ਼ਾਂ ਵਿੱਚ ਇਜਰਾਇਲ ਖਿਲਾਫ ਵੱਡੇ ਰੋਸ-ਮੁਜਾਹਰੇ ਹੋਏ ਹਨ। ਅਮਰੀਕਾ ਵਿੱਚ ਲੰਬੇ ਸਮੇਂ ਬਾਅਦ ਸਰਕਾਰ ਅਤੇ ਇਜਰਾਇਲ ਵਿਰੁੱਧ ਵੱਡਾ ਵਿਦਿਆਰਥੀ ਸੰਘਰਸ਼ ਉੱਠਿਆ। ਯੂਰਪ ਦੇ ਕਈ ਦੇਸ਼ਾਂ ਦੇ ਹਾਕਮਾਂ ਨੇ ਲੋਕਾਂ ਦੇ ਵਿਰੋਧ ਤੋਂ ਡਰਦੇ ਹੋਏ, ਵੱਖ ਫਲਸਤੀਨੀ ਰਾਜ ਨੂੰ ਮਾਨਤਾ ਦੇ ਦਿੱਤੀ ਹੈ। ਇਸ ਵਿੱਚ ਸਪੇਨ, ਆਇਰਲੈਂਡ, ਨਾਰਵੇ ਵਰਗੇ ਦੇਸ਼ ਸ਼ਾਮਲ ਹਨ। ਹੋਰ ਪੱਛਮੀ ਦੇਸ਼ ਵੀ ਜਿਵੇਂ ਇੰਗਲੈਂਡ, ਫਰਾਂਸ, ਆਸਟ੍ਰੇਲੀਆ ਸਤੰਬਰ ਵਿੱਚ ਸੰਯੁਕਤ ਰਾਸ਼ਟਰ ਦੇ ਸੈਸ਼ਨ ਵਿੱਚ ਫਲਸਤੀਨੀ ਰਾਜ ਨੂੰ ਮਾਨਤਾ ਦੇਣ ਦਾ ਐਲਾਨ ਕੀਤਾ ਹੈ। ਇਹਨਾਂ ਦੇਸ਼ਾਂ ਮੁਤਾਬਕ ਇਹ ਇਜਰਾਇਲ ਨੂੰ ਰੋਕਣ ਲਈ ਕੀਤਾ ਜਾ ਰਿਹਾ ਹੈ। ਖੁਦ ਇਜਰਾਇਲੀ ਸਦਰ ਨੇ ਹੀ ਇਸ ਐਲਾਨ ਦੀ ਫੂਕ ਕੱਢ ਦਿੱਤੀ ਹੈ। ਉਸਨੇ ਇੱਕ ਪ੍ਰੈੱਸ ਕਾਨਫਰੰਸ ਵਿੱਚ ਕਿਹਾ: "ਇਨ੍ਹਾਂ ਵਿੱਚੋਂ ਬਹੁਤ ਸਾਰੇ ਆਗੂ ਮੈਨੂੰ ਨਿੱਜੀ ਗੱਲਬਾਤਾਂ ਵਿੱਚ ਕਹਿੰਦੇ ਹਨ, 'ਅਸੀਂ ਤੁਹਾਡੇ ਨਾਲ਼ ਸਹਿਮਤ ਹਾਂ। ਅਸੀਂ ਸਮਝਦੇ ਹਾਂ ਤੁਸੀਂ ਕੀ ਕਰ ਰਹੇ ਹੋ। ਅਸੀਂ ਵੀ ਇਹੋ ਜਿਹਾ ਕਰਦੇ।' ਪਰ ਉਹ ਕਹਿੰਦੇ ਹਨ, 'ਸਾਨੂੰ ਆਪਣੇ ਦੇਸ਼ ਦੇ ਲੋਕਾਂ ਦੀ ਜਨਤਕ ਰਾਏ ਦਾ ਧਿਆਨ ਰੱਖਣਾ ਪੈਂਦਾ ਹੈ।' ਮੈਂ ਉਨ੍ਹਾਂ ਨੂੰ ਕਹਿੰਦਾ ਹਾਂ, 'ਇਹ ਤੁਹਾਡੀ ਸਮੱਸਿਆ ਹੈ।'" ਜਮੀਨੀ ਪੱਧਰ 'ਤੇ ਇਸ ਮਾਨਤਾ ਨਾਲ਼ ਕੋਈ ਫਰਕ ਨਹੀਂ ਪੈਣ ਲੱਗਾ। ਇਸਦਾ ਪਤਾ ਇਹਨਾਂ ਮੁਲਕਾਂ ਵੱਲੋਂ ਦਿੱਤੀ ਗਈ ਤਜਵੀਜ ਤੋਂ ਹੀ ਲੱਗ ਜਾਂਦਾ ਹੈ। ਇਸ ਵੱਖ ਫਲਸਤੀਨੀ ਰਾਜ ਦੀ ਕੋਈ ਫੌਜ ਨਹੀਂ ਹੋਵੇਗੀ। ਸੁਰੱਖਿਆ ਦੀ ਜਿੰਮੇਵਾਰੀ ਵੱਖ-ਵੱਖ ਦੇਸ਼ਾਂ ਦੀ ਸਾਂਝੀ ਫੌਜ, ਜਿਹਨਾਂ ਵਿੱਚ ਇਜਰਾਇਲ ਵੀ ਸ਼ਾਮਲ ਹੋਵੇਗਾ, ਦੀ ਹੋਵੇਗੀ। ਇਹ ਵੱਖ ਫਲਸਤੀਨੀ ਰਾਜ ਇੱਕ ਢਕਵੰਜ ਹੈ, ਹੋਰ ਕੁਝ ਨਹੀਂ।

ਇਹ ਸਾਰੀ ਸਮੱਸਿਆ ਦੀ ਜੜ੍ਹ ਇਸ ਖਿੱਤੇ ਵਿੱਚ ਸਾਮਰਾਜੀ ਦਖਲ ਹੈ। ਮੱਧ-ਪੂਰਬ ਦਾ ਇਹ ਖਿੱਤਾ ਵੱਖ-ਵੱਖ ਸਾਮਰਾਜੀ ਦੇਸ਼ਾਂ ਲਈ ਬਹੁਤ ਮਹੱਤਵਪੂਰਨ ਹੈ। ਇਸ ਖਿੱਤੇ ਵਿੱਚ ਤੇਲ, ਗੈਸ ਦੇ ਵੱਡੇ ਭੰਡਾਰ ਹਨ। ਇਸ ਤੋਂ ਬਿਨ੍ਹਾਂ, ਕਈ ਮਹੱਤਵਪੂਰਨ ਵਪਾਰ ਲਾਂਘੇ ਇਸ ਖਿੱਤੇ ਵਿੱਚੋਂ ਲੰਘਦੇ ਹਨ। ਇਸ ਸਮੇਂ, ਸੰਸਾਰ ਦੇ ਸਭ ਤੋਂ ਵੱਡੇ ਸਾਮਰਾਜੀ ਚੌਧਰੀ ਅਮਰੀਕਾ ਅਤੇ ਉਸਦੇ ਪੱਛਮੀ ਭਾਈਵਾਲ ਕਿਸੇ ਕੀਮਤ 'ਤੇ ਇਸ ਇਲਾਕੇ ਨੂੰ ਗੁਆਉਣਾ ਨਹੀਂ ਚਾਹੁੰਦੇ। ਦੂਜੀ ਸੰਸਾਰ ਜੰਗ ਤੋਂ ਬਾਅਦ, ਸਾਮਰਾਜੀ ਧੁਰੀਆਂ ਲਈ ਇਹ ਅਤਿ-ਮਹੱਤਵਪੂਰਨ ਬਣ ਚੁੱਕਿਆ ਹੈ। ਇਹ ਅਮਰੀਕੀ ਸਾਮਰਾਜ ਲਈ ਸਿਰਫ਼ ਕਿਸੇ ਵਿਦੇਸ਼ ਨੀਤੀ ਦਾ ਮਸਲਾ ਨਹੀਂ ਅਤੇ ਨਾ ਹੀ ਇਹ ਸਿਰਫ਼ ਅਮਰੀਕਾ ਤੇ ਹੋਰ ਪੱਛਮੀ ਦੇਸ਼ਾਂ ਵਿਚਲੀ ਜਾਇਨਵਾਦੀ "ਲਾਬੀ" ਕਰਕੇ ਹੈ। ਸਾਮਰਾਜੀਆਂ ਲਈ ਇਸ ਖਿੱਤੇ ਦੇ ਕੁਦਰਤੀ ਸਰੋਤ ਬਹੁਤ ਜਰੂਰੀ ਹਨ। ਇਜਰਾਇਲ ਇਸ ਖਿੱਤੇ ਵਿੱਚ, ਪਰਮਾਣੂ ਹਥਿਆਰਾਂ ਨਾਲ਼ ਲੈਸ, ਅਮਰੀਕਾ ਦੀ ਜੰਗੀ ਚੌਕੀ ਦਾ ਕੰਮ ਕਰਦਾ ਹੈ। ਸਮੁੱਚੇ ਮੱਧ-ਪੂਰਬ ਵਿੱਚ ਅਮਰੀਕਾ ਦੀ ਚੌਧਰ ਲਈ ਇਜਰਾਇਲ ਦੀ ਹੋਂਦ ਜਰੂਰੀ ਹੈ। ਖਿੱਤੇ ਦੇ ਹੋਰ ਦੇਸ਼ਾਂ ਨੂੰ ਡਰਾਉਣ, ਅਮਰੀਕੀ ਸਾਮਰਾਜ ਦੇ ਹੇਠਾਂ ਰੱਖਣ ਵਿੱਚ ਇਜਰਾਇਲ ਅਮਰੀਕਾ ਲਈ ਜਰੂਰੀ ਹੈ। ਇਸ ਲਈ ਅਮਰੀਕਾ ਤੇ ਉਸਦੇ ਹੋਰ ਭਾਈਵਾਲ ਇਜਰਾਇਲ ਦੀ ਬਿਨਾਂ-ਸ਼ਰਤ ਹਮਾਇਤ ਕਰਦੇ ਹਨ। ਪਿਛਲੇ ਦੋ ਸਾਲਾਂ ਦੀਆਂ ਘਟਨਾਵਾਂ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਦੋ ਰਾਜੀ ਹੱਲ ਸੰਭਵ ਨਹੀਂ ਹੈ। ਤੇ ਨਾ ਹੀ ਇਹ ਇਸਦਾ ਜਮਹੂਰੀ ਹੱਲ ਹੈ। ਇਸਦਾ ਜਮਹੂਰੀ ਹੱਲ ਇਜਰਾਇਲ ਦੇ ਜਾਇਨਵਾਦੀ ਰਾਜ ਦਾ ਖਤਮ ਹੋਣਾ ਤੇ ਇੱਥੇ ਫਲਸਤੀਨੀਆਂ ਦੇ ਕੌਮੀ ਰਾਜ ਦਾ ਸਥਾਪਤ ਹੋਣਾ ਹੈ।

ਗੁਰਪ੍ਰੀਤ ਅੰਮ੍ਰਿਤਸਰ

# ਪੀ.ਐੱਸ.ਬੀ. ਸੀਨੀਅਰਜ਼ ਕਲੱਬ ਨੇ ਕਰਵਾਇਆ 'ਡੇਮੈਂਨਸ਼ੀਆ' ਉੱਪਰ ਸੈਮੀਨਾਰ

## ਡਾ. ਪਰਮਜੀਤ ਸਿੰਘ ਖੁਰਾਣਾ ਤੇ ਡਾ. ਹਰਪ੍ਰੀਤ ਕੌਰ ਨੇ ਕੀਤਾ ਮੈਂਬਰਾਂ ਨੂੰ ਸੰਬੋਧਨ




ਬਰੈਂਪਟਨ, (ਡਾ. ਝੰਡ) – ਪੰਜਾਬ ਐਂਡ ਸਿੰਧ ਬੈਂਕ ਦੇ ਸਾਬਕਾ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਬਰੈਂਪਟਨ ਵਿਚ ਵਿਚਰ ਰਹੀ ਨਾਮਵਰ ਸੰਸਥਾ 'ਪੀ.ਐੱਸ.ਬੀ. ਸੀਨੀਅਰਜ਼ ਕਲੱਬ' ਵੱਲੋਂ ਲੰਘੇ ਸ਼ਨੀਵਾਰ 4 ਅਕਤੂਬਰ ਨੂੰ ਸਥਾਨਕ 'ਗੋਰ ਮੀਡੋਜ਼ ਕਮਿਊਨਿਟੀ ਸੈਂਟਰ' ਵਿਖੇ ਸੀਨੀਅਰਜ਼ ਨਾਲ ਸਬੰਧਿਤ ਅਤੀ-ਮਹੱਤਵਪੂਰਨ ਵਿਸ਼ੇ 'ਡੇਮੈਨਸ਼ੀਆ ਰੋਗ ਦੇ ਕਾਰਨ, ਲੱਛਣ ਅਤੇ ਰੋਕਥਾਮ' ਉੱਪਰ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਸੈਮੀਨਾਰ ਦੇ ਮੁੱਖ-ਬੁਲਾਰੇ ਡਾ. ਪਰਮਜੀਤ ਸਿੰਘ ਖੁਰਾਣਾ ਅਤੇ ਡਾ. ਹਰਪ੍ਰੀਤ ਕੌਰ ਸਨ। ਕਲੱਬ ਦੇ 110 ਮੈਂਬਰਾਂ ਦੀ ਭਰਵੀਂ ਹਾਜ਼ਰੀ ਨੇ ਸੈਮੀਨਾਰ ਵਿੱਚ ਇਸ ਬੀਮਾਰੀ ਬਾਰੇ ਵੱਡਮੁੱਲੀ ਜਾਣਕਾਰੀ ਪ੍ਰਾਪਤ ਕਰਕੇ ਇਸ ਦਾ ਭਰਪੂਰ ਲਾਹਾ ਲਿਆ।

ਕਲੱਬ ਦੇ ਮੈਂਬਰਾਂ ਵੱਲੋਂ ਸਵੇਰੇ ਲੱਗਭੱਗ 10.30 ਵਜੇ ਕਮਿਊਨਿਟੀ ਸੈਂਟਰ ਪਹੁੰਚਣ 'ਤੇ ਪ੍ਰਬੰਧਕਾਂ ਵੱਲੋਂ ਉਨ੍ਹਾਂ ਨੂੰ ਸੱਭ ਤੋਂ ਪਹਿਲਾਂ ਪੌਸ਼ਟਿਕ ਬਰੇਕਫ਼ਾਸਟ ਦਿੱਤਾ ਗਿਆ। ਉਪਰੰਤ, ਸੈਮੀਨਾਰ ਦਾ ਆਗਾਜ਼ ਕਰਦਿਆਂ ਕਲੱਬ ਦੇ ਚੇਅਰਮੈਨ ਗੁਰਚਰਨ ਸਿੰਘ ਖੱਖ ਵੱਲੋਂ ਆਏ ਮਹਿਮਾਨਾਂ ਤੇ ਮੈਂਬਰਾਂ ਨੂੰ ਨਿੱਘੀ 'ਜੀ ਆਇਆਂ' ਕਹੀ ਗਈ ਅਤੇ ਨਾਲ ਹੀ ਨਵੇਂ ਮੈਂਬਰਾਂ ਦਾ ਸੁਆਗ਼ਤ ਕਰਦਿਆਂ ਹੋਇਆਂ ਉਨ੍ਹਾਂ ਬਾਰੇ ਸੰਖੇਪ ਜਾਣ-ਪਛਾਣ ਕਰਵਾਈ ਗਈ। ਇਸ ਦੌਰਾਨ ਪਰਵਿੰਦਰ ਸਿੰਘ ਸਰਲ ਅਤੇ ਸੁਖਵਿੰਦਰ ਕੌਰ ਨੇ ਗੁਰਬਾਣੀ ਸ਼ਬਦ ਗਾਇਣ ਨਾਲ ਸਰੋਤਿਆਂ ਨੂੰ ਮੰਤਰ-ਮੁਗਧ ਕੀਤਾ। ਸੈਮੀਨਾਰ ਵਿੱਚ ਮੁੱਖ-ਬੁਲਾਰੇ ਵਜੋਂ ਸ਼ਿਰਕਤ ਕਰਦਿਆਂ ਡਾ. ਪਰਮਜੀਤ ਸਿੰਘ ਖੁਰਾਣਾ ਨੇ ਸੀਨੀਅਰਜ਼ ਨੂੰ ਦਰਪੇਸ਼ ਡੇਮੈਂਨਸ਼ੀਆ ਰੋਗ ਦੇ ਕਾਰਨਾਂ, ਇਸ ਦੇ ਲੱਛਣਾਂ ਅਤੇ ਇਸ ਤੋਂ ਬਚਣ ਦੇ ਢੰਗਾਂ-ਤਰੀਕਿਆਂ ਦਾ ਵਿਸਥਾਰ ਪੂਰਵਕ ਵਰਨਣ ਕੀਤਾ। ਮੈਂਬਰਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਕਸਰਤ, ਸਾਦਾ ਭੋਜਨ ਅਤੇ ਤਣਾਅ-ਮੁਕਤ ਜੀਵਨ ਇਸ ਰੋਗ ਤੋਂ ਬਚਣ ਦਾ ਸੱਭ ਤੋਂ ਵਧੀਆ ਤਰੀਕਾ ਹੈ। ਉਨ੍ਹਾਂ ਕਿਹਾ ਕਿ ਪਰਹੇਜ਼ ਇਸ ਰੋਗ ਦੇ ਇਲਾਜ ਨਾਲੋਂ ਵੀ ਬਿਹਤਰ ਹੈ ਅਤੇ ਅਜਿਹੀ 'ਜੀਵਨ-ਜਾਚ' ਨਾਲ ਅਸੀਂ ਆਪਣੇ ਆਪ ਨੂੰ ਇਸ ਰੋਗ ਤੋਂ ਕਾਫ਼ੀ ਹੱਦ ਤੱਕ ਦੂਰ ਰੱਖ ਸਕਦੇ ਹਾਂ। ਸਰੋਤਿਆਂ ਵੱਲੋਂ ਆਏ ਸੁਆਲਾਂ ਦੇ ਜੁਆਬ ਉਨ੍ਹਾਂ ਵੱਲੋਂ ਬੜੇ ਰੋਚਕ ਅੰਦਾਜ਼ ਵਿੱਚ ਦਿੱਤੇ ਗਏ ਅਤੇ ਨਾਲ ਹੀ ਉਨ੍ਹਾਂ ਦੇ ਬਹੁਤ ਸਾਰੇ ਸ਼ੰਕੇ ਨਵਿਰਤ ਕੀਤੇ ਗਏ।

ਜੀਵਨ ਵਿਚ ਸੰਗੀਤ ਦਾ ਮਹੱਤਵ ਬਿਆਨ ਕਰਦਿਆਂ ਹੋਇਆਂ ਉਨ੍ਹਾਂ ਦੇ ਨਾਲ ਪਹੁੰਚੇ ਡਾ. ਹਰਪ੍ਰੀਤ ਕੌਰ ਨੇ ਦੱਸਿਆ ਕਿ ਸੰਗੀਤਕ-ਧੁਨਾਂ ਸਾਡੀ ਮਾਨਸਿਕ ਅਵਸਥਾ ਨੂੰ ਬਦਲਣ ਦੇ ਸਮਰੱਥ ਹਨ ਅਤੇ ਮਨੁੱਖ ਨੂੰ ਸੰਗੀਤ ਨੂੰ ਰੋਜ਼ਾਨਾ ਜੀਵਨ ਦਾ ਹਿੱਸਾ ਬਨਾਉਣ ਦੀ ਲੋੜ ਹੈ। ਇਸ ਦੇ ਨਾਲ ਸਾਡਾ ਮਨ ਸ਼ਾਂਤ ਰਹਿੰਦਾ ਹੈ ਅਤੇ ਦਿਮਾਗ਼ ਵਿੱਚ ਚੱਲ ਰਹੀਆਂ ਉਸਾਰੂ ਸੋਚਾਂ ਸਾਡੇ ਮਨਾਂ ਨੂੰ ਚੁਸਤ, ਦਰੁੱਸਤ ਤੇ ਤੰਦਰੁਸਤ ਰੱਖਦੀਆਂ ਹਨ। ਉਨ੍ਹਾਂ ਹੋਰ ਕਿਹਾ ਕਿ ਇਸ ਮਾਨਸਿਕ ਰੋਗ ਲਈ 'ਮੈਡੀਟੇਸ਼ਨ' ਵੀ ਕਾਫ਼ੀ ਲਾਭਦਾਇਕ ਸਾਬਤ ਹੁੰਦੀ ਹੈ। ਇਸ ਦੌਰਾਨ ਰੀਜਨਲ ਕੌਂਸਲਰ ਪਾਲ ਵਿਸੈਂਟ ਵੀ ਸਮਾਰੋਹ ਵਿੱਚ ਪਹੁੰਚੇ ਅਤੇ ਉਨ੍ਹਾਂ ਸੈਮੀਨਾਰ ਦੇ ਸ਼ਾਨਦਾਰ ਆਯੋਜਨ ਲਈ ਪ੍ਰਬੰਧਕਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਅਜਿਹੇ ਸੈਮੀਨਾਰ ਸੀਨੀਅਰਜ਼ ਲਈ ਬੜੇ ਉਪਯੋਗੀ ਹਨ। ਉਨ੍ਹਾਂ ਵੱਲੋਂ ਕਲੱਬ ਦੇ ਇਸ ਉਪਰਾਲੇ ਦੀ ਭਾਰੀ ਸਰਾਹਨਾ ਕੀਤੀ ਗਈ। ਸੈਮੀਨਾਰ ਤੋਂ ਬਾਅਦ 'ਟੋਰਾਂਟੋ ਮਿਊਜ਼ੀਕਲ ਗਰੁੱਪ' ਵੱਲੋਂ ਰਾਜੀਵ ਸੂਦ ਦੀ ਅਗਵਾਈ ਵਿਚ ਗੀਤ-ਸੰਗੀਤ ਦਾ ਰੰਗਾ-ਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਰਾਜੀਵ ਸੂਦ ਨੇ ਪੰਜਾਬੀ ਭੰਗੜੇ ਦੀ ਬੀਟ ਵਾਲੇ ਪੰਜਾਬੀ ਗੀਤ ਗਾ ਕੇ ਕਲੱਬ ਦੇ ਮੈਂਬਰਾਂ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ। ਇਸ ਦੌਰਾਨ ਪ੍ਰਬੰਧਕਾਂ ਵੱਲੋਂ ਆਰਡਰ ਕੀਤਾ ਗਿਆ ਖਾਣਾ ਵੀ ਪਹੁੰਚ ਚੁੱਕਾ ਸੀ। ਪਹਿਲਾਂ ਔਰਤ ਮੈਂਬਰਾਂ ਤੇ ਫਿਰ ਮਰਦ ਮੈਂਬਰਾਂ ਨੇ ਮਿਲ ਕੇ ਲਜ਼ੀਜ਼ ਖਾਣੇ ਦਾ ਅਨੰਦ ਮਾਣਿਆ। ਖਾਣੇ ਉਪਰੰਤ, ਦੂਸਰੇ ਸੈਸ਼ਨ ਵਿੱਚ ਜਤਿੰਦਰਪਾਲ ਕੌਰ ਤੇ ਜਸਵਿੰਦਰ ਕੌਰ ਵੱਲੋਂ ਮੈਂਬਰਾਂ ਨੂੰ ਤੰਬੋਲੇ ਦੀ ਗੇਮ ਖਿਡਾਈ ਗਈ। ਕਲੱਬ ਦੇ ਚੇਅਰਮੈਨ ਗੁਰਚਰਨ ਸਿੰਘ ਖੱਖ, ਪ੍ਰਧਾਨ ਹਰਚਰਨ ਸਿੰਘ, ਉਪ-ਪ੍ਰਧਾਨ ਗਿਆਨ ਪਾਲ, ਸਕੱਤਰ ਮਨਜੀਤ ਸਿੰਘ ਗਿੱਲ, ਖ਼ਜ਼ਾਨਚੀ ਰਾਮ ਸਿੰਘ, ਦਲਬੀਰ ਸਿੰਘ ਕਾਲੜਾ, ਰਘਬੀਰ ਸਿੰਘ ਮੱਕੜ, ਬਰਜਿੰਦਰ ਸਿੰਘ ਮਰਵਾਹਾ ਤੇ ਜੋਗਿੰਦਰ ਕੌਰ ਮਰਵਾਹਾ ਵੱਲੋਂ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ ਅਤੇ 14 ਦਸੰਬਰ ਦੀ ਅਗਲੇਰੀ ਮੀਟਿੰਗ ਵਿਚ ਮੁੜ ਮਿਲਣ ਦਾ ਵਾਅਦਾ ਕਰਕੇ ਮੈਂਬਰ ਸਾਹਿਬਾਨ ਆਪਣੇ ਘਰਾਂ ਨੂੰ ਰੁਖ਼ਸਤ ਹੋਏ।

# ਬਾਬਾ ਫ਼ੌਜਾ ਸਿੰਘ ਦੀ ਯਾਦ 'ਚ 'ਇੰਸਪੀਰੇਸ਼ਨਲ ਸਟੈੱਪਸ ਮੈਰਾਥਨ – 2025', ਐਤਵਾਰ 12 ਅਕਤੂਬਰ ਨੂੰ ...

## ਦੌੜਾਕਾਂ ਵਿੱਚ ਭਾਰੀ ਉਤਸ਼ਾਹ, 165 ਦੌੜਾਕਾਂ ਨੇ ਹੁਣ ਤੱਕ ਕਰਵਾਈ ਰਜਿਸਟ੍ਰੇਸ਼ਨ, ਰਜਿਸਟ੍ਰੇਸ਼ਨ 'ਔਨ-ਲਾਈਨ' ਜਾਰੀ






ਬਰੈਂਪਟਨ, (ਡਾ. ਝੰਡ)– ਪਹਿਲੇ ਦਸਤਾਰਧਾਰੀ ਮੈਰਾਥਨ ਦੌੜਾਕ ਬਾਬਾ ਫ਼ੌਜਾ ਸਿੰਘ ਨੂੰ ਯਾਦ ਕਰਦਿਆਂ ਹੋਇਆਂ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਵੱਲੋਂ ਮੈਰਾਥਨ ਦੌੜ 'ਇੰਸਪੀਰੇਸ਼ਨਲ ਸਟੈੱਪਸ 2025'ਐਤਵਾਰ 12 ਅਕਤੂਬਰ ਨੂੰ ਕਰਵਾਈ ਜਾ ਰਹੀ ਹੈ। ਇਸ ਮੈਰਾਥਨ ਦੌੜ ਦਾ ਟੀਚਾ ਬਾਬਾ ਫ਼ੌਜਾ ਸਿੰਘ ਦੇ ਨਾਂ 'ਤੇ ਦੌੜਾਕਾਂ ਵੱਲੋਂ ਘੱਟੋ-ਘੱਟ 100 ਮੈਰਾਥਨਾਂ ਦੇ ਬਰਾਬਰ ਦੌੜਨ ਦਾ ਹੈ। ਪਾਠਕਾਂ ਨੂੰ ਯਾਦ ਹੋਵੇਗਾ ਕਿ ਬਾਬਾ ਜੀ 100 ਸਾਲ ਦੀ ਉਮਰ ਵਿੱਚ 16 ਅਕਤੂਬਰ 2011 ਨੂੰ ਟੋਰਾਂਟੋ ਵਿੱਚ 'ਟੋਰਾਂਟੋ ਵਾਟਰਫ਼ਰੰਟ ਮੈਰਾਥਨ' ਪੂਰੀ ਕਰਨ ਵਾਲੇ ਪਹਿਲਾ ਵਿਅੱਕਤੀ ਸਨ।

ਇਹ 'ਇੰਸਪੀਰੇਸ਼ਨ ਸਟੈੱਪਸ 2025' ਉਨ੍ਹਾਂ ਦੀ ਉਸ ਦੌੜ ਨੂੰ ਸਮੱਰਪਿਤ ਕੀਤੀ ਜਾ ਰਹੀ ਹੈ। ਈਵੈਂਟ ਦੇ ਪ੍ਰਬੰਧਕਾਂ ਵੱਲੋਂ ਪ੍ਰਾਪਤ ਜਾਣਕਾਰੀ ਅਨੁਸਾਰ ਹੁਣ ਤੀਕ 165 ਦੌੜਾਕ ਤੇ ਵਾੱਕਰ ਇਸ ਮੈਰਾਥਨ ਦੌੜ ਦੇ ਵੱਖ-ਵੱਖ ਫ਼ਾਸਲਿਆਂ 42.2 ਕਿਲੋਮੀਟਰ, 12 ਕਿਲੋਮੀਟਰ ਅਤੇ 5 ਕਿਲੋਮੀਟਰ ਲਈ ਆਪਣੀ ਰਜਿਸਟ੍ਰੇਸ਼ਨ ਔਨ-ਲਾਈਨ ਕਰਵਾ ਚੁੱਕੇ ਹਨ ਅਤੇ ਇਹ ਸਿਲਸਿਲਾ ਬਰਾਬਰ ਚੱਲ ਰਿਹਾ ਹੈ। ਇਹ ਰਜਿਸਟ੍ਰੇਸ਼ਨ ਉਨ੍ਹਾਂ ਵੱਲੋਂ ਾਾ.ਗਗਸਚਡ.ਚੋਮ 'ਤੇ ਜਾ ਕੇ ਕਰਵਾਈ ਜਾ ਰਹੀ ਹੈ ਜਿੱਥੇ ਇਸ ਈਵੈਂਟ ਬਾਰੇ ਵਿਸਤ੍ਰਿਤ ਜਾਣਕਾਰੀ ਮੌਜੂਦ ਹੈ। ਇਸ ਦੌੜ ਲਈ ਰਜਿਸਟ੍ਰੇਸ਼ਨ ਫ਼ੀਸ ਕੇਵਲ 20 ਡਾਲਰ ਰੱਖੀ ਗਈ ਹੈ। ਜੀਟੀਏ ਦੇ ਗੁਰਦੁਆਰਾ ਸਾਹਿਬਾਨ ਦੇ ਸਹਿਯੋਗ ਨਾਲ ਇਹ ਈਵੈਂਟ ਬੱਚਿਆਂ, ਜਵਾਨਾਂ ਤੇ ਸੀਨੀਅਰਾਂ, ਭਾਵ ਸੱਭਨਾਂ ਦੇ ਲਈ ਸਾਂਝੇ ਤੌਰ 'ਤੇ ਆਯੋਜਿਤ ਕੀਤਾ ਜਾ ਰਿਹਾ ਹੈ।

ਦੌੜ ਦੇ ਰੂਟ ਬਾਰੇ ਪ੍ਰਬੰਧਕਾਂ ਤੋਂ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਇਸ ਦੌੜ ਦੇ ਦੌੜਾਕਾਂ ਤੇ ਵਾੱਕਰਾਂ ਨੂੰ ਦੱਸਿਆ ਜਾਂਦਾ ਹੈ ਕਿ 'ਫੁੱਲ ਮੈਰਾਥਨ' (42.2 ਕਿਲੋਮੀਟਰ) ਪੈਦਲ ਚੱਲਣ ਵਾਲੇ 'ਵਾੱਕਰ' ਸਕਾਰਬਰੋ ਗੁਰਦੁਆਰਾ ਸਾਹਿਬ ਤੋਂ ਸਵੇਰੇ 6.00 ਵਜੇ ਚੱਲਣਗੇ ਅਤੇ 'ਰੱਨਰਜ਼' ਲਈ ਇਹ ਮੈਰਾਥਨ ਦੌੜ ਸਵੇਰੇ 9.00 ਵਜੇ ਆਰੰਭ ਹੋਵੇਗੀ। ਉਹ ਸਾਰੇ 'ਮਿਡਲਫ਼ੀਲਡ ਰੋਡ' ਅਤੇ 'ਫਿੰਚ ਐਵੀਨਿਊ' ਦੇ ਨਾਲ-ਨਾਲ ਚੱਲਦਿਆਂ ਹੋਇਆਂ ਰੈਕਸਡੇਲ ਗੁਰੂਘਰ ਨੇੜਲੀ 'ਕੈਰੀਅਰ ਰੋਡ' ਤੋਂ ਦੁਪਹਿਰੇ 12.00 ਵਜੇ 12 ਕਿਲੋਮੀਟਰ ਚੱਲਣ ਵਾਲੇ ਦੌੜਾਕਾਂ ਤੇ ਵਾੱਕਰਾਂ ਨਾਲ ਸ਼ਾਮਲ ਹੋ ਜਾਣਗੇ। ਇੱਥੋਂ ਉਹ ਪਹਿਲਾਂ 'ਵੈੱਸਟਰਨ ਡਰਾਈਵ' ਤੇ ਫਿਰ 'ਫਿੰਚ ਐਵੀਨਿਊ' ਤੋਂ 'ਹੰਬਰਲਾਈਨ ਡਰਾਈਵ' ਤੇ 'ਹੰਬਰਵੁੱਡ ਬੁਲੇਵਾਰਡ' ਹੁੰਦੇ ਹੋਏ ਮਿਸੀਸਾਗਾ ਵਿੱਚ ਦਾਖ਼ਲ ਹੋਣਗੇ ਅਤੇ ਉੱਥੋਂ 'ਮੌਰਨਿੰਗ ਸਟਾਰ' ਲੈ ਕੇ ਮਾਲਟਨ ਗੁਰੂਘਰ ਤੋਂ 5 ਕਿਲੋਮੀਟਰ ਦੌੜਨ ਵਾਲਿਆਂ ਨਾਲ ਸ਼ਾਮਲ ਹੋ ਕੇ 'ਏਅਰਪੋਰਟ ਰੋਡ' ਤੇ 'ਡੈਰੀ ਰੋਡ' 'ਤੇ ਚੱਲਦੇ ਹੋਏ ਡਿਕਸੀ ਗੁਰੂਘਰ ਦੇ ਸਾਹਮਣੇ ਬਣਾਏ ਗਏ 'ਫ਼ਿਨਿਸ਼ ਪੁਆਇੰਟ' 'ਤੇ ਪਹੁੰਚਣਗੇ।

ਇੱਥੇ ਇਹ ਵਰਨਣਯੋਗ ਹੈ ਕਿ 'ਹਾਫ਼-ਮੈਰਾਥਨ' (21 ਕਿਲੋਮੀਟਰ) ਦੌੜ ਵਿੱਚ ਦੌੜਾਕਾਂ ਦੀ ਰਜਿਸਟ੍ਰੇਸ਼ਨ ਘੱਟ ਹੋਈ ਹੋਣ ਕਾਰਨ ਪ੍ਰਬੰਧਕਾਂ ਵੱਲੋਂ ਇਹ ਦੌੜ ਕੈਂਸਲ ਕਰ ਦਿੱਤੀ ਗਈ ਹੈ ਹਾਫ਼ ਮੈਰਾਥਨ ਲਈ ਰਜਿਸਟਰ ਹੋਏ ਦੌੜਾਕਾਂ ਤੇ ਵੱਕਰਾਂ ਨੂੰ 'ਸਿੱਖ ਸਪਿਰਿਚੂਅਲ ਸੈਂਟਰ ਰੈਕਸਡੇਲ ਤੋਂ 12.00 ਵਜੇ ਆਰੰਭ ਹੋਣ ਵਾਲੀ 12 ਕਿਲੋਮੀਟਰ ਦੌੜ ਵਿੱਚ ਸ਼ਾਮਲ ਕਰ ਲਿਆ ਗਿਆ ਹੈ। ਅਲਬੱਤਾ! ਪੰਜ ਕਿਲੋਮੀਟਰ ਦੌੜ ਓਸੇ ਤਰ੍ਹਾਂ ਪਹਿਲਾਂ ਤੈਅ-ਸ਼ੁਦਾ ਪ੍ਰੋਗਰਾਮ ਅਨੁਸਾਰ ਮਾਲਟਨ ਗੁਰਦੁਆਰਾ ਸਾਹਿਬ ਤੋਂ ਬਾਅਦ ਦੁਪਹਿਰ 1.00 ਵਜੇ ਸ਼ੁਰੂ ਹੋਵੇਗੀ। ਇਸ ਦੌੜ ਵੱਚ ਸ਼ਾਮਲ ਹੋਣ ਲਈ ਦੌੜਾਕਾਂ ਤੇ ਵਾੱਕਰਾਂ ਨੂੰ ਘੱਟੋ-ਘੱਟ ਅੱਧਾ ਘੰਟਾ ਪਹਿਲਾਂ 12.30 ਵਜੇ ਤੱਕ ਮਾਲਟਨ ਗੁਰਦੁਆਰਾ ਸਾਹਿਬ ਦੇ ਸਾਹਮਣੇ ਵਾਲੇ ਪਾਰਕ ਵਿੱਚ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ ਤਾਂ ਜੋ ਉਹ ਠੀਕ 1.00 ਵਜੇ ਇੱਥੋਂ ਆਰੰਭ ਹੋਣ ਵਾਲੀ 5.00 ਕਿਲੋਮੀਟਰ ਦੌੜ ਵਿੱਚ ਸਮੇਂ-ਸਿਰ ਸ਼ਾਮਲ ਹੋ ਸਕਣ ਅਤੇ 2.00 ਵਜੇ ਦੇ ਲੱਗਭੱਗ ਡਿਕਸੀ ਗੁਰੂਘਰ ਦੇ ਸਾਹਮਣੇ 'ਫ਼ਿਨਿਸ਼-ਪੁਆਇੰਟ' 'ਤੇ ਪਹੁੰਚ ਸਕਣ। ਇਹ ਸਾਰਾ ਕੁਝ ਦੱਸਣ ਤੋਂ ਭਾਵ ਹੈ ਕਿ ਸਾਰੀਆਂ ਦੌੜਾਂ ਦਾ 'ਫਿਨਿਸ਼-ਪੁਆਇੰਟ'ਡਿਕਸੀ ਗੁਰੂਘਰ ਦੇ ਸਾਹਮਣੇ ਹੀ ਹੈ ਅਤੇ ਦੌੜਾਕ ਤੇ ਵਾੱਕਰ ਬਾਅਦ ਦੁਪਹਿਰ 1.00 ਵਜੇ ਤੋਂ 2.00 ਵਜੇ ਦੇ ਵਿਚਕਾਰ ਜਾਂ ਇਸ ਤੋਂ ਬਾਅਦ ਇੱਥੇ ਪਹੁੰਚ ਸਕਣਗੇ।

ਤੁਸੀਂ ਇਸ ਮੈਰਾਥਨ ਦੌੜ ਵਿੱਚ ਇਕੱਲੇ ਜਾਂ ਚਾਰ ਦੌੜਾਕਾਂ ਦੇ ਗਰੁੱਪ ਦੇ ਤੌਰ 'ਤੇ ਵੀ ਭਾਗ ਲੈ ਸਕਦੇ ਹੋ। ਪਰਿਵਾਰ ਦੇ ਮੈਂਬਰ ਵੀ ਮਿਲ ਕੇ ਆਪਣਾ ਇਹ ਗਰੁੱਪ ਬਣਾ ਸਕਦੇ ਹਨ। ਇਹ 42.2 ਕਿਲੋਮੀਟਰ ਮੈਰਾਥਨ ਦੌੜ 12 ਅਕਤੂਬਰ ਤੋਂ ਪਹਿਲਾਂ ਵੀ ਸ਼ੁਰੂ ਕੀਤੀ ਸਕਦੀ ਹੈ। ਇਸ ਲੰਮੀ ਦੌੜ ਦੇ ਦੌੜਾਕ ਇੱਕ ਸ਼ੀਟ ਉੱਪਰ ਉਨ੍ਹਾਂ ਦੇ ਵੱਲੋਂ 6 ਦਿਨ ਪਹਿਲਾਂ ਰੋਜ਼ਾਨਾ ਕੀਤੀ ਜਾਣ ਵਾਲੀ ਦੌੜ ਦਾ ਵੇਰਵਾ ਦਰਜ ਕਰ ਸਕਦੇ ਹਨ ਕਿ ਹਰੇਕ ਦਿਨ ਕਿੰਨੇ ਕਿਲੋਮੀਟਰ ਦੌੜੇ ਅਤੇ ਅਖ਼ੀਰਲੇ 5 ਕਿਲੋਮੀਟਰ ਉਹ 12 ਅਕਤੂਬਰ ਵਾਲੇ ਦਿਨ ਹੋਰ ਦੌੜਾਕਾਂ ਦੇ ਨਾਲ ਮਾਲਟਨ ਗੁਰੂਘਰ ਤੋਂ ਡਿਕਸੀ ਗੁਰੂਘਰ ਤੱਕ ਦੌੜ ਕੇ ਪੂਰੀ ਕਰ ਸਕਦੇ ਹਨ। ਇਸ ਤਰ੍ਹਾਂ ਇਹ ਮੈਰਾਥਨ ਦੌੜ ਬਾਬਾ ਫ਼ੌਜਾ ਸਿੰਘ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਇਸ ਦੇ ਬਾਰੇ ਹੋਰ ਵਧੇਰੇ ਜਾਣਕਾਰੀ www.ggscf.com 'ਤੇ ਜਾ ਕੇ ਪ੍ਰਾਪਤ ਕੀਤੀ ਜਾ ਸਕਦੀ ਹੈ।

# ਇੰਗਲੈਂਡ ਦੀ ਸਭ ਤੋਂ ਵੱਡੀ ਪੰਥਕ ਸਟੇਜ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀਆਂ ਚੋਣਾਂ 'ਚ "ਸ਼ੇਰ ਗਰੁੱਪ" ਨੇ ਜਿੱਤ ਦਰਜ ਕੀਤੀ

## ਗੁਰਮੇਲ ਸਿੰਘ ਮੱਲ੍ਹੀ ਨੇ ਹਾਸਲ ਕੀਤੀਆਂ ਸਭ ਤੋਂ ਵੱਧ 2763 ਵੋਟਾਂ






ਸਾਊਥਾਲ (ਮਨਦੀਪ ਖੁਰਮੀ ਹਿੰਮਤਪੁਰਾ): ਇੰਗਲੈਂਡ ਵਿੱਚ ਸਭ ਤੋਂ ਅਹਿਮ ਤੇ ਵੱਡੀ ਪੰਥਕ ਸਟੇਜ ਵਜੋਂ ਮੰਨੇ ਜਾਂਦੇ ਸਾਊਥਾਲ ਦੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ (ਪਾਰਕ ਐਵਿਨਿਊ ਅਤੇ ਗੁਰੂ ਨਾਨਕ ਰੋਡ) ਦੀਆਂ ਚੋਣਾਂ ਦੇ ਨਤੀਜਿਆਂ ਦੇ ਐਲਾਨ ਹੋਣ ਨਾਲ "ਸ਼ੇਰ ਗਰੁੱਪ" ਨੇ ਸ਼ਾਨਦਾਰ ਜਿੱਤ ਹਾਸਲ ਕਰਦਿਆਂ ਸਾਰੀਆਂ 21 ਸੀਟਾਂ 'ਤੇ ਕਬਜ਼ਾ ਕਰ ਲਿਆ ਹੈ। ਇਹ ਚੋਣਾਂ ਯੂਕੇ ਦੇ ਸਿੱਖ ਭਾਈਚਾਰੇ ਦੀ ਵਿੱਚ ਅਹਿਮ ਮੰਨੀਆਂ ਜਾਂਦੀਆਂ ਹਨ, ਕਿਉਂਕਿ ਸਾਊਥਾਲ ਗੁਰਦੁਆਰਾ ਯੂਕੇ ਦੇ ਸਭ ਤੋਂ ਵੱਡੇ ਅਤੇ ਪ੍ਰਭਾਵਸ਼ਾਲੀ ਗੁਰਦੁਆਰਿਆਂ ਵਿੱਚੋਂ ਇੱਕ ਹੈ। ਰਿਟਰਨਿੰਗ ਅਫਸਰ ਮਾਈਕਲ ਕੋਲਮੈਨ ਵੱਲੋਂ ਜਾਰੀ ਨਤੀਜਿਆਂ ਮੁਤਾਬਕ, ਸ਼ੇਰ ਪਾਰਟੀ ਦੇ ਉਮੀਦਵਾਰਾਂ ਨੇ ਵੱਡੇ ਫਰਕ ਨਾਲ ਜਿੱਤ ਹਾਸਲ ਕੀਤੀ। ਇਹਨਾਂ ਚੋਣਾਂ ਵਿੱਚ ਕੁੱਝ ਪ੍ਰਮੁੱਖ ਆਗੂਆਂ ਜਿਵੇਂ ਕਿ ਗੁਰਮੇਲ ਸਿੰਘ ਮੱਲ੍ਹੀ: 2,763 ਵੋਟਾਂ (ਸਭ ਤੋਂ ਵੱਧ), ਹਰਜੀਤ ਸਿੰਘ: 2,772 ਵੋਟਾਂ, ਸੁਰਿੰਦਰ ਸਿੰਘ ਧੱਟ: 2,771 ਵੋਟਾਂ, ਗੁਰਬਚਨ ਸਿੰਘ ਅਠਵਾਲ: 2,768 ਵੋਟਾਂ, ਸੁਰਜੀਤ ਕੌਰ ਬੱਸੀ: 2,765 ਵੋਟਾਂ, ਕਮਲ ਪ੍ਰੀਤ ਕੌਰ: 2,763 ਵੋਟਾਂ, ਬਲਜਿੰਦਰ ਸਿੰਘ ਹੰਸਰਾ: 2,747 ਵੋਟਾਂ, ਮਨਜੀਤ ਸਿੰਘ: 2,754 ਵੋਟਾਂ, ਸਤਨਾਮ ਸਿੰਘ ਚੌਹਾਨ ਨੇ 2,761 ਵੋਟਾਂ ਹਾਸਲ ਕੀਤੀਆਂ ਹਨ। ਇਸ ਦੇ ਨਾਲ ਨਾਲ ਸ਼ੇਰ ਪਾਰਟੀ ਦੇ ਬਾਕੀ ਉਮੀਦਵਾਰਾਂ ਨੇ ਵੀ 2,700 ਦੇ ਨੇੜੇ-ਤੇੜੇ ਵੋਟਾਂ ਹਾਸਲ ਕੀਤੀਆਂ ਹਨ।

ਦੂਜੇ ਪਾਸੇ ਪੰਥਕ ਗਰੁੱਪ ਦੇ ਉਮੀਦਵਾਰਾਂ ਨੂੰ 2,200 ਤੋਂ 2,300 ਵੋਟਾਂ ਦੇ ਵਿਚਕਾਰ ਮਿਲੀਆਂ। ਉਨ੍ਹਾਂ ਦੇ ਮੁਖੀ ਉਮੀਦਵਾਰ ਹਿੰਮਤ ਸਿੰਘ ਸੋਹੀ ਨੂੰ 2,263 ਵੋਟਾਂ ਮਿਲੀਆਂ, ਜੋ ਸ਼ੇਰ ਪਾਰਟੀ ਦੇ ਉਮੀਦਵਾਰਾਂ ਦੇ ਮੁਕਾਬਲੇ ਕਾਫ਼ੀ ਘੱਟ ਸਨ। ਇਸ ਨਾਲ ਪੰਥਕ ਗਰੁੱਪ ਦਾ ਪੂਰਾ ਪੈਨਲ ਚੋਣ ਹਾਰ ਗਿਆ। ਪੰਥਕ ਗਰੁੱਪ ਦੀ ਹਾਰ ਦੀ ਵਜ੍ਹਾ ਸ਼ਾਇਦ ਮੀਡੀਆ ਅਦਾਰਿਆਂ ਕੋਲੋਂ ਦੂਰੀ ਵੀ ਮੰਨਿਆ ਜਾ ਸਕਦਾ ਹੈ ਜਦਕਿ ਸ਼ੇਰ ਗਰੁੱਪ ਦੀਆਂ ਮੀਡੀਆ ਸਰਗਰਮੀਆਂ ਬਹੁਤ ਤੇਜ ਰਹੀਆਂ।

# ਬਰੈਂਪਟਨ ਸੀਨੀਅਰਜ਼ ਵੂਮੈਨ ਕਲੱਬ ਵਲੋਂ ਬੁੱਧਾ ਮੰਦਰ ਦਾ ਟੂਰ



ਪਿਛਲੇ ਦਿਨੀ ਬਰੈਂਪਟਨ ਸੀਨੀਅਰਜ਼ ਵੂਮੈਨ ਕਲੱਬ ਦੀ ਪ੍ਰਧਾਨ ਕੁਲਦੀਪ ਗਰੇਵਾਲ, ਸਕੱਤਰ ਇੰਦਰਜੀਤ ਢਿਲੋਂ, ਡਾਇਰੈਕਟਰਜ਼ ਗੁਰਮੀਤ ਰਾਏ, ਪਰਮਜੀਤ ਗਿੱਲ ਅਤੇ ਅਵਤਾਰ ਰਾਏ ਦੇ ਸਹਿਯੋਗ ਨਾਲ ਕਲੱਬ ਦੀਆਂ ਮੈਂਬਰਜ਼ ਨੂੰ ਬੁੱਧਾ ਮੰਦਰ ਦਾ ਟੂਰ ਕਰਵਾਇਆ ਗਿਆ। ਬੱਸ ਸਵੇਰੇ 9 ਵਜ਼ੇ ਬਰਿਡਨ ਪਲਾਜ਼ਾ ਤੋਂ ਰਵਾਨਾ ਹੋਈ। ਡਿਸਟ੍ਰਿਕ ਸਕੂਲ ਬੋਰਡ ਦੇ ਡਿਪਟੀ ਚੇਅਰਮੈਨ ਸਤਪਾਲ ਜੌਹਲ ਨੇ ਬੱਸ ਚਲਣ ਵੇਲੇ ਸੁਭ ਇਛਾਵਾਂ ਦਿੱਤੀਆਂ। ਬੱਸ ਵਿੱਚ ਬੀਬੀਆਂ ਨੂੰ ਕਲੱਬ ਵਲੋਂ ਸਨੈਕਸ ਵੰਡੇ ਗਏ। ਬੁੱਧਾ ਮੰਦਰ ਪਹੁੰਚ ਕੇ ਸਾਰੀਆਂ ਬੀਬੀਆਂ ਨੇ ਬੜੀ ਸ਼ਰਧਾ ਨਾਲ ਦਰਸ਼ਨ ਕੀਤੇ,ਉਸਤੋਂ ਬਾਅਦ ਬੱਸ ਪੀਟਰਬਰੋਅ ਲੇਕ ਪਹੁੰਚੀ,ਉਥੇ ਜਾਕੇ ਸਭਨੇ ਇੱਕਠਿਆਂ ਬੈਠਕੇ ਲੰਚ ਕੀਤਾ ਤੇ ਖੂਬ ਮਨੋਰੰਜਨ ਕੀਤਾ। ਇਹ ਟਰਿੱਪ ਇੱਕ ਖੂਬਸੂਰਤ ਯਾਦਗਾਰ ਬਣਿਆ ਜਿਸਨੂੰ ਸਭ ਨੇ ਬਹੁਤ ਹੀ ਸਲਾਹਿਆ ਤੇ ਕਲੱਬ ਦਾ ਧੰਨਵਾਦ ਕੀਤਾ ਜਿੰਨ੍ਹਾਂ ਨੇ ਬੜੀ ਮਿਹਨਤ ਨਾਲ ਇਸ ਟਰਿੱਪ ਨੂੰ ਉਲੀਕਿਆ। ਬੱਸ ਸ਼ਾਮ ਨੂੰ 8-30 ਵਜ਼ੇ ਵਾਪਿਸ ਆਈ।

GTA
Plumbing & Electrical Supplies
GTA Plumbling & Electrical Supplies



ONE STOP SHOP FOR ALL PLUMBING & ELECTRICAL SUPPLIES

* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250

* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more

Moen, American Standard Pfister, Faucets, ABS, Copper and all type of fitting

905-792-0036

18 Strathearn Ave South A, Unit#25-27
Brampton (Steeles & Dixie)

ਦੇਸੀ ਦਵਾਈਆਂ ਦਾ ਚਮਤਕਾਰ

ਹਰਬਲ ਵਿਆਗਰਾ:-ਮਰਦਾਨਾ ਤਾਕਤ
ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ




ਨਸ਼ਾ ਛੁਡਾਓ
ਸ਼ਰਾਬ, ਅਫ਼ੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ

ਔਰਤਾਂ ਤੇ ਮਰਦਾਂ ਦੇ ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ
ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।

ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ,ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫ਼ਲ ਇਲਾਜ



ਚਮੜੀ ਦੇ ਰੋਗਾਂ ਦਾ ਸਫ਼ਲ ਇਲਾਜ
ਚੰਬਲ, ਦਦਰੀ, ਸੁਫਾਕੀ, ਐਲਰਜੀ, ਵਾਲ ਝੜਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫ਼ਲ ਇਲਾਜ ਕੀਤਾ ਜਾਂਦਾ ਹੈ

PH: 416-425-0138
514-632-0138

ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ
ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ
ਨੋਟ: ਸਾਰੇ ਇਲਾਜ ਦੇਸੀ ਜੜੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ

Solve Your Life Problems with Easy Opay & Lucky Stone, Book and Appointment Today!

ASK Mortgage Ltd.

Business Loan
Credit Line
Truck/Taxi Loan
New Immigrant Package

416-366-1234



Jaswinder Khosa
416-894-9400

1332 Khalsa Drive Unit 12

# ਹਿਪਨੋਟਿਜ਼ਮ ਦਾ ਵਿਗਿਆਨ (ਮਨ ਦੀ ਤਾਕਤ ਨਾਲ ਇਲਾਜ ਦੀ ਵਿਗਿਆਨਕ ਕਲਾ)



ਹਿਪਨੋਟਿਜ਼ਮ ਜਾਂ ਹਿਪਨੋਸਿਸ ਇੱਕ ਐਸੀ ਮਨੋਵਿਗਿਆਨਕ ਪ੍ਰਕਿਰਿਆ ਹੈ ਜਿਸ ਨੇ ਸਦੀਆਂ ਤੋਂ ਵਿਗਿਆਨੀਆਂ ਅਤੇ ਸਿਹਤ ਮਾਹਿਰਾਂ ਦਾ ਧਿਆਨ ਖਿੱਚਿਆ ਹੈ। ਪੁਰਾਤਨ ਸਮਿਆਂ ਵਿੱਚ ਇਸਨੂੰ ਜਾਦੂ ਜਾਂ ਰਹੱਸਮਈ ਕਲਾ ਮੰਨਿਆ ਜਾਂਦਾ ਸੀ ਪਰ ਅੱਜ ਇਹ ਆਧੁਨਿਕ ਸਿਹਤ ਵਿਗਿਆਨ ਦਾ ਇਕ ਪ੍ਰਮਾਣਿਤ ਹਿੱਸਾ ਬਣ ਚੁੱਕਾ ਹੈ।

ਹਿਪਨੋਟਿਜ਼ਮ ਸ਼ਬਦ ਯੂਨਾਨੀ ਸ਼ਬਦ ਹਿਪਨੋਸ ਤੋਂ ਬਣਿਆ ਹੈ ਜਿਸਦਾ ਅਰਥ ਹੈ "ਨੀਂਦ"। ਹਾਲਾਂਕਿ ਹਿਪਨੋਟਿਜ਼ਮ ਸਾਧਾਰਣ ਨੀਂਦ ਨਹੀਂ ਹੁੰਦੀ ਇਹ ਇਕ ਐਸੀ ਅਵਸਥਾ ਹੈ ਜਿਸ ਵਿੱਚ ਮਨੁੱਖ ਅੱਧ-ਸੁਚੇਤ ਹੋਣ ਦੇ ਬਾਵਜੂਦ ਬਾਹਰੀ ਗਿਆਨ ਇੰਦਰੀਆਂ ਲਈ ਬਹੁਤ ਹੀ ਸਵੇਦਨਸ਼ੀਲ ਹੋ ਜਾਂਦਾ ਹੈ।

ਅਠਾਰਵੀਂ ਸਦੀ ਵਿੱਚ ਫਰਾਂਸ ਐਂਟਨ ਮੇਸਮਰ ਨੇ ਐਨੀਮਲ ਮੈਗਨੇਟਿਜ਼ਮ ਦਾ ਸਿਧਾਂਤ ਦਿੱਤਾ ਜੋ ਬਾਅਦ ਵਿੱਚ ਆਧੁਨਿਕ ਹਿਪਨੋਥੈਰੇਪੀ ਦਾ ਅਧਾਰ ਬਣਿਆ। ਸਮੇਂ ਦੇ ਨਾਲ ਹਿਪਨੋਟਿਜ਼ਮ ਨੂੰ ਮਨੋਵਿਗਿਆਨ ਅਤੇ ਸਿਹਤ ਵਿਗਿਆਨ ਨੇ ਸਵੀਕਾਰ ਕਰ ਲਿਆ ਅਤੇ ਅੱਜ ਇਹ ਮਨੁੱਖੀ ਦਿਮਾਗ ਅਤੇ ਵਿਉਹਾਰ ਦੇ ਅਧਿਐਨ ਦਾ ਇਕ ਮਹੱਤਵਪੂਰਨ ਹਿੱਸਾ ਹੈ।

### ਹਿਪਨੋਟਿਜ਼ਮ ਦਾ ਸਿਧਾਂਤ

ਹਿਪਨੋਟਿਜ਼ਮ ਦਾ ਮੂਲ ਸਿਧਾਂਤ ਮਨ ਦੀ ਕੇਂਦ੍ਰਿਤ ਧਿਆਨਸ਼ੀਲਤਾ ਅਤੇ ਸੁਝਾਅ ਦੀ ਤਾਕਤ 'ਤੇ ਆਧਾਰਿਤ ਹੈ। ਜਦੋਂ ਕੋਈ ਵਿਅਕਤੀ ਹਿਪਨੋਟਿਕ ਅਵਸਥਾ ਵਿੱਚ ਹੁੰਦਾ ਹੈ, ਉਸ ਦਾ ਚੇਤਨ ਮਨ ਕੁਝ ਹੱਦ ਤੱਕ ਸ਼ਾਂਤ ਹੋ ਜਾਂਦਾ ਹੈ ਅਤੇ ਅਵਚੇਤਨ ਮਨ ਬਾਹਰੀ ਸੁਝਾਆਂ ਲਈ ਜ਼ਿਆਦਾ ਖੁੱਲ੍ਹਾ ਹੋ ਜਾਂਦਾ ਹੈ।

ਵਿਗਿਆਨਕ ਅਧਿਐਨਾਂ ਅਨੁਸਾਰ, ਫੰਕਸ਼ਨਲ ਐਮ.ਆਰ.ਆਈ ਅਤੇ ਈ.ਈ.ਜੀ. ਜਾਂਚਾਂ ਦੱਸਦੀਆਂ ਹਨ ਕਿ ਹਿਪਨੋਸਿਸ ਦੌਰਾਨ ਦਿਮਾਗ ਦੇ ਕੁਝ ਖਾਸ ਖੇਤਰ ਜਿਵੇਂ ਕਿ ਪ੍ਰੀਫਰੰਟਲ ਕਾਰਟੈਕਸ ਅਤੇ ਐਂਟੀਰੀਅਰ ਸਿੰਗੂਲੇਟ ਕਾਰਟੈਕਸ ਵੱਖਰੇ ਤਰੀਕਿਆਂ ਨਾਲ ਕੰਮ ਕਰਦੇ ਹਨ। ਇਹ ਬਦਲਾਅ ਆਤਮ-ਵਿਚਾਰ ਘਟਾਉਂਦੇ ਹਨ ਅਤੇ ਵਿਅਕਤੀ ਨੂੰ ਨਵੇਂ ਸੁਝਾਵਾਂ ਲਈ ਤਿਆਰ ਕਰਦੇ ਹਨ। ਇਸ ਤਰ੍ਹਾਂ ਹਿਪਨੋਟਿਜ਼ਮ ਮਨ ਦੀ ਕੁਦਰਤੀ ਧਿਆਨਸ਼ੀਲ ਸਮਰੱਥਾ ਨੂੰ ਵਰਤਦਾ ਹੈ ਜੋ ਮਨੋਵਿਗਿਆਨਕ ਅਤੇ ਜੀਵਾਤਮਕ ਤਬਦੀਲੀਆਂ ਲਿਆਉਂਦੀ ਹੈ।

### ਸਿਹਤ ਵਿਗਿਆਨ ਵਿੱਚ ਹਿਪਨੋਟਿਜ਼ਮ ਦੇ ਪ੍ਰਯੋਗ

ਆਧੁਨਿਕ ਦੌਰ ਵਿੱਚ ਹਿਪਨੋਟਿਜ਼ਮ ਨੂੰ ਕਲਿਨਿਕਲ ਹਿਪਨੋਥੈਰੇਪੀ ਦੇ ਰੂਪ ਵਿੱਚ ਸਵੀਕਾਰਿਆ ਗਿਆ ਹੈ। ਇਸ ਦੇ ਸਿਹਤ ਇਲਾਜ਼ ਦੇ ਖੇਤਰਾਂ ਵਿੱਚ ਕਈ ਉਪਯੋਗ ਸਫ਼ਲ ਸਾਬਿਤ ਹੋਏ ਹਨ:

1. ਦਰਦ ਨਿਯੰਤਰਣ:

ਹਿਪਨੋਥੈਰੇਪੀ ਫਾਇਬਰੋਮਾਇਐਲਜੀਆ, ਆਰਥਰਾਈਟਿਸ, ਮਾਈਗ੍ਰੇਨ ਅਤੇ ਸਰਜਰੀ ਤੋਂ ਬਾਅਦ ਦੇ ਦਰਦ ਵਿੱਚ ਪ੍ਰਭਾਵਸ਼ਾਲੀ ਸਾਬਤ ਹੋਈ ਹੈ। ਇਹ ਦਿਮਾਗ਼ ਵਿੱਚ ਦਰਦ ਦੇ ਸੰਕੇਤਾਂ ਦੀ ਪ੍ਰਕਿਰਿਆ ਨੂੰ ਬਦਲ ਦਿੰਦੀ ਹੈ।

2.ਡਰ, ਚਿੰਤਾ ਅਤੇ ਤਣਾਅ ਦੇ ਰੋਗ:

ਹਿਪਨੋਟਿਕ ਰਿਲੈਕਸੇਸ਼ਨ ਥੈਰੇਪੀ ਚਿੰਤਾ, ਘਬਰਾਹਟ, ਡਿਪ੍ਰੈਸ਼ਨ ਅਤੇ ਪੋਸਟ ਟ੍ਰੌਮੈਟਿਕ ਸਟ੍ਰੈਸ ਡਿਸਆਰਡਰ (PTSD) ਦੇ ਇਲਾਜ ਵਿੱਚ ਮਦਦਗਾਰ ਹੈ।

3. ਮਾੜੀਆਂ ਲਤਾਂ ਤੋਂ ਮੁਕਤੀ:

ਹਿਪਨੋਸਿਸ ਦੁਆਰਾ ਸਿਗਰਟਨੋਸ਼ੀ ਛੱਡਣ, ਸ਼ਰਾਬ ਦੀ ਆਦਤ ਘਟਾਉਣ ਅਤੇ ਹੋਰ ਆਦੀ ਵਿਉਹਾਰਾਂ 'ਤੇ ਕੰਟਰੋਲ ਕੀਤਾ ਜਾ ਸਕਦਾ ਹੈ।

4. ਮਨੋ-ਸਰੀਰਕ ਬਿਮਾਰੀਆਂ:

ਜਿੱਥੇ ਮਨੋਵਿਗਿਆਨਕ ਤਣਾਅ ਸਰੀਰਕ ਰੂਪ ਵਿੱਚ ਪ੍ਰਗਟ ਹੁੰਦਾ ਹੈ, ਜਿਵੇਂ ਭਿਸ਼ ਜਾਂ ਨੀਂਦ ਦੀ ਕਮੀ, ਹਿਪਨੋਸਿਸ ਮਨ ਅਤੇ ਸਰੀਰ ਦੇ ਸਬੰਧ ਨੂੰ ਸੰਤੁਲਿਤ ਕਰਦਾ ਹੈ।

5. ਸਰਜਰੀ ਅਤੇ ਦੰਦਾਂ ਦੇ ਇਲਾਜ਼ ਦਾ (ਡੈਂਟਲ) ਖੇਤਰ:

ਕੁਝ ਮਾਮਲਿਆਂ ਵਿੱਚ ਹਿਪਨੋਟਿਕ ਐਨੇਸਥੀਸ਼ੀਆ ਦਾ ਸਫਲ ਪ੍ਰਯੋਗ ਕੀਤਾ ਗਿਆ ਹੈ, ਜਿਸ ਨਾਲ ਮਰੀਜ਼ ਨੂੰ ਦਰਦ ਅਤੇ ਦਵਾਈਆਂ ਤੋਂ ਬਚਾਇਆ ਜਾ ਸਕਦਾ ਹੈ।

6. ਵਿਉਹਾਰਕ ਥੈਰੇਪੀ:

ਹਿਪਨੋਥੈਰੇਪੀ ਕੋਗਨਿਟਿਵ-ਬਿਹੇਵਿਅਰ ਥੈਰੇਪੀ (CBT) ਨਾਲ ਮਿਲਾ ਕੇ ਡਰ, ਚਿੰਤਾ ਜਾਂ ਨਕਾਰਾਤਮਕ ਸੋਚ ਦੇ ਇਲਾਜ਼ ਵਿੱਚ ਵਰਤੀ ਜਾਂਦੀ ਹੈ।

### ਹਿਪਨੋਟਿਜ਼ਮ ਦੇ ਲਾਭ (ਫਰੋਸ)

1.ਬਿਨਾ ਦਵਾਈਆਂ ਵਾਲਾ ਇਲਾਜ:

ਇਹ ਇੱਕ ਕੁਦਰਤੀ, ਸੁਰੱਖਿਅਤ ਅਤੇ ਬਿਨਾਂ ਨੁਕਸਾਨ (ਸਾਈਡ-ਇਫੈਕਟ) ਵਾਲਾ ਢੰਗ ਹੈ।

2.ਮਨੋਵਿਗਿਆਨਕ ਸਹਿਣਸ਼ੀਲਤਾ ਵਧਾਉਂਦਾ ਹੈ:

ਨਕਾਰਾਤਮਿਕ ਵਿਚਾਰਾਂ ਨੂੰ ਬਦਲ ਕੇ ਮਨੁੱਖ ਨੂੰ ਆਤਮ-ਨਿਯੰਤਰਣ ਦੀ ਤਾਕਤ ਦਿੰਦਾ ਹੈ।

3.ਇਲਾਜ ਦੇ ਪ੍ਰਭਾਵ ਵਧਾਉਂਦਾ ਹੈ:

ਹੋਰ ਥੈਰੇਪੀਆਂ ਨਾਲ ਮਿਲਾ ਕੇ ਇਸ ਦੀ ਪ੍ਰਭਾਵਸ਼ੀਲਤਾ ਵੱਧ ਜਾਂਦੀ ਹੈ।

4.ਸਰਜਰੀ/ਡੈਂਟਲ ਸਹਾਇਤਾ:

ਮਰੀਜ਼ ਦਾ ਡਰ ਅਤੇ ਦਰਦ ਘਟਾਉਂਦਾ ਹੈ।

5.ਮਨ ਅਤੇ ਸਰੀਰ ਦਾ ਸੰਤੁਲਨ:

ਮਨੋ-ਸਰੀਰਕ ਬਿਮਾਰੀਆਂ ਵਿੱਚ ਖਾਸ ਲਾਭਕਾਰੀ।

### ਹਿਪਨੋਟਿਜ਼ਮ ਦੀਆਂ ਸੀਮਾਵਾਂ ਅਤੇ ਨੁਕਸਾਨ (Cons)

1.ਹਰ ਵਿਅਕਤੀ ਵਿੱਚ ਪ੍ਰਭਾਵਸ਼ਾਲੀ ਨਹੀਂ:

ਹਰ ਕੋਈ ਆਸਾਨੀ ਨਾਲ ਹਿਪਨੋਟਾਈਜ਼ ਨਹੀਂ ਹੁੰਦਾ।

2.ਮਿਆਰੀਕਰਨ ਦੀ ਕਮੀ:

ਨਤੀਜ਼ੇ ਵਿਅਕਤੀ ਅਤੇ ਥੈਰੇਪਿਸਟ ਦੀ ਸਮਰੱਥਾ 'ਤੇ ਨਿਰਭਰ ਕਰਦੇ ਹਨ।

3.ਗਲਤ ਵਰਤੋਂ ਦਾ ਖ਼ਤਰਾ:

ਮਨੋਵਿਗਿਆਨਕ ਤੌਰ 'ਤੇ ਗਲਤ ਸੁਝਾਅ ਜਾਂ ਯਾਦਾਂ ਬਣਾ ਦੇਣ ਨਾਲ ਹਾਨੀ ਹੋ ਸਕਦੀ ਹੈ।

4.ਅਸਥਾਈ ਪ੍ਰਭਾਵ:

ਕਈ ਵਾਰ ਹਿਪਨੋਸਿਸ ਦਾ ਅਸਰ ਕੁਝ ਸਮੇਂ ਬਾਅਦ ਘੱਟ ਜਾਂਦਾ ਹੈ।

5.ਮਨੋਵਿਗਿਆਨਕ ਸੰਕਟ:

ਗਲਤ ਤਰੀਕੇ ਨਾਲ ਕੀਤੇ ਗਏ ਹਿਪਨੋਸਿਸ ਨਾਲ ਡਰ ਜਾਂ ਉਲਝਣ ਪੈਦਾ ਹੋ ਸਕਦੀ ਹੈ।

### ਨੈਤਿਕ ਅਤੇ ਵਿਗਿਆਨਕ ਪੱਖ

ਹਿਪਨੋਥੈਰੇਪੀ ਨੂੰ ਵਿਗਿਆਨਕ ਅਤੇ ਨੈਤਿਕ ਮਾਪਦੰਡਾਂ ਦੇ ਅਧੀਨ ਹੀ ਕਰਨਾ ਚਾਹੀਦਾ ਹੈ। ਮਰੀਜ਼ ਦੀ ਸਹਿਮਤੀ, ਗੋਪਨੀਯਤਾ ਅਤੇ ਸੁਰੱਖਿਆ ਇਸ ਦੇ ਮੁੱਖ ਅੰਗ ਹਨ। ਵਿਗਿਆਨਕ ਤੌਰ 'ਤੇ ਇਸ 'ਤੇ ਹੋ ਰਹੇ ਅਧਿਐਨ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਹਿਪਨੋਟਿਜ਼ਮ ਦਿਮਾਗ ਦੇ ਵਿਗਿਆਨ ਅਤੇ ਸਿਹਤ ਦੇ ਵਿਚਕਾਰ ਇੱਕ ਪੁਲ ਵਜੋਂ ਕੰਮ ਕਰ ਰਿਹਾ ਹੈ।

ਹਿਪਨੋਟਿਜ਼ਮ ਮਨ ਅਤੇ ਸਰੀਰ ਦੇ ਗਹਿਰੇ ਸਬੰਧ ਨੂੰ ਸਮਝਣ ਦਾ ਇਕ ਵਿਗਿਆਨਕ ਜ਼ਰੀਆ ਹੈ। ਇਹ ਦਰਦ ਨਿਯੰਤਰਣ, ਮਨੋਵਿਗਿਆਨਕ ਥੈਰੇਪੀ ਅਤੇ ਵਿਉਹਾਰਕ ਸੁਧਾਰ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ। ਹਾਲਾਂਕਿ ਇਸ ਦੇ ਕੁਝ ਸੀਮਿਤ ਪੱਖ ਹਨ, ਪਰ ਸਮੇਂ ਦੇ ਨਾਲ ਨਵੇਕਲੀਆਂ ਖੋਜਾਂ ਅਤੇ ਤਕਨੀਕਾਂ ਨਿਊਰੋਸਾਇੰਸ ਇਸ ਬਾਰੇ ਨਵੀਆਂ ਜਾਣਕਾਰੀਆਂ ਦੇ ਰਹੀ ਹੈ, ਇਸ ਦਾ ਭਵਿੱਖ ਸਿਹਤ ਵਿਗਿਆਨ ਵਿੱਚ ਹੋਰ ਉਜਲਾ ਨਜ਼ਰ ਆ ਰਿਹਾ ਹੈ।

ਸਹੀ ਤਰੀਕੇ ਨਾਲ ਵਰਤੇ ਜਾਣ 'ਤੇ, ਹਿਪਨੋਟਿਜ਼ਮ ਸਾਬਿਤ ਕਰਦਾ ਹੈ ਕਿ ਮਨੁੱਖੀ ਮਨ ਆਪਣੇ ਆਪ ਵਿੱਚ ਇੱਕ ਸ਼ਕਤੀਸ਼ਾਲੀ ਸਾਧਨ ਹੈ — ਜੋ ਸਰੀਰ ਅਤੇ ਮਨ ਦੀ ਚੰਗੀ ਸਿਹਤ ਵੱਲ ਕੁਦਰਤੀ ਰਾਹ ਦਿਖਾਉਂਦਾ ਹੈ।



ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ, ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ

# 4 ਫੂਡਜ਼ ਨੂੰ ਡਾਈਟ 'ਚ ਸ਼ਾਮਲ ਕਰਨ ਨਾਲ ਹਾਈ ਬਲੱਡ ਪ੍ਰੈਸ਼ਰ ਰਹੇਗਾ ਕੰਟਰੋਲ, ਨਿਊਟ੍ਰਿਸ਼ਨਿਸਟ ਨੇ ਦੱਸਿਆ ਕਿਵੇਂ

ਅੱਜ ਦੀ ਭੱਜਦੌੜ ਵਾਲੀ ਜ਼ਿੰਦਗੀ 'ਚ ਹਾਈ ਬਲੱਡ ਪ੍ਰੈਸ਼ਰ ਇਕ ਆਮ ਸਮੱਸਿਆ ਬਣ ਗਈ ਹੈ, ਪਰ ਕੀ ਤੁਸੀਂ ਜਾਣਦੇ ਹੋ ਕਿ ਦਵਾਈਆਂ ਤੋਂ ਇਲਾਵਾ ਕੁਝ ਖਾਸ ਖਾਣ ਵਾਲੀਆਂ ਚੀਜ਼ਾਂ ਵੀ ਇਸਨੂੰ ਕੰਟਰੋਲ ਕਰਨ 'ਚ ਮਦਦ ਕਰ ਸਕਦੀਆਂ ਹਨ?

ਜੀ ਹਾਂ, ਨਿਊਟ੍ਰਿਸ਼ਨਿਸਟ ਲੀਮਾ ਮਹਾਜਨ ਦਾ ਮੰਨਣਾ ਹੈ ਕਿ ਆਪਣੀ ਡਾਈਟ 'ਚ ਕੁਝ ਬਦਲਾਅ ਕਰ ਕੇ ਤੁਸੀਂ ਇਸ ਸਮੱਸਿਆ ਨੂੰ ਬਿਹਤਰ ਢੰਗ ਨਾਲ ਮੈਨੇਜ ਕਰ ਸਕਦੇ ਹੋ। ਆਓ ਜਾਣੀਏ ਅਜਿਹੇ 4 ਸੁਪਰਫੂਡਜ਼ (Foods to Controli Hgh Blood Pressure) ਬਾਰੇ ਜਿਨ੍ਹਾਂ ਨੂੰ ਆਪਣੀ ਡੇਲੀ ਡਾਈਟ 'ਚ ਸ਼ਾਮਲ ਕਰਨ ਨਾਲ ਤੁਹਾਡਾ ਬਲੱਡ ਪ੍ਰੈਸ਼ਰ ਕਾਬੂ 'ਚ ਰਹੇਗਾ।



### ਅਲਸੀ ਦੇ ਬੀਜ (Flax Seeds)

ਛੋਟੀ-ਜਿਹੀ ਦਿਖਾਈ ਦੇਣ ਵਾਲੇ ਅਲਸੀ ਦੇ ਬੀਜ ਸਿਹਤ ਦਾ ਖਜ਼ਾਨਾ ਹਨ। ਇਨ੍ਹਾਂ ਵਿਚ ਓਮੇਗਾ-3 ਫੈਟੀ ਐਸਿਡ ਤੇ ਫਾਈਬਰ ਭਰਪੂਰ ਮਾਤਰਾ 'ਚ ਹੁੰਦੇ ਹਨ। ਇਹ ਦੋਵੇਂ ਹੀ ਤੱਤ ਦਿਲ ਨੂੰ ਸਿਹਤਮੰਦ ਰੱਖਣ 'ਚ ਮਦਦ ਕਰਦੇ ਹਨ।

ਅਲਸੀ 'ਚ ਮੌਜੂਦ ਓਮੇਗਾ-3 ਫੈਟੀ ਐਸਿਡ ਸਰੀਰ 'ਚ ਸੋਜ਼ਿਸ਼ ਨੂੰ ਘਟਾਉਂਦਾ ਹੈ ਤੇ ਬਲੱਡ ਵੈਸਲਜ਼ ਨੂੰ ਆਰਾਮ ਦਿੰਦਾ ਹੈ ਜਿਸ ਨਾਲ ਬਲੱਡ ਸਰਕੂਲੇਸ਼ਨ ਬਿਹਤਰ ਹੁੰਦਾ ਹੈ ਅਤੇ ਬਲੱਡ ਪ੍ਰੈਸ਼ਰ ਘਟਦਾ ਹੈ।

**ਕਿਵੇਂ ਖਾਈਏ :** ਤੁਸੀਂ ਇਕ ਚਮਚ ਭੁੰਨੀ ਹੋਈ ਅਲਸੀ ਨੂੰ ਸਲਾਦ, ਦਹੀਂ ਜਾਂ ਸਮੂਦੀ 'ਚ ਮਿਲਾ ਕੇ ਖਾ ਸਕਦੇ ਹੋ। ਇਸਨੂੰ ਪਾਊਡਰ ਬਣਾ ਕੇ ਗੁਣਗੁਣੇ ਪਾਣੀ ਨਾਲ ਲੈਣਾ ਵੀ ਬਹੁਤ ਫਾਇਦੇਮੰਦ ਹੁੰਦਾ ਹੈ।

### ਡਾਰਕ ਚਾਕਲੇਟ (Dark Chocolate)

ਡਾਰਕ ਚਾਕਲੇਟ ਖਾਣਾ ਵੀ ਸਿਹਤ ਲਈ ਫਾਇਦੇਮੰਦ ਹੋ ਸਕਦਾ ਹੈ। ਡਾਰਕ ਚਾਕਲੇਟ 'ਚ ਫਲੇਵਨੋਲਸ ਨਾਂ ਦੇ ਐਂਟੀਓਕਸੀਡੈਂਟ ਹੁੰਦੇ ਹਨ, ਜੋ ਬਲੱਡ ਪ੍ਰੈਸ਼ਰ ਘਟਾਉਣ 'ਚ ਮਦਦ ਕਰਦੇ ਹਨ।

ਫਲੇਵਨੋਲਸ ਸਰੀਰ 'ਚ ਨਾਈਟ੍ਰਿਕ ਆਕਸਾਈਡ ਦੀ ਪ੍ਰੋਡਕਸ਼ਨ ਨੂੰ ਵਧਾਉਂਦੇ ਹਨ। ਨਾਈਟ੍ਰਿਕ ਆਕਸਾਈਡ ਬਲੱਡ ਵੈਸਲਜ਼ ਨੂੰ ਚੌੜਾ ਕਰਦਾ ਹੈ ਜਿਸ ਨਾਲ ਬਲੱਡ ਪ੍ਰੈਸ਼ਰ ਸਧਾਰਨ ਹੋਣ ਲੱਗਦਾ ਹੈ।

**ਕਿਵੇਂ ਖਾਈਏ :** ਦਿਨ ਵਿਚ 1-2 ਛੋਟੇ ਟੁਕੜੇ (ਲਗਭਗ 56 ਗ੍ਰਾਮ) ਡਾਰਕ ਚਾਕਲੇਟ (ਕਮ ਤੋਂ ਕਮ 70% ਕੋਕੋ ਵਾਲੀ) ਖਾਣਾ ਕਾਫੀ ਹੈ।

### ਆਂਵਲਾ (Amla)

ਆਂਵਲਾ ਵਿਟਾਮਿਨ-ਸੀ ਦਾ ਪਾਵਰਹਾਊਸ ਹੈ ਅਤੇ ਆਯੁਰਵੇਦ 'ਚ ਇਸਨੂੰ ਕਈ ਬਿਮਾਰੀਆਂ ਦਾ ਇਲਾਜ ਮੰਨਿਆ ਜਾਂਦਾ ਹੈ। ਹਾਈ ਬਲੱਡ ਪ੍ਰੈਸ਼ਰ ਦੇ ਮਰੀਜ਼ਾਂ ਲਈ ਇਹ ਕਿਸੇ ਵਰਦਾਨ ਤੋਂ ਘੱਟ ਨਹੀਂ ਹੈ।

ਆਂਵਲਾ 'ਚ ਮੌਜੂਦ ਵਿਟਾਮਿਨ-ਸੀ ਤੇ ਐਂਟੀਓਕਸੀਡੈਂਟ ਬਲੱਡ ਵੈਸਲਜ਼ ਦੀਆਂ ਦੀਵਾਰਾਂ ਨੂੰ ਮਜ਼ਬੂਤ ਬਣਾਉਂਦੇ ਹਨ ਅਤੇ ਬਲੱਡ ਫਲੋਅ ਨੂੰ ਬਿਹਤਰ ਕਰਦੇ ਹਨ। ਇਹ ਸਰੀਰ 'ਚੋਂ ਹਾਨੀਕਾਰਕ ਤੱਤਾਂ ਨੂੰ ਵੀ ਬਾਹਰ ਕੱਢਣ 'ਚ ਮਦਦ ਕਰਦਾ ਹੈ।

**ਕਿਵੇਂ ਖਾਈਏ :** ਤੁਸੀਂ ਆਂਵਲੇ ਦਾ ਜੂਸ ਸਵੇਰੇ ਖਾਲੀ ਪੇਟ ਪੀ ਸਕਦੇ ਹੋ, ਜਾਂ ਫਿਰ ਕੱਚਾ ਆਂਵਲਾ, ਆਂਵਲਾ ਪਾਊਡਰ ਜਾਂ ਇਸ ਦੀ ਕੈਂਡੀ ਵੀ ਖਾ ਸਕਦੇ ਹੋ।

### ਚੁਕੰਦਰ (Beetroot)

ਚੁਕੰਦਰ ਵੀ ਹਾਈ ਬੀਪੀ ਨੂੰ ਕੰਟਰੋਲ ਕਰਨ ਲਈ ਸ਼ਾਨਦਾਰ ਬਦਲ ਹੈ। ਚੁਕੰਦਰ 'ਚ ਨਾਈਟ੍ਰੇਟਸ ਦੀ ਮਾਤਰਾ ਬਹੁਤ ਜ਼ਿਆਦਾ ਹੁੰਦੀ ਹੈ, ਜਿਸਨੂੰ ਸਾਡਾ ਸਰੀਰ ਨਾਈਟ੍ਰਿਕ ਆਕਸਾਈਡ 'ਚ ਬਦਲ ਦਿੰਦਾ ਹੈ। ਇਹ ਨਾਈਟ੍ਰਿਕ ਆਕਸਾਈਡ ਧਮਨੀਆਂ ਨੂੰ ਰਿਲੈਕਸ ਕਰਦਾ ਹੈ ਅਤੇ ਬਲੱਡ ਪ੍ਰੈਸ਼ਰ ਨੂੰ ਤੇਜ਼ੀ ਨਾਲ ਘਟਾਉਣ 'ਚ ਮਦਦ ਕਰਦਾ ਹੈ।

# ਕਦੋਂ ਤੇ ਕਿਵੇਂ ਲੈਣੇ ਚਾਹੀਦੇ ਹਨ ਵਿਟਾਮਿਨ ਡੀ ਸਪਲੀਮੈਂਟ




ਵਿਟਾਮਿਨ ਡੀ ਸਾਡੇ ਸਰੀਰ ਲਈ ਬਹੁਤ ਜ਼ਰੂਰੀ ਹੈ। ਇਹ ਹੱਡੀਆਂ ਦੀ ਸਿਹਤ, ਕੈਲਸ਼ੀਅਮ ਸਮਾਈ, ਮਜ਼ਬੂਤ ਇਮਿਊਨਿਟੀ ਅਤੇ ਮਾਨਸਿਕ ਸਿਹਤ ਲਈ ਜ਼ਰੂਰੀ ਹੈ। ਹਾਲਾਂਕਿ, ਸਾਡੀ ਜੀਵਨ ਸ਼ੈਲੀ ਅਤੇ ਸੂਰਜ ਦੀ ਰੌਸ਼ਨੀ ਦੇ ਸੀਮਤ ਸੰਪਰਕ ਦੇ ਕਾਰਨ, ਜ਼ਿਆਦਾਤਰ ਭਾਰਤੀ ਵਿਟਾਮਿਨ ਡੀ ਦੀ ਕਮੀ ਦੇ ਲੱਛਣਾਂ ਤੋਂ ਪੀੜਤ ਹਨ। ਇਸ ਲਈ, ਡਾਕਟਰ ਅਕਸਰ ਵਿਟਾਮਿਨ ਡੀ ਸਪਲੀਮੈਂਟਸ ਦੀ ਸਿਫ਼ਾਰਸ਼ ਕਰਦੇ ਹਨ।

ਪਰ ਇਹ ਸਪਲੀਮੈਂਟਸ ਸਿਰਫ਼ ਉਦੋਂ ਹੀ ਆਪਣੇ ਪੂਰੇ ਲਾਭ ਪ੍ਰਦਾਨ ਕਰਦੇ ਹਨ ਜਦੋਂ ਸਹੀ ਢੰਗ ਨਾਲ ਲਏ ਜਾਂਦੇ ਹਨ। ਸਪਲੀਮੈਂਟਸ ਲੈਣ ਦੇ ਸਹੀ ਢੰਗ ਅਤੇ ਸਮੇਂ (ਵਿਟਾਮਿਨ ਡੀ ਸਪਲੀਮੈਂਟਸ ਲੈਣ ਦਾ ਸਹੀ ਤਰੀਕਾ) ਜਾਣਨਾ ਜ਼ਰੂਰੀ ਹੈ, ਕਿਉਂਕਿ ਉਦੋਂ ਹੀ ਤੁਸੀਂ ਉਨ੍ਹਾਂ ਦੇ ਪੂਰੇ ਲਾਭ ਪ੍ਰਾਪਤ ਕਰ ਸਕੋਗੇ। ਆਓ ਇਸ ਬਾਰੇ ਹੋਰ ਜਾਣੀਏ।

### ਵਿਟਾਮਿਨ ਡੀ ਸਪਲੀਮੈਂਟ ਲੈਣ ਦਾ ਸਹੀ ਤਰੀਕਾ ਕੀ ਹੈ?

ਵਿਟਾਮਿਨ ਡੀ ਇੱਕ ਚਰਬੀ-ਘੁਲਣਸ਼ੀਲ ਵਿਟਾਮਿਨ ਹੈ। ਇਸਦਾ ਸਿੱਧਾ ਅਰਥ ਹੈ ਕਿ ਇਹ ਚਰਬੀ ਵਿੱਚ ਘੁਲਦਾ ਹੈ, ਪਾਣੀ ਵਿੱਚ ਨਹੀਂ। ਇਸ ਲਈ, ਸਰੀਰ ਦੁਆਰਾ ਸਹੀ ਢੰਗ ਨਾਲ ਸੋਖਣ ਲਈ, ਇਸਨੂੰ ਚਰਬੀ ਦੀ ਲੋੜ ਹੁੰਦੀ ਹੈ। ਇਸ ਲਈ, ਜੇਕਰ ਤੁਸੀਂ ਇਸਨੂੰ ਖਾਲੀ ਪੇਟ ਲੈਂਦੇ ਹੋ, ਤਾਂ ਇਸਦੀ ਸੋਖਣ ਦਰ ਨੂੰ ਕਾਫ਼ੀ ਘੱਟ ਕੀਤਾ ਜਾ ਸਕਦਾ ਹੈ, ਇਸ ਤਰ੍ਹਾਂ ਸਪਲੀਮੈਂਟ ਲੈਣ ਦੇ ਉਦੇਸ਼ ਨੂੰ ਅਸਫਲ ਕਰ ਦਿੰਦਾ ਹੈ।

ਇਸਨੂੰ ਚਰਬੀ ਵਾਲੇ ਭੋਜਨ ਦੇ ਨਾਲ ਲਓ – ਕਿਉਂਕਿ ਵਿਟਾਮਿਨ ਡੀ ਚਰਬੀ ਵਿੱਚ ਘੁਲਣਸ਼ੀਲ ਹੁੰਦਾ ਹੈ, ਇਸਨੂੰ ਹਮੇਸ਼ਾ ਸਿਹਤਮੰਦ ਚਰਬੀ ਵਾਲੇ ਭੋਜਨ ਦੇ ਨਾਲ ਲੈਣਾ ਚਾਹੀਦਾ ਹੈ। ਇਹ ਚਰਬੀ ਵਿਟਾਮਿਨ ਡੀ ਨੂੰ ਸਰੀਰ ਵਿੱਚ ਘੁਲਣ ਅਤੇ ਖੂਨ ਵਿੱਚ ਸੋਖਣ ਵਿੱਚ ਮਦਦ ਕਰਦੇ ਹਨ। ਇਸ ਲਈ, ਇਸਨੂੰ ਦੁੱਧ, ਗਿਰੀਦਾਰ, ਘਿਓ, ਅੰਡੇ, ਜਾਂ ਐਵੋਕਾਡੋ ਦੇ ਨਾਲ ਲਓ।

ਸਹੀ ਸਮਾਂ ਵੀ ਮਹੱਤਵਪੂਰਨ ਹੈ: ਸਵੇਰੇ ਜਾਂ ਦੁਪਹਿਰ ਦੇ ਖਾਣੇ ਦੇ ਨਾਲ ਵਿਟਾਮਿਨ ਡੀ ਸਪਲੀਮੈਂਟ ਲੈਣਾ ਸਭ ਤੋਂ ਵਧੀਆ ਹੈ। ਸਵੇਰ ਨੂੰ ਇੱਕ ਪਸੰਦੀਦਾ ਸਮਾਂ ਮੰਨਿਆ ਜਾਂਦਾ ਹੈ ਕਿਉਂਕਿ ਇਸ ਸਮੇਂ ਦੌਰਾਨ ਮੈਟਾਬੋਲਿਜ਼ਮ ਜ਼ਿਆਦਾ ਹੁੰਦਾ ਹੈ ਅਤੇ ਪੌਸ਼ਟਿਕ ਤੱਤਾਂ ਦਾ ਸੋਖਣ ਬਿਹਤਰ ਹੁੰਦਾ ਹੈ।

ਖੁਰਾਕ ਅਤੇ ਨਿਯਮਤਤਾ: ਵਿਟਾਮਿਨ ਡੀ ਦੀ ਖੁਰਾਕ ਹਰੇਕ ਵਿਅਕਤੀ ਦੀ ਕਮੀ ਦੇ ਪੱਧਰ, ਉਮਰ ਅਤੇ ਸਿਹਤ ਸਥਿਤੀ 'ਤੇ ਨਿਰਭਰ ਕਰਦੀ ਹੈ। ਇਸ ਲਈ, ਹਮੇਸ਼ਾ ਆਪਣੇ ਡਾਕਟਰ ਦੁਆਰਾ ਨਿਰਧਾਰਤ ਖੁਰਾਕ ਲਓ। ਭਾਵੇਂ ਤੁਸੀਂ ਸਪਲੀਮੈਂਟ ਰੋਜ਼ਾਨਾ ਲੈ ਰਹੇ ਹੋ ਜਾਂ ਹਫ਼ਤਾਵਾਰੀ, ਇੱਕ ਖਾਸ ਸਮਾਂ ਅਤੇ ਦਿਨ ਨਿਰਧਾਰਤ ਕਰੋ ਅਤੇ ਇਸਦੀ ਸਖ਼ਤੀ ਨਾਲ ਪਾਲਣਾ ਕਰੋ।

ਗੁਰਦੇ ਦੀ ਪੱਥਰੀ ਦੇ ਮਰੀਜ਼ਾਂ ਨੂੰ ਡਾਕਟਰ ਨਾਲ ਸਲਾਹ ਕਰਨੀ ਚਾਹੀਦੀ ਹੈ। ਜੇਕਰ ਤੁਸੀਂ ਗੁਰਦੇ ਦੀ ਬਿਮਾਰੀ ਤੋਂ ਪੀੜਤ ਹੋ ਜਾਂ ਗੁਰਦੇ ਦੀ ਪੱਥਰੀ ਦੀ ਸਮੱਸਿਆ ਹੈ, ਤਾਂ ਵਿਟਾਮਿਨ ਡੀ ਸਪਲੀਮੈਂਟ ਲੈਣ ਤੋਂ ਪਹਿਲਾਂ ਡਾਕਟਰ ਨਾਲ ਸਲਾਹ ਕਰਨਾ ਬਹੁਤ ਜ਼ਰੂਰੀ ਹੈ। ਵਿਟਾਮਿਨ ਡੀ ਕੈਲਸ਼ੀਅਮ ਦੀ ਸਮਾਈ ਨੂੰ ਵਧਾਉਂਦਾ ਹੈ। ਉੱਚ ਖੁਰਾਕ ਲੈਣ ਨਾਲ ਸਰੀਰ ਵਿੱਚ ਕੈਲਸ਼ੀਅਮ ਦਾ ਪੱਧਰ ਵਧ ਸਕਦਾ ਹੈ, ਜਿਸ ਨਾਲ ਗੁਰਦੇ ਦੀ ਪੱਥਰੀ ਅਤੇ ਗੁਰਦੇ ਦੀ ਪੱਥਰੀ ਹੋ ਸਕਦੀ ਹੈ।












# ਰਾਸ਼ੀਫਲ

**ਮੇਖ :** ਬੇਕਾਰ ਦੀ ਗੱਲ ਕਰਕੇ ਆਪਣੀ ਉਰਜਾ ਨੂੰ ਨਾ ਗਵਾਉ ਯਾਦ ਰੱਖੋ ਕਿ ਵਾਦ ਵਿਵਾਦ ਤੋਂ ਕੁਝ ਹਾਸਿਲ ਨਹੀਂ ਹੋਣਾ। ਪਰੰਤੂ ਗਵਾਚਿਆ ਜ਼ਰੂਰ ਜਾਂਦਾ ਹੈ। ਅੱਜ ਤੁਹਾਡਾ ਪੈਸਾ ਕਈ ਚੀਜਾਂ ਤੇ ਖਰਚ ਹੋ ਸਕਦਾ ਹੈ ਤੁਹਾਨੂੰ ਅੱਜ ਚੰਗਾ ਬਜਟ ਯੋਜਨਾ ਬਣਾਉਣ ਦੀ ਲੋੜ ਹੈ ਇਸ ਨਾਲ ਤੁਹਾਡੀਆਂ ਕਈ ਮੁਸ਼ਕਿਲਾਂ ਦੂਰ ਹੋ ਸਕਦੀਆਂ ਹਨ। ਅੱਜ ਪਰਿਵਾਰ ਦੇ ਲੋਕਾਂ ਨਾਲ ਪੈਸੇ ਨੂੰ ਲੈ ਕੇ ਕਹਿ ਸੁਣੀ ਹੋ ਸਕਦੀ ਹੈ ਪੈਸੇ ਦੇ ਮਾਮਲੇ ਵਿਚ ਤੁਹਾਨੂੰ ਪਰਿਵਾਰ ਦੇ ਸਾਰਿਆਂ ਮੈਂਬਰਾਂ ਨੂੰ ਸਪਸ਼ਟ ਹੋਣ ਦੀ ਸਲਾਹ ਦੇਣੀ ਚਾਹੀਦੀ ਹੈ। ਅੱਜ ਆਪਣੇ ਪਿਆਰੇ ਨੂੰ ਮਾਫ ਕਰਨਾ ਨਾ ਭੁੱਲੋ। ਵੱਡੇ ਕਾਰੋਬਾਰੀ ਸੌਦੇ ਕਰਦੇ ਸਮੇਂ ਆਪਣੀਆਂ ਭਾਵਨਾਵਾਂ ਤੇ ਕਾਬੂ ਰੱਖੋ। ਦਿਨ ਭਰ ਵਿਅਸਤ ਰਹਿਣ ਦੇ ਬਾਵਜੂਦ ਅੱਜ ਤੁਸੀ ਆਪਣੇ ਲਈ ਸਮਾਂ ਕੱਢ ਲਵੋਂਗੇ ਅੱਜ ਤੁਸੀ ਖਾਲੀ ਸਮੇਂ ਵਿਚ ਕੁਝ ਰਚਨਾਤਮਕ ਕਰ ਸਕਦੇ ਹੋ। ਤੁਸੀ ਅੱਜ ਆਪਣੇ ਜੀਵਨਸਾਥੀ ਦੇ ਨਾਲ ਰੋਮਾਂਟਿਕ ਤਰੀਕ ਗੁਜ਼ਾਰ ਸਕਦੇ ਹੋ ਇਸ ਨਾਲ ਤੁਹਾਡੇ ਰਿਸ਼ਤੇ ਵਿਚ ਚੀਜਾਂ ਮਜ਼ਬੂਤ ਹੋਣਗੀਆਂ।

**ਬ੍ਰਿਸ਼ਭ:** ਭੀੜ ਭਾੜ ਦੇ ਇਲਾਕੇ ਵਿਚ ਯਾਤਰਾ ਕਰਦੇ ਸਮੇਂ ਬਲੱਡ ਪ੍ਰੈਸ਼ਰ ਵਾਲੇ ਮਰੀਜ਼ਾਂ ਦਾ ਅਤਿਰਿਕਤ ਤੌਰ ਤੇ ਧਿਆਨ ਰੱਖਣ ਦੀ ਜ਼ਰੂਰਤ ਹੈ। ਅੱਜ ਤੁਸੀ ਘਰ ਤੋਂ ਬਾਹਰ ਤਾਂ ਬਹੁਤ ਸਾਕਾਰਤਮਕਤਾ ਦੇ ਨਾਲ ਨਿਕਲੋਂਗੇ ਪਰੰਤੂ ਕਿਸੀ ਕੀਮਤੀ ਵਸਤੂ ਦੇ ਚੋਰੀ ਹੋਣ ਦੀ ਵਜਾਹ ਨਾਲ ਤੁਹਾਡਾ ਮੂਡ ਖਰਾਬ ਹੋ ਸਕਦਾ ਹੈ । ਪਰਿਵਾਰਿਕ ਜਿੰਮੇਵਾਰੀਆਂ ਵਿਚ ਵਾਧਾ ਹੋ ਸਕਦਾ ਹੈ ਜੋ ਤੁਹਾਨੂੰ ਮਾਨਸਿਕ ਤਣਾਅ ਦੇ ਸਕਦੀ ਹੈ। ਤੁਹਾਨੂੰ ਆਪਣੇ ਸੁਪਨੇ ਤੇ ਕਲਪਨਾ ਤੇ ਅਧਿਕ ਤੌਰ ਤੇ ਧਿਆਨ ਦੇਣ ਦੀ ਲੋੜ ਨਹੀਂ ਹੈ ਕਿਉਂ ਕਿ ਸ਼ਾਇਦ ਅੱਜ ਉਹ ਸੱਚ ਹੋ ਜਾਣ। ਸਾਂਝੀਦਾਰੀ ਅਤੇ ਜੁੜੇ ਉੱਦਮਾਂ ਤੋਂ ਦੂਰ ਰਹੋ। ਤੁਹਾਨੂੰ ਆਪਣੇ ਜ਼ਿੰਦਗੀ ਦੇ ਰਿਸ਼ਤਿਆਂ ਅਤੇ ਲੋਕਾਂ ਨੂੰ ਸਮਾਂ ਦੇਣਾ ਸਿੱਖਣਾ ਪਵੇਗਾ ਜਿਸ ਦੀ ਤੁਸੀ ਸਭ ਤੋਂ ਵੱਧ ਕਦਰ ਕਰਦੇ ਹੋ। ਤੁਸੀ ਆਪਣੀ ਜੀਵਨਸਾਥੀ ਨੂੰ ਅੱਜ ਤੁਹਾਡੇ ਪ੍ਰਤੀ ਵਧੇਰੇ ਦੇਖਭਾਲ ਕਰਨ ਵਾਲੇ ਬਣੋਂਗੇ।



**ਮਿਥੁਨ:** ਆਰਥਿਕ ਦਿੱਕਤਾਂ ਤੁਹਾਡੇ ਲਈ ਪਰੇਸ਼ਾਨੀ ਦਾ ਸਬੱਬ ਬਣ ਸਕਦੀ ਹੈ। ਦਿਨ ਚੜ੍ਹਨ ਤੋਂ ਬਾਅਦ ਆਰਥਿਕ ਤੌਰ ਤੇ ਸੁਧਾਰ ਆਵੇਗਾ। ਦਿਨ ਦੇ ਬਾਅਦ ਅਚਾਨਕ ਆਈ ਕੋਈ ਚੰਗੀ ਖਬਰ ਅਤੇ ਪਰਿਵਾਰ ਨੂੰ ਖੁਸ਼ੀ ਦੇਵੇਗੀ। ਤੁਹਾਡੀ ਪ੍ਰੇਮ ਸੰਬੰਧਾਂ ਬਾਰੇ ਗਲਤਫਹਿਮੀ ਹੋਣ ਦੀ ਸੰਭਾਵਨਾ ਹੈ। ਕੈਰੀਅਰ ਦੀਆਂ ਬਿਹਤਰੀ ਲਈ ਕੀਤੀ ਗਈ ਯਾਤਰਾ ਪੂਰੀ ਹੋ ਸਕਦੀ ਹੈ ਅਜਿਹਾ ਕਰਨ ਤੋਂ ਪਹਿਲਾਂ ਆਪਣੇ ਮਾਪਿਆ ਦੀ ਇਜ਼ਾਜਤ ਲਵੋ ਨਹੀਂ ਤਾਂ ਬਾਅਦ ਵਿਚ ਇਤਰਾਜ਼ ਕਰ ਸਕਦੇ ਹਨ। ਜੀਵਨ ਸਾਥੀ ਦੇ ਨਾਲ ਸਮਾਂ ਬਿਤਾਉਣ ਦੇ ਲਈ ਅੱਜ ਤੁਸੀ ਦਫਤਰ ਤੋਂ ਜਲਦੀ ਨਿਕਲ ਸਕਦੇ ਹੋ ਪਰੰਤੂ ਰਸਤੇ ਵਿਚ ਜਾਮ ਦੀ ਵਜਾਹ ਨਾਲ ਤੁਸੀ ਅਸਮਰਥ ਨਹੀਂ ਪਾਉਗੇ। ਲੰਬੇ ਸਮੇਂ ਤੋਂ ਕੰਮਕਾਰ ਦਾ ਦਬਾਅ ਤੁਹਾਡੇ ਵਿਆਹੁਤ ਜੀਵਨ ਦੇ ਲਈ ਮੁਸ਼ਕਿਲ ਖੜੀ ਕਰ ਰਿਹਾ ਹੈ ਪਰੰਤੂ ਅੱਜ ਸਾਰੀਆਂ ਸ਼ਿਕਾਇਤਾਂ ਦੂਰ ਹੋ ਜਾਣਗੀਆਂ।

**ਕਰਕ :** ਕਿਸੇ ਲੜਾਈ ਵਾਲੇ ਇਨਸਾਨ ਨਾਲ ਵਾਦ ਵਿਵਾਦ ਤੁਹਾਡਾ ਮੂਡ ਖਰਾਬ ਕਰ ਸਕਦਾ ਹੈ ਸਮਝਦਾਰੀ ਤੋਂ ਕੰਮ ਲਵੋ ਅਤੇ ਜੇਕਰ ਸੰਭਵ ਹੋਵੇ ਤਾਂ ਇਸ ਤੋਂ ਬਚੋ ਕਿਉਂ ਕਿ ਕਿਸੇ ਵੀ ਤਰਾਂ ਦਾ ਵਿਵਾਦ ਤੁਹਾਡੇ ਲਈ ਮਦਦਗਾਰ ਨਹੀਂ ਰਹੇਗਾ। ਜਿਨਾਂ ਲੋਕਾਂ ਨੂੰ ਤੁਸੀ ਜਾਣਦੇ ਹੋ ਉਨਾਂ ਦੇ ਜ਼ਰੀਏ ਤੁਹਾਨੂੰ ਆਮਦਨੀ ਦੇ ਨਵੇਂ ਸੋਮੇ ਮਿਲਣਗੇ ਆਪਣਾ ਕੀਮਤੀ ਸਮਾਂ ਆਪਣੇ ਬੱਚਿਆਂ ਨਾਲ ਗੁਜ਼ਾਰੋ। ਇਹ ਸਭ ਤੋਂ ਵਧੀਆ ਨਿਵਾਰਨ ਹੈ ਜਿਹੜਾ ਕਦੀ ਨਾ ਖਤਮ ਹੋਣ ਵਾਲਾ ਖੁਸ਼ੀਆਂ ਦਾ ਸ੍ਰੋਤ ਸਾਬਿਤ ਹੋਵੇਗਾ। ਪਿਆਰ ਵਿਚ ਨਿਰਾਸ਼ਾ ਤੁਹਾਨੂੰ ਨਿਰਾਸ਼ ਨਹੀਂ ਕਰੇਗੀ। ਅੱਜ ਤੁਹਾਨੂੰ ਮਹਿਸੂਸ ਹੋਵੇਗਾ ਕਿ ਤੁਹਾਡੇ ਪਰਿਵਾਰ ਦਾ ਸਹਿਯੋਗ ਹੀ ਕੰਮਕਾਰ ਵਿਚ ਤੁਹਾਡੇ ਚੰਗੇ ਪ੍ਰਦਸ਼ਨ ਦੇ ਲਈ ਜਿੰਮੇਦਾਰ ਹੈ। ਗੱਪਿਆਂ ਅਤੇ ਅਫਵਾਹਾਂ ਤੋਂ ਦੂਰ ਰਹੋ। ਜੀਵਨ ਸਾਥੀ ਦੁਆਰਾ ਪਰਿਵਾਰ ਅਤੇ ਦੋਸਤ ਦੇ ਵਿਚ ਨਾਕਾਰਤਮਕ ਤਰੀਕੇ ਨਾਲ ਤੁਹਾਡੇ ਵਿਆਹੁਤ ਜੀਵਨ ਦੀਆਂ ਨਿੱਜੀ ਗੱਲਾਂ ਉਜਾਗਰ ਹੋ ਸਕਦੀਆਂ ਹਨ।

**ਸਿੰਘ:** ਆਪਣਾ ਤਣਾਵ ਦੂਰ ਕਰਨ ਦੇ ਲਈ ਪਰਿਵਾਰ ਦੀ ਮਦਦ ਲਵੋ ਉਨਾਂ ਦੀ ਸਹਾਇਤਾ ਨੂੰ ਖੁੱਲੇ ਦਿਲ ਨਾਲ ਸਵੀਕਾਰ ਕਰੋ ਆਪਣੀ ਭਾਵਨਾਵਾਂ ਨੂੰ ਦਬਾਊ ਅਤੇ ਛਪਾਉ ਨਹੀਂ ਆਪਣੇ ਜ਼ਜਬਾਤ ਦੂਜਿਆਂ ਦੇ ਨਾਲ ਸਾਂਝਾ ਕਰਨ ਨਾਲ ਲਾਭ ਮਿਲੇਗਾ। ਜੇਕਰ ਤੁਸੀ ਨਿਰਵਿਘਨ ਜ਼ਿੰਦਗੀ ਜਿਉਣਾ ਚਾਹੁੰਦੇ ਹੋ ਅਤੇ ਇਕ ਸਥਿਰ ਜੀਵਨ ਨਿਰਮਾਣ ਨੂੰ ਬਣਾਈ ਰੱਖਣਾ ਚਾਹੁੰਦੇ ਹੋ ਤਾਂ ਅੱਜ ਤੁਹਾਨੂੰ ਆਰਥਿਕ ਸੰਬੰਧ ਤੇ ਧਿਆਨ ਦੀ ਲੋੜ ਹੈ। ਦਿਨ ਦੇ ਦੂਜੇ ਹਿੱਸੇ ਵਿਚ ਕੁਝ ਦਿਲਚਸਪ ਅਤੇ ਰੋਮਾਂਚਕ ਕੰਮ ਕਰਨ ਦੇ ਲਈ ਵਧੀਆ ਸਮਾਂ ਹੈ। ਕੰਮ ਦੇ ਦਬਾਅ ਦੇ ਚਲਦੇ ਮਾਨਸਿਕ ਪਰੇਸ਼ਾਨੀ ਅਤੇ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਦਿਨ ਵਿਚ ਜਿਆਦਾ ਤਣਾਵ ਨਾ ਲਵੋ ਅਤੇ ਆਰਾਮ ਕਰੋ। ਉਦਯੋਗਪਤੀ ਲੋਕਾਂ ਨਾਲ ਸਾਂਝੇਦਾਰੀ ਵਿਚ ਉਦਮ ਹੈ। ਦਿਨ ਭਰ ਵਿਅਸਤ ਰਹਿਣ ਦੇ ਬਾਵਜੂਦ ਅੱਜ ਤੁਸੀ ਆਪਣੇ ਲਈ ਸਮਾਂ ਕੱਢ ਲਵੋਂਗੇ ਅੱਜ ਤੁਸੀ ਖਾਲੀ ਸਮੇਂ ਵਿਚ ਕੁਝ ਰਚਨਾਤਮਕ ਕਰ ਸਕਦੇ ਹੋ। ਅੱਜ ਲੋੜ ਦੇ ਸਮੇਂ ਤੁਹਾਡਾ ਜੀਵਨ ਸਾਥੀ ਤੁਹਾਡੇ ਪਰਿਵਾਰ ਦੀ ਤਰਜੀਹ ਆਪਣੇ ਪਰਿਵਾਰ ਤੋਂ ਜ਼ਿਆਦਾ ਦੇਂਦਾ ਨਜ਼ਰ ਆ ਸਕਦਾ ਹੈ।

**ਕੰਨਿਆ:** ਅਚਾਨਕ ਯਾਤਰਾ ਕਰਨਾ ਥਕਾਵਟ ਭਰਿਆ ਸਾਬਿਤ ਹੋਵੇਗਾ। ਤੁਹਾਨੂੰ ਕਮੀਸ਼ਨ ਲਾਭਅੰਸ਼ ਜਾਂ ਰੋਇਲਟੀ ਦੇ ਜ਼ਰੀਏ ਲਾਭ ਹੋਵੇਗਾ। ਸ਼ਾਮ ਦੀ ਜ਼ਿਆਦਾਤਰ ਸਮਾਂ ਰਿਸ਼ਤੇਦਾਰਾਂ ਦੇ ਨਾਲ ਗੁਜ਼ਰੇਗਾ। ਸੈਰ ਸਪਾਟੇ ਤੇ ਜਾਣ ਦੀ ਯੋਜਨਾ ਬਣ ਸਕਦੀ ਹੈ ਜੋ ਤੁਹਾਨੂੰ ਉਰਜਾ ਅਤੇ ਉਤਸ਼ਾਹ ਨਾਲ ਤਰੋਤਾਜਾ ਰੱਖੇਗਾ। ਕੰਮਕਾਰ ਵਿਚ ਪਰਿਸਥਿਤੀਆਂ ਤੁਹਾਡੇ ਪੱਖ ਵਿਚ ਲਗਦੀਆਂ ਹਨ। ਅੱਜ ਤੁਸੀ ਆਪਣਾ ਸਮਾਂ ਉਨਾਂ ਚੀਜਾਂ ਤੇ ਬਿਤਾ ਸਕਦੇ ਹੋ ਜੋ ਜ਼ਰੂਰੀ ਜਾਂ ਖਾਸ ਨਹੀਂ ਹਨ। ਤੁਹਾਡਾ ਜੀਵਨਸਾਥੀ ਬਿਨਾਂ ਕੁਝ ਜਾਣੇ ਕੁਝ ਅਜਿਹਾ ਖਾਸ ਕੰਮ ਕਰ ਸਕਦਾ ਹੈ ਜਿਸ ਨੂੰ ਸੱਚਮੁਚ ਕਦੇ ਭੁੱਲ ਨਹੀਂ ਸਕੋਂਗੇ।

**ਤੁਲਾ:** ਆਪਣੀ ਸਿਹਤ ਨੂੰ ਨਜ਼ਰਅੰਦਾਜ ਨਾ ਕਰੋ ਸ਼ਰਾਬ ਤੋਂ ਬਚੋ। ਦਿਨ ਚੜ੍ਹਨ ਤੋਂ ਬਾਅਦ ਆਰਥਿਕ ਤੌਰ ਤੇ ਸੁਧਾਰ ਆਵੇਗਾ। ਤੁਹਾਨੂੰ ਆਪਣਾ ਬਾਕੀ ਸਮਾਂ ਬੱਚਿਆਂ ਨਾਲ ਗੁਜਾਰਨਾ ਚਾਹੀਦਾ ਹੈ ਇਸ ਲਈ ਤੁਹਾਨੂੰ ਕੁਝ ਖਾਸ ਹੀ ਕਿਉਂ ਨਾ ਕਰਨਾ ਪਵੇ। ਆਪਣੀਆਂ ਗੱਲਾਂ ਨੂੰ ਸਹੀ ਸਾਬਿਤ ਕਰਨ ਦੇ ਲਈ ਅੱਜ ਦੇ ਦਿਨ ਤੁਸੀ ਆਪਣੇ ਜੀਵਨ ਸਾਥੀ ਨਾਲ ਝਗੜ ਸਕਦੇ ਹੋ। ਹਾਲਾਂ ਕਿ ਤੁਹਾਡਾ ਜੀਵਨ ਸਾਥੀ ਸਮਝਦਾਰੀ ਦਿਖਾਉਂਦੇ ਹੋਏ ਤੁਹਾਨੂੰ ਸ਼ਾਤ ਕਰ ਦੇਵੇਗਾ। ਪੇਸ਼ੇਵਰ ਕੰਮ ਕਾਰ ਨਾਲ ਜੁੜੇ ਮਾਮਲਿਆਂ ਵਿਚ ਦੋਸਤ ਦਾ ਅਹਿਮ ਸਹਿਯੋਗ ਮਦਦਗਾਰ ਹੋਵੇਗਾ। ਤੁਹਾਨੂੰ ਆਪਣੇ ਜ਼ਿੰਦਗੀ ਦੇ ਰਿਸ਼ਤਿਆਂ ਅਤੇ ਲੋਕਾਂ ਨੂੰ ਸਮਾਂ ਦੇਣਾ ਸਿੱਖਣਾ ਪਵੇਗਾ ਜਿਸ ਦੀ ਤੁਸੀ ਸਭ ਤੋਂ ਵੱਧ ਕਦਰ ਕਰਦੇ ਹੋ। ਕਾਫੀ ਲੰਬੇ ਸਮੇਂ ਬਾਅਦ ਤੁਸੀ ਅਤੇ ਤੁਹਾਡਾ ਪਾਰਟਨਰ ਬਿਨਾਂ ਲੜਾਈ ਅਤੇ ਬਹਿਸ ਤੋਂ ਚੰਗਾ ਸ਼ਾਤੀ ਵਾਲਾ ਦਿਨ ਬਤੀਤ ਕਰ ਸਕਦੇ ਹੋ। ਜਿਸ ਵਿਚ ਸਿਰਫ ਪਿਆਰ ਹੋਵੇਗਾ।

**ਬ੍ਰਿਸ਼ਚਕ:** ਆਪਣਾ ਸੰਤੁਲਨ ਨਾ ਖੋਵੋ ਖਾਸਤੌਰ ਤੇ ਮੁਸ਼ਕਿਲ ਹਾਲਾਤ ਵਿਚ। ਜੇਕਰ ਤੁਸੀ ਲੋਨ ਲੈਣ ਵਾਲੇ ਸੀ ਅਤੇ ਕਾਫੀ ਦਿਨਾਂ ਤੋਂ ਇਸ ਕੰਮ ਵਿਚ ਲੱਗੇ ਹੋਏ ਸੀ ਤਾਂ ਅੱਜ ਦੇ ਦਿਨ ਤੁਹਾਨੂੰ ਲੋਨ ਮਿਲ ਸਕਦਾ ਹੈ। ਬਜ਼ੁਰਗਾਂ ਦੀ ਜਾਇਦਾਦ ਦੀ ਖਬਰ ਪੂਰੇ ਪਰਿਵਾਰ ਦੇ ਲਈ ਖੁਸ਼ੀ ਲਿਆ ਸਕਦੀ ਹੈ। ਤੁਹਾਡਾ ਰੂਹ ਦਾ ਦੋਸਤ ਸਾਰਾ ਦਿਨ ਤੁਹਾਡੇ ਬਾਰੇ ਸੋਚਦਾ ਰਹੇਗਾ। ਤੁਸੀ ਪਾਉਗੇ ਕਿ ਅੱਜ ਲੰਬੇ ਸਮੇਂ ਤੋਂ ਅਟਕੇ ਕਈ ਸਾਰੇ ਛੋਟੇ ਛੋਟੇ ਪਰੰਤੂ ਅਹਿਮ ਕੰਮ ਨਬੇੜਨ ਵਿਚ ਕਾਮਯਾਬ ਹੋ ਰਹੇ ਹੋ। ਜੇਕਰ ਤੁਸੀ ਰੁਝੇਵਿਆਂ ਤੋਂ ਬਾਅਦ ਵੀ ਆਪਣੇ ਲਈ ਸਮਾਂ ਕੱਢਣ ਦੇ ਯੋਗ ਹੋਵੋਂਗੇ ਤਾਂ ਤੁਹਾਨੂੰ ਇਸ ਦੀ ਸਹੀ ਵਰਤੋ ਕਰਨੀ ਸਿੱਖਣੀ ਚਾਹੀਦੀ ਹੈ ਅਜਿਹਾ ਕਰਨ ਨਾਲ ਤੁਸੀ ਆਪਣੇ ਭਵਿੱਖ ਨੂੰ ਸੁਧਾਰ ਸਕਦੇ ਹੋ। ਤੁਹਾਡਾ ਜੀਵਨਸਾਥੀ ਕਿਸੇ ਖੂਬਸੂਰਤ ਤੋਹਫੇ ਨਾਲ ਤੁਹਾਡਾ ਦਿਨ ਬਣਾ ਸਕਦਾ ਹੈ।

**ਧਨੂੰ:** ਰੁਪਏ ਪੈਸੇ ਦੇ ਹਾਲਾਤ ਅਤੇ ਉਸ ਨਾਲ ਜੁੜੀ ਸਮੱਸਿਆ ਤਣਾਅ ਦਾ ਕਾਰਨ ਬਣ ਸਕਦੀ ਹੈ । ਹਾਲਾਂਕਿ ਤੁਹਾਡੀ ਆਰਥਿਕ ਸਥਿਤੀ ਵਿਚ ਸੁਧਾਰ ਆਵੇਗਾ ਪਰੰਤੂ ਪੈਸੇ ਦਾ ਲਗਾਤਾਰ ਪਾਣੀ ਦੀ ਤਰਾਂ ਵਹਿੰਦੇ ਰਹਿਣਾ ਤੁਹਾਡੀ ਯੋਜਨਾਵਾਂ ਵਿਚ ਰੁਕਾਵਟ ਪਾ ਸਕਦਾ ਹੈ। ਅੱਜ ਤੁਹਾਡਾ ਉਰਜਾ ਨਾਲ ਭਰਪੂਰ ਜ਼ਿੰਦਾਦਿਲੀ ਅਤੇ ਗਰਮਜੋਸ਼ੀ ਨਾਲ ਭਰਿਆ ਵਿਵਹਾਰ ਨੇੜੇ ਨੇੜੇ ਦੇ ਲੋਕਾਂ ਨੂੰ ਖੁਸ਼ ਕਰ ਦੇਵੇਗਾ। ਪਿਆਰ ਦੇ ਮਾਮਲੇ ਵਿਚ ਗੁਲਾਮ ਦੀ ਕੰਮ ਨਾ ਕਰੋ। ਜੋ ਵੀ ਤੁਸੀ ਅੱਜ ਕਰੋਂਗੇ ਤੁਸੀ ਹਮੇਸ਼ਾ ਪ੍ਰਭਾਵਸ਼ਾਲੀ ਸਥਿਤੀ ਵਿਚ ਰਹੋਂਗੇ। ਸਮੇਂ ਦੀ ਨਜ਼ਾਕਤ ਨੂੰ ਸਮਝਦੇ ਹੋਏ ਅੱਜ ਤੁਸੀ ਸਭ ਲੋਕਾਂ ਨਾਲ ਦੂਰੀ ਬਣਾ ਕੇ ਇਕਾਂਤ ਵਿਚ ਸਮਾਂ ਬਿਤਾਉਣਾ ਪਸੰਦ ਕਰੋਂਗੇ ਅਜਿਹਾ ਕਰਨਾ ਤੁਹਾਡੇ ਲਈ ਸਹੀ ਹੋਵੇਗਾ ਜੀਵਨ ਸਾਥੀ ਦਾ ਵਿਗੜੀ ਸਿਹਤ ਦਾ ਅਸਰ ਤੁਹਾਡੇ ਕੰਮ ਕਾਰ ਤੇ ਵੀ ਪੈ ਸਕਦਾ ਹੈ ਪਰ ਤੁਸੀ ਸਭ ਕੁਝ ਨੂੰ ਸੰਭਾਲਣ ਵਿਚ ਕਾਮਯਾਬ ਰਹੇਗਾ।

**ਮਕਰ:** ਬੱਚਿਆਂ ਦੇ ਨਾਲ ਤੁਸੀ ਸਕੂਨ ਪਾਉਂਗੇ ਬੱਚਿਆਂ ਦੀ ਇਹ ਸ਼ਮਤਾ ਕੁਦਰਤੀ ਹੈ ਅਤੇ ਨਾ ਕੇਵਲ ਤੁਹਾਡੇ ਪਰਿਵਾਰ ਦੇ ਬੱਚਿਆਂ ਵਿਚ ਬਲਕਿ ਹਰ ਬੱਚੇ ਵਿਚ ਇਹ ਗੁਣ ਹੁੰਦਾ ਹੈ ਉਹ ਤੁਹਾਨੂੰ ਸਕੂਨ ਅਤੇ ਰਾਹਤ ਦੇ ਸਕਦਾ ਹੈ। ਇਸ ਰਾਸ਼ੀ ਦੇ ਕੁਝ ਲੋਕਾਂ ਨੂੰ ਅੱਜ ਜਮੀਨ ਨਾਲ ਜੁੜੇ ਕਿਸੇ ਮਸਲੇ ਨੂੰ ਲੈ ਕੇ ਪੈਸਾ ਖਰਚਾ ਕਰਨਾ ਪੈ ਸਕਦਾ ਹੈ ਤੁਹਾਡੇ ਬੱਚੇ ਦਾ ਐਵਾਰਡ ਸਮਾਗਮ ਦਾ ਬੁਲਾਵਾ ਤੁਹਾਡੇ ਲਈ ਹਾਸੇ ਭਰਿਆ ਅਹਿਸਾਸ ਰਹੇਗਾ। ਉਹ ਤੁਹਾਡੀ ਉਮੀਦ ਤੇ ਖਰਾ ਉਤਰੇਗਾ ਅਤੇ ਤੁਸੀ ਉਸਦੇ ਨਾਲ ਆਪਣੇ ਸੁਪਨਿਆਂ ਨੂੰ ਸਾਕਾਰ ਹੁੰਦੇ ਦੇਖੋਂਗੇ। ਅੱਜ ਤੁਸੀ ਆਪਣੇ ਜੀਵਨ ਵਿਚ ਸੱਚੇ ਪਿਆਰ ਨੂੰ ਮਿਸ ਕਰੋਂਗੇ ਪਰੰਤੂ ਚਿੰਤਾ ਕਰਨ ਦੀ ਲੋੜ ਨਹੀਂ ਤੁਹਾਡੀ ਰੋਮਾਂਟਿਕ ਜ਼ਿੰਦਗੀ ਵਿਚ ਸਮਾਂ ਆਉਣ ਤੇ ਬਦਲ ਆ ਜਾਵੇਗਾ। ਦਸਰੇ ਤੁਹਾਡੇ ਤੋਂ ਬਹੁਤ ਜ਼ਿਆਦਾ ਸਮੇਂ ਦੀ ਮੰਗ ਕਰ ਸਕਦੇ ਹਨ ਉਨਾਂ ਨਾਲ ਕਿਸੇ ਵੀ ਤਰਾਂ ਦਾ ਵਚਨ ਕਰਨ ਤੋਂ ਪਹਿਲਾਂ ਤੁਹਾਡਾ ਕੰਮ ਉਸ ਤੋਂ ਪ੍ਰਭਾਵਿਤ ਨਾ ਹੋ ਅਤੇ ਨਾਲ ਹੀ ਉਹ ਤੁਹਾਡੀ ਉਦਾਰਤਾ ਅਤੇ ਦਿਆਲਤਾ ਦਾ ਲਾਭ ਨਾ ਉਠਾਉਣ। ਅੱਜ ਤੁਹਾਨੂੰ ਬਹੁਤ ਦਿਲਚਸਪ ਨਿੰਮਤਰਣ ਮਿਲਣਗੇ ਅਤੇ ਨਾਲ ਹੀ ਸਰਪਰਾਈਸ ਤੋਹਫਾ ਮਿਲ ਸਕਦਾ ਹੈ। ਤੁਹਾਡਾ ਜੀਵਨ ਸਾਥੀ ਕਿਸੇ ਦੇ ਪ੍ਰਭਾਵ ਵਿਚ ਆ ਕੇ ਤੁਹਾਡੇ ਨਾਲ ਝਗੜ ਸਕਦਾ ਹੈ ਪਰੰਤੂ ਪਿਆਰ ਅਤੇ ਸਦਭਾਵ ਨਾਲ ਮਾਮਲਾ ਸੁਲਝ ਜਾਵੇਗਾ।

**ਕੁੰਭ:** ਬਜ਼ੁਰਗ ਲੋਕਾਂ ਨੂੰ ਆਪਣੀ ਸਿਹਤ ਦਾ ਖਿਆਲ ਰੱਖਣ ਦੀ ਖਾਸ ਲੋੜ ਹੈ। ਅੱਜ ਤੁਸੀ ਬਿਨਾ ਕਿਸੇ ਸਹਾਇਤਾ ਅਤੇ ਸਮਰੱਥਾ ਦੇ ਪੈਸਾ ਕਮਾਉਣ ਦੇ ਯੋਗ ਹੋਵੋਂਗੇ। ਪਰਿਵਾਰ ਵਾਲਿਆਂ ਦਾ ਹਾਸਾ ਮਜ਼ਾਕ ਭਰਿਆ ਬਰਤਾਵ ਵਾਤਾਵਰਣ ਨੂੰ ਹਲਕਾ ਫੁਲਕਾ ਅਤੇ ਖੁਸ਼ੀ ਭਰਿਆ ਬਣਾ ਦਵੇਗੇ। ਅੱਜ ਦੇ ਦਿਨ ਤੁਸੀ ਕਿਸੀ ਕੁਦਰਤੀ ਖੂਬਸੂਰਤੀ ਨਾਲ ਖੁਦ ਨਾਲ ਇਕਮਿਕ ਮਹਿਸੂਸ ਕਰੋਂਗੇ ਅੱਜ ਤੁਹਾਡੇ ਕੋਲ ਆਪਣੇ ਹੁੱਨਰਾਂ ਨੂੰ ਦਿਖਾਉਣ ਦੇ ਮੌਕੇ ਹੋਣਗੇ। ਜੋ ਲੋਕ ਪਿਛਲੇ ਕੁਝ ਦਿਨਾਂ ਵਿਚ ਕਾਫੀ ਵਿਅਸਤ ਸੀ ਅੱਜ ਉਨਾਂ ਨੂੰ ਆਪਣੇ ਲਈ ਆਨੰਦ ਦੇ ਪਲ ਮਿਲਣਗੇ। ਅੱਜ ਤੁਹਾਨੂੰ ਅਤੇ ਤੁਹਾਡੇ ਜੀਵਨਸਾਥੀ ਨੂੰ ਕੋਈ ਬੇਹਤਰੀਨ ਖਬਰ ਮਿਲ ਸਕਦੀ ਹੈ।

**ਮੀਨ:** ਦਿਨ ਦੇ ਕੰਮਾਂ ਨੂੰ ਸਿਹਤ ਬਰਦਾਸ਼ਤ ਕਰ ਸਕਦੀ ਹੈ। ਖਾਸ ਲੋਕ ਅਜਿਹੀ ਕਿਸੇ ਵੀ ਯੋਜਨਾ ਵਿਚ ਪੈਸੇ ਲਗਾਉਣ ਲਈ ਤਿਆਰ ਹੋਣਗੇ ਜਿਸ ਤੋਂ ਸੰਭਾਵਨਾ ਨਜ਼ਰ ਆਵੇ ਅਤੇ ਵਿਸ਼ੇਸ਼ ਹੋ। ਪੋਤੇ ਤੋਂ ਅੱਜ ਕਾਫੀ ਖੁਸ਼ੀ ਮਿਲ ਸਕਦੀ ਹੈ। ਆਸਮਾਨ ਚਮਕਦਾਰ ਨਜ਼ਰ ਆਵੇਗਾ ਫੁੱਲਾਂ ਵਿਚ ਜ਼ਿਆਦਾ ਰੰਗ ਦਿਸਣਗੇ ਤੁਹਾਡੇ ਨੇੜੇ ਤੇੜੇ ਸਭ ਕੁਝ ਚਮਕ ਉਠੇਗਾ ਕਿਉਂ ਕਿ ਤੁਸੀ ਪਿਆਰ ਵਿਚ ਹੋ। ਥੋੜੀਆਂ ਹੇਰਾਫੇਰੀਆਂ ਅਤੇ ਗੱਲਬਾਤ ਅਚਾਨਕ ਲਾਭ ਲਿਆਏਗੀ। ਅੱਜ ਤੁਸੀ ਖਾਲੀ ਸਮੇਂ ਵਿਚ ਅਜਿਹੇ ਕੰਮ ਕਰੋਂਗੇ ਜਿਸ ਦੀ ਤੁਸੀ ਯੋਜਨਾ ਕਰਦੇ ਸੀ ਅਤੇ ਚਲਾਉਣ ਬਾਰੇ ਸੋਚਦੇ ਸੀ ਪਰੰਤੂ ਯੋਗ ਨਹੀਂ ਹੋਏ। ਤੁਹਾਡੀ ਵਿਆਹੁਤਾ ਜ਼ਿੰਦਗੀ ਅੱਜ ਰੰਗਾਂ ਨਾਲ ਭਰੀ ਨਹੀਂ ਰਹੇਗਾ।

# ਭਲਾ ਪਰੀਆਂ ਵੀ ਕਦੇ ਵਾਪਿਸ ਆਉਂਦੀਆਂ ਨੇ...



ਮੇਰੇ ਮੋਬਾਇਲ ਤੇ ਇਕ ਵਾਟਸਐਪ ਮੈਸੇਜ ਆਇਆ, "ਮੈਂ ਜਾਣਦੀ ਹਾਂ ਕਿ ਤੁਸੀਂ ਇਕ ਨਰਮ ਦਿਲ ਲੇਖਕ ਹੋ ਅਤੇ ਵਿਅਸਤ ਰਹਿੰਦੇ ਹੋ ਫਿਰ ਵੀ ਮੈਂ ਤੁਹਾਨੂੰ ਡਿਸਟਰਬ ਕਰ ਰਹੀ ਹਾਂ। ਕੀ ਤੁਸੀਂ ਆਪਣੇ ਕੀਮਤੀ ਸਮੇਂ ਦਾ ਕੁਝ ਹਿੱਸਾ ਮੈਨੂੰ ਦੇ ਸਕਦੇ ਹੋ?"

ਮੈਂ ਉਸ ਸਮੇਂ ਆਪਣੇ ਸਟੱਡੀ ਰੂਮ ਵਿਚ ਬੈਠਾ ਸ਼ਿਵ ਕੁਮਾਰ ਦੀ ਕਵਿਤਾ 'ਮੈਂ ਇਕ ਸ਼ਿਕਰਾ ਯਾਰ ਬਣਾਇਆ' ਪੜ੍ਹ ਰਿਹਾ ਸੀ। ਵਾਟਸਐਪ ਨੇ ਮੇਰੀ ਜਿਗਿਆਸਾ ਜਗਾ ਦਿੱਤੀ। ਮੈਸੇਜ ਅਣਜਾਣੇ ਨੰਬਰ ਤੋਂ ਆਇਆ ਸੀ। ਮੈਂ ਉਸ ਨੰਬਰ ਤੇ ਡਾਇਲ ਕਰ ਦਿੱਤਾ। ਅਗਿਓਂ ਬੜੀ ਮਿਠੀ ਤੇ ਸੁਰੀਲੀ ਆਵਾਜ਼ ਵਿਚ ਜਵਾਬ ਆਇਆ, "ਸਤਿ ਸ੍ਰੀ ਅਕਾਲ ਜੀ, ਰਾਜੀ ਖੁਸ਼ੀ ਹੋ"। ਆਵਾਜ਼ ਸੁਣ ਕੇ ਇਸ ਤਰ੍ਹਾਂ ਲੱਗਾ ਜਿਵੇਂ ਸਰਦ ਹਵਾ ਦੇ ਮੌਸਮ ਵਿੱਚ ਝੀਲ ਕਿਨਾਰੇ ਕਿਸੇ ਨੇ ਵੀਣਾ ਤੇ ਕੋਈ ਰਾਗ ਛੇੜ ਦਿੱਤਾ ਹੋਵੇ। ਮੈਂ ਇਸ ਰਾਗ ਦੇ ਵਹਿਣ ਵਿੱਚ ਵਹਿ ਤੁਰਿਆ। ਉਹ ਫਿਰ ਬੋਲੀ, "ਥੈਂਕਯੂ ਵੈਰੀ ਮੱਚ ਫ਼ਾਰ ਕਾਲਿੰਗ ਮੀ ਪਰੰਤੂ ਟੈਲੀਫੋਨ ਤੇ ਇਹ ਆਪਣੀ ਆਖ਼ਰੀ ਗੱਲਬਾਤ ਹੋਵੇਗੀ। ਆਪਾਂ ਕੇਵਲ ਵਾਟਸਐਪ ਰਾਹੀਂ ਹੀ ਗੱਲਬਾਤ ਕਰਿਆ ਕਰਾਂਗੇ"। ਮਗਰ ਕਿਉਂ? ਮੈਂ ਪੁੱਛਿਆ। "ਕਿਉਂਕਿ ਵਾਟਸਐਪ ਰਾਹੀਂ ਬਾਤਚੀਤ ਕਰਨਾ ਅਸਾਨ ਅਤੇ ਸੁਖਦ ਹੈ। ਤੁਸੀਂ ਤਾਂ ਲੇਖਕ ਹੋ ਅਤੇ ਸਮਝ ਸਕਦੇ ਹੋ ਕਿ ਬੋਲਣੇ ਦੀ ਤੁਲਨਾ ਵਿਚ ਲਿਖਦੇ ਸਮੇਂ ਅਸੀਂ ਵਧੇਰੇ ਰਚਨਾਤਮਕ ਅਤੇ ਸੰਵੇਦਨਸ਼ੀਲ ਹੁੰਦੇ ਹਾਂ। ਮੈਂ ਆਪਣੀ ਜ਼ਿੰਦਗੀ ਦੀਆਂ ਖੂਬਸੂਰਤ ਯਾਦਾਂ ਤੁਹਾਡੇ ਨਾਲ ਸਾਂਝੀਆਂ ਕਰਨਾ ਚਾਹੁੰਦੀ ਹਾਂ" ਉਹ ਬੋਲੀ। "ਮਗਰ ਗੱਲ ਕਰਨ ਵਿਚ ਕੀ ਪਰੇਸ਼ਾਨੀ ਹੈ", ਮੈਂ ਪੁੱਛਿਆ। ਉਸਨੇ ਕਿਹਾ ਕਿ ਹਾਲੇ ਇਸ ਰਾਜ਼ ਨੂੰ ਰਾਜ਼ ਹੀ ਰਹਿਣ ਦਿੱਤਾ ਜਾਵੇ ਅਤੇ ਉਸਨੇ ਫੋਨ ਕੱਟ ਦਿਤਾ।

ਇਸਤੋਂ ਬਾਅਦ ਉਸਦੇ ਮੈਸੇਜ ਤੇ ਮੈਸੇਜ ਆਉਣੇ ਸ਼ੁਰੂ ਹੋ ਗਏ। ਪਹਿਲਾਂ ਸਿੱਧੇ ਸਾਦੇ ਚੁੱਟਕਲੇ, ਫਿਰ ਮਨੁੱਖੀ ਵਿਕਾਸ ਬਾਰੇ ਕੁਝ ਨਿਯਮ, ਫਿਰ ਆਤਮਾਂ ਬਾਰੇ ਅਤੇ ਅੰਤ ਵਿਚ ਨੇੜਤਾ ਬਾਰੇ ਅਜੀਬ ਜਿਹੇ ਪ੍ਰਸ਼ਨ। ਇਕ ਮੈਸੇਜ ਵਿਚ ਉਸਨੇ ਲਿਖਿਆ, "ਆਓ ਆਪਾਂ ਦੁਨੀਆਂ ਵੰਡ ਲਈਏ: ਸਮੁੰਦਰ ਤੁਹਾਡਾ ਅਤੇ ਲਹਿਰਾਂ ਮੇਰੀਆਂ। ਫੁੱਲ ਤੁਹਾਡੇ ਅਤੇ ਖੁਸ਼ਬੂ ਮੇਰੀ। ਚਲੋ ਇੰਝ ਕਰਦੇ ਹਾਂ ਕਿ ਸਭ ਕੁਝ ਤੁਹਾਡਾ ਅਤੇ ਤੁਸੀਂ ਮੇਰੇ"। ਹਾਲਾਂ ਕਿ ਮੈਨੂੰ ਵੀ ਉਸਦੇ ਮੈਸੇਜ ਵਿਚੋਂ ਅਨੰਦ ਆਉਣ ਲੱਗ ਪਿਆ ਸੀ ਪਰ ਮਨ ਵਿਚ ਇਕ ਡਰ ਵੀ ਪਨਪ ਰਿਹਾ ਸੀ ਕਿ ਜੇ ਇਨ੍ਹਾਂ ਮੈਸੇਜ ਦਾ ਮੇਰੇ ਪਤਨੀ ਅਤੇ ਬੱਚਿਆਂ ਨੂੰ ਪਤਾ ਲੱਗ ਗਿਆ ਤਾਂ ਉਹ ਮੇਰੇ ਬਾਰੇ ਕੀ ਸੋਚਣਗੇ। ਮੇਰੀ ਗ੍ਰਹਿਸਥ ਜ਼ਿੰਦਗੀ ਵਿਚ ਖਟਾਸ ਪੈਦਾ ਹੋ ਜਾਵੇਗੀ। ਫਿਰ ਮੈਂ ਸੋਚਦਾ ਮੈਨੂੰ ਹਰ ਰੋਜ਼ ਢੇਰੋ ਮੈਸੇਜ ਆਉਂਦੇ ਹਨ ਫਿਰ ਡਰਨਾ ਕਿਉਂ।

ਇਕ ਦਿਨ ਰਾਤ ਨੂੰ 11.30 ਵਜੇ ਫੋਨ ਦੀ ਬੀਪ ਵੱਜੀ। ਸਕਰੀਨ ਤੇ ਉਸਦਾ ਹੀ ਮੈਸੇਜ ਸੀ। ਮੇਰੀ ਪਤਨੀ ਦੀ ਨੀਂਦ ਖੁੱਲ ਗਈ ਤੇ ਪੁੱਛਣ ਲੱਗੀ ਕਿਸਦਾ ਫੋਨ ਆ ਗਿਆ ਇੰਨੀ ਰਾਤ ਗਏ। ਮੈਂ ਕਿਹਾ ਕਿਸੇ ਸੰਪਾਦਕ ਨੇ ਕੋਈ ਵਧੀਆ ਜਿਹੀ ਕਹਾਣੀ ਮੰਗੀ ਹੈ। ਤੂੰ ਸੌਂ ਜਾ। "ਸੰਪਦਕਾਂ ਨੂੰ ਵੀ ਇਹੀ ਟਾਈਮ ਮਿਲਦਾ ਹੈ ਕਹਾਣੀ ਮੰਗਣ ਵਾਸਤੇ" ਮੇਰੀ ਪਤਨੀ ਨੇ ਕਿਹਾ। ਅਸਲ ਵਿਚ ਮੈਂ ਆਪਣੀ ਪਤਨੀ ਨੂੰ ਝੂਠ ਬੋਲਿਆ ਸੀ। ਉਸ ਦਿਨ ਉਸਨੇ ਮੈਸੇਜ ਰਾਹੀਂ ਮੈਨੂੰ ਪੁਛਿਆ ਸੀ ਕਿ ਜੇ ਕਦੇ ਮੈਨੂੰ ਉਸਨੂੰ ਮਿਲਣ ਦਾ ਅਚਾਨਕ ਮੌਕਾ ਮਿਲੇ ਤਾਂ ਉਸਦੀ ਕਿਸ ਚੀਜ਼ ਤੋਂ ਸਭ ਤੋਂ ਵੱਧ ਪ੍ਰਭਾਵਿਤ ਹੋਵਾਂਗਾ: ਉਸਦੀਆਂ ਅੱਖਾਂ ਵਿਚ ਆਪਣਾ ਅਕਸ ਦੇਖ ਕੇ, ਉਸਦੀ ਅਵਾਜ਼ ਵਿਚ ਆਪਣਾ ਨਾਮ ਸੁਣਕੇ ਜਾਂ ਉਸਦੇ ਦਿਲ ਦੀਆਂ ਗੱਲਾਂ ਜਾਣਕੇ। ਮੈਨੂੰ ਲੱਗਿਆ ਕਿ ਉਸਦੀ ਦੀਵਾਨਗੀ ਹੱਦੋਂ ਵੱਧ ਰਹੀ ਹੈ। ਉਸਨੂੰ ਸਮਝਾਉਣ ਲਈ ਕਿ ਉਹ ਆਪਣੀਆਂ ਭਾਵਨਾਵਾਂ ਤੇ ਕੰਟਰੋਲ ਰੱਖੇ ਤੇ ਉਨ੍ਹਾਂ ਨੂੰ ਸਹੀ ਦਿਸ਼ਾ ਦੇਵੇ, ਮੈਂ ਬੈਡਰੂਮ ਤੋਂ ਬਾਹਰ ਆ ਕੇ ਉਸਦਾ ਨੰਬਰ ਡਾਇਲ ਕਰ ਦਿਤਾ। ਪਰੰਤੂ ਘੰਟੀ ਵਜਦੇ ਸਾਰ ਹੀ ਉਸਨੇ ਫੋਨ ਕੱਟ ਦਿਤਾ ਅਤੇ ਝੱਟਪਟ ਮੈਸੇਜ ਆ ਗਿਆ, "ਵਾਟਸਐਪ ਓਨਲੀ ਪਲੀਜ਼। ਇੰਨ੍ਹਾਂ ਦਿਨਾਂ ਵਿਚ ਮੇਰਾ ਭਰਾ ਇਥੇ ਆਇਆ ਹੋਇਆ ਹੈ ਅਤੇ ਬਾਤ ਦਾ ਬਤੰਗੜ ਬਣ ਸਕਦਾ ਹੈ।" ਮੈਂ ਫਟਾਫਟ ਮੈਸੇਜ ਟਾਇਪ ਕੀਤਾ, "ਮੈਨੂੰ ਪਤਾ ਹੈ ਕਿ ਮੈਂ ਉਮਰ ਦੇ ਕਿਸ ਦੌਰ ਵਿਚੋਂ ਗੁਜ਼ਰ ਰਿਹਾ ਹਾਂ, ਉਮਰ ਦੇ ਇਸ ਦੌਰ ਵਿਚ ਚੁਹਲ ਬਾਜ਼ੀ ਸ਼ੋਭਾ ਨਹੀਂ ਦਿੰਦੀ"। ਉਧਰੋਂ ਜਵਾਬ ਆਇਆ, "ਫੁੱਲਾਂ ਦੀ ਖੁਸ਼ਬੋ, ਬਸੰਤੀ ਬਿਆਰ, ਬੰਸਰੀ ਦੀ ਆਵਾਜ਼ ਦੀ ਮਿਠਾਸ ਅਤੇ ਪ੍ਰੇਮ ਸੰਗੀਤ ਮਹਿਸੂਸ ਕਰਨ ਲਈ ਉਮਰ ਦੀ ਕੋਈ ਸੀਮਾ ਨਹੀਂ ਹੁੰਦੀ। ਕਦੇ ਕਦੇ ਪੱਕੀ ਉਮਰ ਵਿਚ ਵੀ ਰੋਮਾਂਸ ਨੂੰ ਮਹਿਸੂਸ ਕਰ ਲੈਣਾ ਚਾਹੀਦਾ ਹੈ। ਇਸ ਨਾਲ ਜ਼ਿੰਦਗੀ ਵਿਚ ਤਾਜ਼ਗੀ ਦਾ ਸੰਚਾਰ ਹੁੰਦਾ ਹੈ"। ਉਸਦੇ ਤਰਕ ਨੇ ਮੈਨੂੰ ਹੈਰਾਨੀ ਵਿਚ ਪਾ ਦਿਤਾ। ਮੈਂ ਲਿਖਿਆ ਕਿ ਅਜਿਹੇ ਰਿਸ਼ਤੇ ਦਾ ਕੀ ਫਾਇਦਾ ਜਿਸਨੂੰ ਆਪਣਿਆਂ ਕੋਲੋਂ ਛੁਪਾਉਣਾ ਪਵੇ। ਨਾਲੇ ਮੇਰੀ ਅਤੇ ਆਪਣੀ ਉਮਰ ਦਾ ਅੰਤਰ ਦੇਖ। ਉਸਨੇ ਝਟਪਟ ਮੈਸੇਜ ਭੇਜ ਦਿਤਾ, "ਤੁਹਾਨੂੰ ਅਛੀ ਤਰ੍ਹਾਂ ਜਾਣਦੀ ਹਾਂ ਤੁਸੀਂ ਮੇਰੇ ਨਾਲੋਂ ਦੁਗਣੀ ਉਮਰ ਤੋਂ ਵੀ ਜਿਆਦਾ ਉਮਰ ਦੇ ਹੋ"। ਮੇਰੇ ਜਵਾਬ ਦੇਣ ਤੋਂ ਪਹਿਲਾਂ ਹੀ ਉਸਨੇ ਇਕ ਹੋਰ ਮੈਸੇਜ ਭੇਜ ਦਿਤਾ, "ਅਛੇ ਲੋਕ ਹਵਾ ਦੀ ਤਰ੍ਹਾਂ ਹੁੰਦੇ ਹਨ, ਭਾਂਵੇਂ ਦਿਖਦੇ ਨਹੀਂ ਪਰ ਉਹ ਸਦਾ ਨਾਲ ਹੁੰਦੇ ਹਨ। ਤੂੰ ਉਨ੍ਹਾਂ ਵਿਚੋਂ ਇਕ ਹੈ"। ਮੈਂ ਚੌਂਕ ਗਿਆ ਜਦ ਉਸਨੇ ਆਪਣੇ ਤੋਂ ਦੁਗਣੀ ਉਮਰ ਦੇ ਆਦਮੀ ਨੂੰ 'ਤੂੰ' ਕਹਿਕੇ ਸੰਬੋਧਨ ਕੀਤਾ। ਮੈਂ ਇਸਨੂੰ ਕੀ ਸਮਝਦਾ? ਦੀਵਾਨਗੀ ਜਾਂ ਦੁਸਾਹਸ। ਜਦ ਕੋਈ ਰਸਤਾ ਨਹੀਂ ਸੁਝਿਆ ਮੈਂ ਮੋਬਾਇਲ ਬੰਦ ਕਰਕੇ ਸੌਂ ਗਿਆ।

ਅਗਲੀ ਸਵੇਰ ਜਦ ਮੋਬਾਇਲ ਚਾਲੂ ਕੀਤਾ ਸਕਰੀਨ ਤੇ ਫਿਰ ਉਸਦਾ ਮੈਸੇਜ ਨੱਚ ਰਿਹਾ ਸੀ, "ਅਛੇ ਸੰਬੰਧ ਇਕ ਪੇੜ ਦੀ ਤਰ੍ਹਾਂ ਹੁੰਦੇ ਹਨ। ਸ਼ੁਰੂ ਸ਼ੁਰੂ ਵਿਚ ਇਸਨੂੰ ਪਾਲਣ ਪੋਸ਼ਣ ਅਤੇ ਦੇਖਭਾਲ ਕਰਨ ਦੀ ਜਰੂਰਤ ਹੁੰਦੀ ਹੈ ਪਰੰਤੂ ਜਦੋਂ ਵਿਕਸਤ ਹੋ ਜਾਂਦੇ ਹਨ ਤਾਂ ਸਾਰੀ ਉਮਰ ਫਲ ਅਤੇ ਛਾਂ ਦਿੰਦੇ ਹਨ"। ਇਹ ਮੈਸੇਜ ਪੜ੍ਹ ਕੇ ਮੈਂ ਮੁਸਕਰਾ ਪਿਆ ਪਰ ਸਵੇਰੇ ਸਵੇਰੇ ਕਿਸ ਕੋਲ ਫੁਰਸਤ ਹੁੰਦੀ ਹੈ ਜਵਾਬ ਦੇਣ ਲਈ। ਮੈਂ ਸੋਚਿਆ ਦਫ਼ਤਰ ਪਹੁੰਚ ਕੇ ਇਸ ਦਾ ਜਵਾਬ ਦਿਆਂਗਾ। ਦਫ਼ਤਰ ਪਹੁੰਚ ਕੇ ਜਿਵੇਂ ਫੋਨ ਚਾਲੂ ਕੀਤਾ ਸਕਰੀਨ ਤੇ ਫਿਰ ਉਸਦਾ ਮੈਸੇਜ ਲਰਜ ਰਿਹਾ ਸੀ। "ਜਦ ਬਾਰਿਸ਼ ਹੁੰਦੀ ਹੈ ਤਾਂ ਸਾਰੇ ਪੰਛੀ ਕਿਸੇ ਛਾਇਆਦਾਰ ਜਗ੍ਹਾਂ ਨੂੰ ਢੂੰਡਦੇ ਹਨ ਪਰੰਤੂ ਕੋਈ ਪੰਛੀ ਬਾਰਿਸ਼ ਤੋਂ ਬਚਣ ਲਈ ਇਧਰ-ਉਧਰ ਨਹੀਂ ਸਗੋਂ ਬਦਲਾਂ ਦੇ ਉਪਰ ਉਡਾਣ ਭਰਨ ਦੀ ਕੋਸ਼ਿਸ਼ ਕਰਦਾ ਹੈ। ਸਮੱਸਿਆਵਾਂ ਇਕ ਹੀ ਤਰ੍ਹਾਂ ਦੀਆਂ ਹੁੰਦੀਆਂ ਹਨ ਪਰੰਤੂ ਆਦਮੀ ਦਾ ਨਜ਼ਰੀਆ ਉਸਨੂੰ ਭੀੜ ਤੋਂ ਅਲੱਗ ਕਰਦਾ ਹੈ"। ਮੈਂ ਇਸ ਮੈਸੇਜ ਦਾ ਵੀ ਜਵਾਬ ਨਹੀਂ ਦਿਤਾ। ਵੈਸੇ ਮੈਂ ਕਹਿੰਦਾ ਵੀ ਕੀ? ਕਿ ਮੈਨੂੰ ਨੂੰ ਬਾਰਿਸ਼ ਅੱਛੀ ਲੱਗ ਰਹੀ ਹੈ। ਨਾ ਤਾਂ ਇਸ ਬਾਰਿਸ਼ ਵਿਚ ਭਿੱਜਣਾ ਮੇਰੇ ਲਈ ਠੀਕ ਹੈ ਅਤੇ ਨਾ ਹੀ ਬਦਲਾਂ ਉਪਰ ਉਡੱਣਾ ਮੇਰੇ ਵੱਸ ਦੀ ਗੱਲ ਹੈ। ਉਸ ਦਿਨ ਮੈਂ ਉਸਦੇ ਕਿਸੇ ਵੀ ਮੈਸੇਜ ਦਾ ਜਵਾਬ ਨਹੀਂ ਦਿੱਤਾ। ਫਿਰ ਤਕਰੀਬਨ 15 ਦਿਨ ਉਸਦਾ ਕੋਈ ਮੈਸੇਜ ਨਹੀਂ ਆਇਆ, ਜਾਂ ਤੇ ਮੇਰੇ ਜਵਾਬ ਨਾ ਦੇਣ ਕਾਰਨ ਜਾਂ ਉਸਦੇ ਭਰਾ ਦੇ ਡਰ ਦੇ ਕਾਰਨ। ਫਿਰ 15 ਦਿਨ ਬਾਅਦ ਉਸਦਾ ਮੈਸੇਜ ਆਇਆ, "ਜ਼ਿੰਦਗੀ ਸਭ ਤੋਂ ਵੱਧ ਕਮਜ਼ੋਰ ਉਦੋਂ ਹੁੰਦੀ ਹੈ ਜਦੋਂ ਰਿਸ਼ਤਿਆਂ ਵਿਚ ਵਿਸ਼ਵਾਸ਼ ਘੱਟ ਹੁੰਦਾ ਹੈ ਅਤੇ ਸ਼ੰਕਾ ਜਿਆਦਾ ਹੁੰਦੀ ਹੈ। ਜ਼ਿੰਦਗੀ ਸਭ ਤੋਂ ਵੱਧ ਮਜਬੂਤ ਉਦੋਂ ਹੁੰਦੀ ਹੈ ਜਦੋਂ ਸਾਰੇ ਸੰਦੇਹ ਨਜ਼ਰ ਅੰਦਾਜ ਕਰਕੇ ਇਕ ਦੂਜੇ ਪਰ ਵਿਸ਼ਵਾਸ਼ ਕਰਨਾ ਸਿੱਖ ਜਾਂਦੇ ਹਾਂ। ਇਸ ਮੈਸੇਜ ਦਾ ਜਵਾਬ ਨਾ ਦੇਣਾ ਮੇਰਾ ਭਰਾ ਘਰ ਹੀ ਹੈ"। ਇਹ ਉਸਦਾ ਆਖ਼ਰੀ ਮੈਸੇਜ ਸੀ। ਇਸ ਤੋਂ ਬਾਅਦ ਉਸਦਾ ਕੋਈ ਮੈਸੇਜ ਨਹੀਂ ਆਇਆ। ਜਿਸ ਤਰ੍ਹਾਂ ਅਚਾਨਕ ਉਹ ਮੇਰੀ ਜ਼ਿੰਦਗੀ ਵਿਚ ਆਈ ਸੀ ਉਸੇ ਤਰ੍ਹਾਂ ਅਚਾਨਕ ਹੀ ਮੇਰੇ ਕੋਲੋਂ ਦੂਰ ਚਲੀ ਗਈ। ਉਸਨੇ ਸ਼ਾਇਦ ਆਪਣਾ ਮੋਬਾਇਲ ਨੰਬਰ ਵੀ ਬਦਲ ਲਿਆ ਸੀ ਕਿਉਂਕ ਇਕ ਦਿਨ ਹਿੰਮਤ ਕਰਕੇ ਮੈਂ ਉਸਦਾ ਨੰਬਰ ਡਾਇਲ ਕਰ ਦਿਤਾ ਅਤੇ ਅਗੋਂ ਆਵਾਜ਼ ਆਈ 'ਇਹ ਨੰਬਰ ਪ੍ਰਯੋਗ ਵਿਚ ਨਹੀਂ ਹੈ'। ਮੈਂ ਨਹੀਂ ਜਾਣਦਾ ਉਹ ਕਿੱਥੇ ਹੈ। ਹੁਣ ਉਹ ਮੈਨੂੰ ਕਦੇ ਵੀ ਮੈਸੇਜ ਨਹੀਂ ਕਰੇਗੀ। ਮੈਂ ਆਪਣੇ ਮਨ ਨੂੰ ਸਮਝਾਇਆ "ਭਲਾ ਪਰੀਆਂ ਵੀ ਕਦੇ ਵਾਪਿਸ ਆਉਂਦੀਆਂ ਨੇ।"

-ਗੁਰਮੀਤ ਸਿੰਘ

# ਮੇਰੇ ਕਾਰੋਬਾਰ ਦਾ ਇੱਕ ਅਸੂਲ...!




ਮੇਰੇ ਕਾਰੋਬਾਰ ਦਾ ਇੱਕ ਅਸੂਲ ਹੋਇਆ ਕਰਦਾ ਸੀ..ਭਾਵੇਂ ਜੋ ਮਰਜੀ ਹੋ ਜਾਵੇ ਗੱਲੇ ਤੋਂ ਕਦੀ ਵੀ ਏਧਰ ਓਧਰ ਨਾ ਹੁੰਦਾ!

ਇੱਕ ਪਾਸੇ ਡੇਅਰੀ ਤੇ ਦੂਜੇ ਪਾਸੇ ਮਿਠਿਆਈ ਦੀ ਦੁਕਾਨ..ਸੁਵੇਰੇ ਨੌਂ ਤੋਂ ਬਾਰਾਂ ਤੱਕ ਕੰਮ..ਤੁਲਵਾਈ..ਪੈਕਿੰਗ..ਸਫਾਈ..ਜੂਠੇ ਭਾਂਡੇ..ਮਿਠਾਈਆਂ ਦੇ ਆਡਰ ਅਤੇ ਡੱਬਿਆਂ ਦੀ ਸਾਂਭ ਸੰਭਾਲ..ਉੱਤੋਂ ਵਿਆਹਾਂ ਦਾ ਸੀਜਨ..ਵੈਸੇ ਸੁਵੇਰ ਵੇਲੇ ਸਭ ਤੋਂ ਜਿਆਦਾ ਦਹੀਂ ਦੇ ਆਡਰ ਹੀ ਹੋਇਆ ਕਰਦੇ..।

ਪਹਿਲੋਂ ਪੈਕ ਕਰਨਾ ਮੁੜਕੇ ਉੱਤੇ ਰਬੜ ਚੜਾਉਣੀ..ਕਈ ਵਾਰ ਤੇ ਹੱਥ ਵੀ ਬਿਲਕੁਲ ਰਹਿ ਜਾਂਦੇ..ਦੋ ਤਿੰਨ ਮੁੰਡੇ ਵੀ ਰੱਖੇ ਪਰ ਇਤਬਾਰ ਵਾਲੀ ਕਸਵੱਟੀ ਤੇ ਕੋਈ ਵੀ ਪੂਰਾ ਨਾ ਉੱਤਰ ਸਕਿਆ..।

ਹੌਲੀ ਜਿਹੀ ਉਮਰ ਦਾ ਉਹ ਮੁੰਡਾ ਸ਼ਾਇਦ ਸਾਮਣੇ ਸ਼ਾਹਾਂ ਦੀ ਆੜ੍ਹਤ ਤੇ ਸਾਫ ਸਫਾਈ ਦਾ ਕੰਮ ਕਰਿਆ ਕਰਦਾ ਸੀ..ਇੱਕ ਦੋ ਵਾਰ ਡੇਹਰੀ ਤੇ ਆਇਆ ਆਪਣੀ ਨੌਕਰੀ ਦੀ ਕਹਾਣੀ ਜਿਹੀ ਪਾ ਬੈਠਾ..ਅਖੇ ਸਰਦਾਰ ਜੀ ਲੋੜ ਹੋਵੇ ਤਾਂ ਦੱਸਿਓ..ਕੰਮ ਚਾਹੀਦਾ ਏ..ਨਿੱਕੇ ਨਿੱਕੇ ਭੈਣ ਭਾਈਆਂ ਦੀ ਜੁੰਮੇਵਾਰੀ ਮੇਰੇ ਤੇ ਏ..ਪਿੱਛੇ ਜਿਹੇ ਹੀ ਮਾਂ ਮਰੀ ਏ..।

ਕੋਲ ਕੜਾਹੀ ਤੇ ਕੰਮ ਕਰਦਾ ਹਲਵਾਈ ਉਸਦਾ ਗਵਾਂਢੀ ਸੀ..ਅਕਸਰ ਆਖ ਦਿੰਦਾ.."ਸ਼ਾਹ ਜੀ ਹਾਅ ਗਲਤੀ ਨਾ ਕਰ ਬਹਿਓ..ਬੜੀ ਬੇ-ਇਤਬਾਰੀ ਵਾਲੀ ਉਮਰ ਹੁੰਦੀ ਏ..ਏਡੀ ਉਮਰ ਦੇ ਨਾ ਘਰ ਦੇ ਹੁੰਦੇ ਤੇ ਨਾ ਘਾਟ..ਉੱਤੋਂ ਥੋਨੂ ਪਹਿਲਾਂ ਵੀ ਕਿੰਨੀ ਵਾਰ ਹੱਥ ਲੱਗ ਚੁਕੇ ਨੇ..ਸੋਚ ਸਮਝ ਕੇ ਰਖਿਓ..ਜਿਸਨੂੰ ਵੀ ਰੱਖੋਗੇ..।

ਹਲਵਾਈ ਦੀ ਗੱਲ ਸੁਣ ਸਬਰ ਦਾ ਘੁੱਟ ਭਰਦਾ ਹੋਇਆ ਉਹ ਮੇਰਾ ਜਵਾਬ ਉਡੀਕੇ ਬਗੈਰ ਹੀ ਓਥੋਂ ਚਲਾ ਜਾਇਆ ਕਰਦਾ..।

ਉਸ ਦਿਨ ਵੀ ਸਵੇਰੇ ਸਵੇਰੇ ਗ੍ਰਾਹਕੀ ਦਾ ਸਿਖਰ..ਉੱਤੋਂ ਮੇਰਾ ਸਿਰ ਵੀ ਦੁਖੀ ਜਾ ਰਿਹਾ ਸੀ..।

ਅੱਜ ਫੇਰ ਓਹੀ ਮੁੰਡਾ ਮੁੱਠ ਵਿੱਚ ਇੱਕ ਨੋਟ ਫੜੀ ਸਭ ਤੋਂ ਅੱਗੇ ਖਲੋਤਾ ਕਦੇ ਦਾ ਕੁਝ ਆਖਣ ਦੀ ਕੋਸ਼ਿਸ਼ ਕਰ ਰਿਹਾ ਸੀ..ਪਰ ਕਾਵਾਂ ਰੌਲੀ ਵਿੱਚ ਕੁਝ ਵੀ ਸੁਣਿਆ ਨਹੀਂ ਸੀ ਜਾ ਰਿਹਾ..।

ਮੈਂ ਮਨ ਹੀ ਮਨ ਇਹ ਧਾਰਨਾ ਬਣਾ ਲਈ ਕੇ ਇਹ ਅੱਜ ਫੇਰ ਦਹੀਂ ਲੈਣ ਬਹਾਨੇ ਓਹੀ ਨੌਕਰੀ ਵਾਲੀ ਪੁਰਾਣੀ ਕਹਾਣੀ ਪਾ ਬੈਠੇਗਾ..।

ਇਸਤੋਂ ਪਹਿਲਾਂ ਕੇ ਮੈਂ ਕੁਝ ਆਖਦਾ..ਕੋਲ ਖੋਲਤੇ ਹਲਵਾਈ ਨੇ ਉਸਦੇ ਚੰਡ ਕੱਢ ਮਾਰੀ ਤੇ ਆਖਣ ਲੱਗਾ ਓਏ ਜਦੋਂ ਇੱਕ ਵਾਰ ਜੁਆਬ ਦੇ ਦਿੱਤਾ ਫੇਰ ਰੋਜ-ਰੋਜ ਤੰਗ ਕਰਨ ਕਿਓਂ ਆ ਜਾਨਾ ਏ..ਜਾ ਦੌੜ ਜਾ ਮੁੜਕੇ ਨਾ ਆਵੀਂ..ਸ਼ਾਹ ਜੀ ਵੱਲੋਂ ਵੀ ਸਮਝ ਪੱਕੀ ਨਾਂਹ ਹੀ ਏ।

ਹੱਕੇ ਬੱਕੇ ਜਿਹੇ ਹੋ ਗਏ ਨੇ ਛੇਤੀ ਨਾਲ ਇੱਕ ਹੱਥ ਆਪਣੀ ਲਾਲ ਹੋ ਗਈ ਗੱਲ੍ਹ ਤੇ ਰੱਖ ਲਿਆ ਤੇ ਦੂਜੇ ਨਾਲ ਮੁੱਠ ਵਿੱਚ ਫੜਿਆ ਪੰਜਾਹਾਂ ਦਾ ਨੋਟ ਮੇਰੇ ਵੱਲ ਵਧਾ ਦਿੱਤਾ..।

ਨਾਲ ਹੀ ਗਿੱਲੀਆਂ ਹੋ ਗਈਆਂ ਅੱਖਾਂ ਨਾਲ ਮੇਰੇ ਵੱਲ ਵੇਖਦਾ ਹੋਇਆ ਆਖਣ ਲੱਗਾ ਜੀ ਹੁਣੇ ਹੀ ਪੰਜਾਹਾਂ ਦਾ ਦਹੀਂ ਲੈ ਕੇ ਗਿਆ ਸਾਂ ਤੇ ਤੁਸੀਂ ਭਲੇਖੇ ਨਾਲ ਬਕਾਏ ਵਿਚ ਪੰਜਾਹ ਰੁਪਈਏ ਵਾਧੂ ਦੇ ਦਿੱਤੇ ਸਨ..ਮੈਂ ਤੇ ਅਹੁ ਪੰਜਾਹ ਮੋੜਨ ਆਇਆ ਸਾਂ..। ਇਸ ਮਗਰੋਂ ਉਸਤੋਂ ਹੋਰ ਕੋਈ ਗੱਲ ਨਾ ਹੋਈ ਤੇ ਉਂਝ ਹੀ ਲਾਲ ਗੱਲ੍ਹ ਤੇ ਹੱਥ ਰੱਖੀ ਉਹ ਸਕਿੰਟਾਂ ਵਿੱਚ ਹੀ ਸਾਮਣੇ ਖਲੋਤੀ ਗ੍ਰਾਹਕਾਂ ਦੀ ਵੱਡੀ ਭੀੜ ਵਿਚ ਕਿਧਰੇ ਗਵਾਚ ਗਿਆ..।

ਕਾਲਜੇ ਨੂੰ ਧੂ ਜਿਹੀ ਪੈ ਗਈ..ਮੈਨੂੰ ਆਪਣੀ ਮਾਂ ਚੇਤੇ ਆ ਗਈ..ਜਿਸਨੇ ਮੈਨੂੰ ਪਹਿਲੀ ਵੇਰ ਸਕੂਲੋਂ ਪਈ ਪਹਿਲੀ ਚੁਪੇੜ ਮਗਰੋਂ ਕਿੰਨੀ ਦੇਰ ਆਪਣੀ ਬੁੱਕਲ ਵਿੱਚ ਲੁਕਾਈ ਰਖਿਆ ਸੀ..।

ਸੋਚੀਂ ਪੈ ਗਿਆ..ਇਹ ਵਿਚਾਰਾ ਪਤਾ ਨਹੀਂ ਹੁਣ ਕਿਸਦੀ ਬੁੱਕਲ ਵਿੱਚ ਜਾ ਕੇ ਸਿਰ ਲੁਕਾਵੇਗਾ..ਇਸਦੀ ਤੇ ਅਜੇ ਕੁਝ ਦਿਨ ਪਹਿਲਾਂ ਹੀ..।

ਮੈਂ ਪਹਿਲੀ ਵਾਰ ਪੈਸਿਆਂ ਵਾਲਾ ਗੱਲਾ ਉਂਝ ਦਾ ਉਂਝ ਹੀ ਖੁਲਾ ਛੱਡ ਉਸਦੇ ਮਗਰ ਨੂੰ ਹੋ ਤੁਰਿਆ..।

ਵਾਹੋਦਾਹੀ ਏਧਰ ਓਧਰ ਨੱਸੇ ਜਾਂਦੇ ਨੂੰ ਪਤਾ ਨਹੀਂ ਕਿਓਂ ਇੰਝ ਦਾ ਮਹਿਸੂਸ ਹੋ ਰਿਹਾ ਸੀ ਜਿੱਦਾਂ ਮੇਰੀ ਗਲਤੀ ਦਾ ਇਹਸਾਸ ਦਵਾਉਣ ਖੁਦ ਮੇਰੀਆਂ ਬਰੂਹਾਂ ਤੇ ਚੱਲ ਕੇ ਆਇਆ "ਮਸੂਮ" ਜਿਹਾ ਇੱਕ "ਰੱਬ" ਕਿਸੇ ਗੱਲੋਂ ਰੁੱਸ ਹਮੇਸ਼ਾਂ ਲਈ ਵਾਪਿਸ ਆਪਣੀ ਦੁਨੀਆ ਵਿਚ ਪਰਤ ਗਿਆ ਹੋਵੇ।



ਹਰਪ੍ਰੀਤ ਸਿੰਘ ਜਵੰਦਾ

# ਪੁਰਾਣੇ ਸਮਿਆਂ ਦੀਆਂ ਗੱਲਾਂ ਹੀ ਕੁਝ ਹੋਰ ਸਨ...



ਉਹ ਦਿਨ ਸਾਦਗੀ, ਸੱਚਾਈ ਤੇ ਆਪਸੀ ਪਿਆਰ ਨਾਲ ਭਰੇ ਹੁੰਦੇ ਸਨ। ਬਜ਼ਾਰਾਂ ਦੀਆਂ ਗਲੀਆਂ 'ਚ ਮਨੁੱਖਤਾ ਦੀ ਖੁਸ਼ਬੂ ਵੱਸਦੀ ਸੀ।

ਸਵੇਰੇ ਜਦੋਂ ਕੋਈ ਦੁਕਾਨਦਾਰ ਆਪਣੀ ਦੁਕਾਨ ਖੋਲ੍ਹਦਾ, ਤਦ ਸਭ ਤੋਂ ਪਹਿਲਾਂ ਇੱਕ ਛੋਟੀ ਕੁਰਸੀ ਬਾਹਰ ਰੱਖਦਾ ਸੀ। ਇਹ ਸਿਰਫ਼ ਕੁਰਸੀ ਨਹੀਂ ਹੁੰਦੀ ਸੀ, ਇਹ ਉਸ ਦਿਨ ਦੀ ਉਮੀਦ ਹੁੰਦੀ ਸੀ।

ਜਿਵੇਂ ਹੀ ਪਹਿਲਾ ਗ੍ਰਾਹਕ ਆਉਂਦਾ ਤੇ ਖਰੀਦਦਾਰੀ ਕਰਦਾ, ਦੁਕਾਨਦਾਰ ਚੁੱਪਚਾਪ ਉਹ ਕੁਰਸੀ ਚੁੱਕ ਕੇ ਅੰਦਰ ਰੱਖ ਲੈਂਦਾ ਸੀ ਜੋਕਿ ਇਸ਼ਾਰਾ ਹੁੰਦਾ ਸੀ ਕਿ ਬੋਹਣੀ ਹੋ ਗਈ, ਰੱਬ ਦੀ ਮਿਹਰ ਹੋਈ।

ਪਰ ਜਦੋਂ ਦੂਜਾ ਗ੍ਰਾਹਕ ਆਉਂਦਾ, ਉਹ ਦੁਕਾਨਦਾਰ ਬਾਹਰ ਨਿਗਾਹ ਮਾਰਦਾ ਜੇਕਰ ਕਿਸੇ ਹੋਰ ਦੁਕਾਨ ਦੇ ਬਾਹਰ ਅਜੇ ਵੀ ਕੁਰਸੀ ਪਈ ਵੇਖਦਾ, ਤਾਂ ਉਹ ਪਿਆਰ ਨਾਲ ਗ੍ਰਾਹਕ ਨੂੰ ਕਹਿੰਦਾ,

"ਤੁਸੀਂ ਆਪਣਾ ਸਮਾਨ ਉਹਨਾਂ ਕੋਲੋਂ ਲੈ ਲਓ ਜੀ, ਉਹਨਾਂ ਦੀ ਅਜੇ ਬੋਹਣੀ ਨਹੀਂ ਹੋਈ।"

# ਗੀਤ

ਤੈਨੂੰ ਮਿਲਣ ਦਾ ਮੈਨੂੰ,
ਹੁੰਦਾ ਚਾਅ ਬਥੇਰਾ ਸੀ।
ਹਰ ਵੇਲੇ ਹੀ, ਰੱਟਦਾ ਰਹਿੰਦਾ,
ਅਕਸਰ ਨਾਮ, ਤੇਰਾ ਸੀ।
ਸ਼ਹਿਰ ਸਾਰਾ ਸੀ, ਗਾਹ ਦਿੰਦਾ,
ਤੈਨੂੰ ਦੇਖਣ ਲਈ,
ਤੁਰ ਪੈਂਦਾ ਸੀ, ਦੀਦ ਤੇਰੀ ਲਈ,
ਸਾਈਕਲ ਚੜ੍ਹ ਕੇ ਨੀ।
ਦਿਨ ਸਾਰਾ ਸੀ, ਸੜ੍ਹਦਾ ਰਹਿੰਦਾ,
ਨਾ ਹੁੰਦੀ ਜਦੋਂ, ਦੀਦ ਤੇਰੀ,
ਮੁੜ ਆਉਂਦਾ ਸੀ, ਵਾਪਸ ਮੈਂ,
ਵਿੱਚ ਬਾਗ਼ ਵੜ੍ਹ ਕੇ ਨੀ।
ਬਿਨ ਦੇਖੇ ਤੈਨੂੰ,
ਨਾ ਲੰਘਦਾ ਦਿਨ ਮੇਰਾ ਸੀ,
ਤੈਨੂੰ ਮਿਲਣ ਦਾ, ਮੈਨੂੰ ਹੁੰਦਾ...
ਨੰਬਰ ਪਤਾ ਸੀ, ਮੈਨੂੰ ਤੇਰਾ,
ਕਾਲ ਕਦੇ, ਕੀਤੀ ਨਾ,
ਯਾਦ ਤੇਰੀ ਸੀ, ਬਥੇਰੀ ਆਉਂਦੀ,
ਪਰ ਦਾਰੂ ਕਦੇ ਵੀ, ਪੀਤੀ ਨਾ।
ਪਲ ਪਲ ਬੀਤੀ, ਜੋ ਨਾਲ ਮੇਰੇ,
ਤੂੰ ਕੀ ਜਾਣੇ ਨੀ,
ਕੀ ਦੱਸੇਗੀ ਤੂੰ ਮੈਨੂੰ,
ਜੋ ਨਾਲ ਤੇਰੇ, ਨਾ ਬੀਤੀ।
ਲਿਖਣ ਲੱਗਦਾ ਸੀ, ਗੀਤ ਜਦੋਂ,
ਮੂਹਰੇ ਮੇਰੇ, ਆਉਂਦਾ ਚੇਹੇਰਾ ਸੀ,
ਤੈਨੂੰ ਮਿਲਣ ਦਾ, ਮੈਨੂੰ ਹੁੰਦਾ...।



ਸਰਬਜੀਤ ਸੰਗਰੂਰਵੀ
9463162463






# ਮਲਵਿੰਦਰ ਦੀ ਪੁਸਤਕ 'ਬਹਿਰ' ਉਸ ਦੀ ਕਲਪਨਾ ਦੇ ਬਹੁ-ਪੱਖੀ ਪ੍ਰਭਾਵ ਬਾਖ਼ੂਬੀ ਪੇਸ਼ ਕਰਦੀ ਹੈ ...

ਮਲਵਿੰਦਰ ਦਾ ਨਾਂ ਪੰਜਾਬੀ ਦੇ ਸਥਾਪਿਤ ਕਵੀਆਂ ਵਿੱਚ ਸ਼ੁਮਾਰ ਹੈ। ਉਹ ਗਹਿਰ-ਗੰਭੀਰ ਕਵੀ ਹੈ ਅਤੇ ਆਪਣੀਆਂ ਕਵਿਤਾਵਾਂ ਵਿੱਚ ਵੱਖ-ਵੱਖ ਸਮਾਜਿਕ ਮੁੱਦਿਆਂ ਨੂੰ ਲੈ ਕੇ ਉਨ੍ਹਾਂ ਨੂੰ ਕਲਪਨਾ ਦੀ ਪੁੱਠ ਦੇ ਕੇ ਬਾਖ਼ੂਬੀ ਬਿਆਨ ਕਰਦਾ ਹੈ। ਹੱਥਲੀ ਪੁਸਤਕ 'ਬਹਿਰ' ਉਸ ਦਾ ਇਸ ਸਾਲ ਛਪਿਆ ਤਾਜ਼ਾ ਕਾਵਿ-ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਕਵਿਤਾਵਾਂ ਦੀਆਂ ਉਸ ਦੀਆਂ ਅੱਠ ਕਿਤਾਬਾਂ ਆ ਚੁੱਕੀਆਂ ਹਨ ਅਤੇ 2023 ਵਿੱਚ ਛਪੀ ਇੱਕ ਹੋਰ ਵਾਰਤਕ ਦੀ ਹੈ, 'ਚੁੱਪ ਦਾ ਮਰਮ ਪਛਾਣੀਏ'।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਮਲਵਿੰਦਰ ਮੁੱਢਲੇ ਤੌਰ 'ਤੇ ਇੱਕ ਕਵੀ ਹੈ। ਵਾਰਤਕ ਦੇ ਖ਼ੇਤਰ ਵਿੱਚ ਉਸ ਨੇ ਇਸ ਸਦੀ ਦੇ ਦੂਸਰੇ ਦਹਾਕੇ ਵਿੱਚ ਪੈਰ ਧਰਿਆ ਜਦੋਂ 2017 ਵਿੱਚ ਉਹ ਪਹਿਲੀ ਵਾਰ ਬਰੈਂਪਟਨ (ਕੈਨੇਡਾ) ਆਪਣੇ ਬੇਟੇ ਕੋਲ ਆਇਆ। ਇੱਥੋਂ ਦੇ ਸਮਾਜਿਕ, ਆਰਥਿਕ ਤੇ ਸੱਭਿਆਚਾਰ ਹਾਲਾਤ ਤੋਂ ਪ੍ਰਭਾਵਿਤ ਹੋ ਕੇ ਉਸ ਨੇ ਕਈ ਆਰਟੀਕਲ ਲਿਖੇ ਜੋ ਇੱਥੋਂ ਦੀਆਂ ਅਤੇ ਪੰਜਾਬ ਦੀਆਂ ਵੱਖ-ਵੱਖ ਅਖ਼ਬਾਰਾਂ ਵਿੱਚ ਛਪੇ। ਇਨ੍ਹਾਂ ਆਰਟੀਕਲਾਂ ਨੂੰ ਨਵੀਂ ਤਰਤੀਬ ਦੇ ਕੇ ਉਸ ਨੇ ਆਪਣੀ ਵਾਰਤਕ ਪੁਸਤਕ 'ਚੁੱਪ ਦਾ ਮਰਮ ਪਛਾਣੀਏ' ਵਿੱਚ ਸ਼ਾਮਲ ਕੀਤਾ। ਕਵਿਤਾਵਾਂ ਦੀ ਉਸਦੀ ਪਹਿਲੀ ਪੁਸਤਕ 'ਗ਼ੈਰਹਾਜ਼ਰ ਪੈੜਾਂ ਦੀ ਕਥਾ' 2002 ਵਿੱਚ ਪ੍ਰਕਾਸ਼ਿਤ ਹੋਈ ਜਿਸ ਨੂੰ ਪਾਠਕਾਂ ਵੱਲੋਂ ਵਧੀਆ ਹੁੰਗਾਰਾ ਮਿਲਿਆ। ਇਸ ਤੋਂ ਉਤਸ਼ਾਹਿਤ ਹੋ ਕੇ 2006 ਵਿੱਚ ਉਸ ਨੇ ਆਪਣੀ ਦੂਸਰੀ ਕਾਵਿ-ਪੁਸਤਕ 'ਕਾਇਆ ਦੇ ਹਰਫ਼' ਛਪਵਾਈ ਤੇ ਫਿਰ ਇਹ ਸਿਲਸਿਲਾ ਨਿਰੰਤਰ ਚੱਲਦਾ ਰਿਹਾ, ਇੱਥੋਂ ਤੀਕ ਕਿ ਇਨ੍ਹਾਂ ਅੱਠ ਕਾਵਿ-ਪੁਸਤਕਾਂ ਵਿੱਚੋਂ ਤਿੰਨ 'ਬਿਨ ਸਿਰਲੇਖ', 'ਕਾਇਆ ਦੇ ਹਰਫ਼' ਅਤੇ 'ਚਿੜੀਆਂ ਦਾ ਪਿੰਡ' (ਹਾਇਕੂ) ਦਾ ਉਸ ਨੂੰ ਦੂਸਰਾ ਐਡੀਸ਼ਨ ਵੀ ਛਪਵਾਉਣਾ ਪਿਆ। 'ਚੁੱਪ ਦੇ ਬਹਾਨੇ' (2020) ਉਸਦੀ ਲੰਮੀ ਕਵਿਤਾ ਹੈ ਜੋ ਸਾਰੀ ਪੁਸਤਕ ਵਿੱਚ ਫ਼ੈਲੀ 'ਚੁੱਪ' ਦੇ ਵੱਖ-ਵੱਖ ਅਰਥਾਂ ਅਤੇ 'ਸ਼ੇਡਜ਼' ਨੂੰ ਬਿਆਨ ਕਰਦੀ ਹੈ। ਏਸੇ ਤਰ੍ਹਾਂ 'ਫੁੱਲਝੜੀ' (2019) ਬਾਲ-ਕਵਿਤਾਵਾਂ ਦੀ ਹੈ ਜੋ ਬਾਲ-ਸਾਹਿਤ ਵਿੱਚ ਨਿੱਗਰ ਵਾਧਾ ਕਰਦੀ ਹੈ।

ਇੱਥੇ ਮੈਂ ਦੱਸਣਾ ਚਾਹਾਂਗਾ ਕਿ ਮਲਵਿੰਦਰ ਮੇਰਾ 'ਅੱਧਾ ਕੁ ਗਰਾਂਈ' ਹੈ। 'ਅੱਧਾ' ਇਸ ਤਰ੍ਹਾਂ ਕਿ ਉਸ ਦਾ ਪਿੰਡ 'ਛੱਜਲਵੱਡੀ' ਤੇ ਮੇਰਾ ਪਿੰਡ 'ਚੌਹਾਨ' ਨੇੜੇ-ਨੇੜੇ ਹਨ ਤੇ ਇਨ੍ਹਾਂ ਵਿਚਕਾਰ ਮਹਿਜ਼ ਡੇਢ ਕਿਲੋਮੀਟਰ ਦਾ ਫ਼ਾਸਲਾ ਹੈ। ਮੈਂ 1962 ਤੋਂ 1966 ਤੱਕ ਛੇਵੀਂ ਤੋਂ ਦਸਵੀਂ ਜਮਾਤ ਤੱਕ ਉਸ ਦੇ ਪਿੰਡ ਦੇ ਸਰਕਾਰੀ ਹਾਈ ਸਕੂਲ ਵਿੱਚ ਆਪਣੇ ਪਿੰਡੋਂ ਪੈਦਲ ਆ ਕੇ ਪੜ੍ਹਦਾ ਰਿਹਾ ਹਾਂ ਅਤੇ ਉਸਨੇ ਤਾਂ ਆਪਣੇ ਪਿੰਡ ਦੇ ਸਕੂਲ ਵਿੱਚ ਪੜ੍ਹਨਾ ਹੀ ਸੀ। 'ਗਵਾਂਢੀ' ਹੁੰਦਿਆਂ ਹੋਇਆਂ ਭਾਵੇਂ ਅਸੀਂ 'ਕਲਾਸ-ਫ਼ੈਲੋ' ਤਾਂ ਨਹੀਂ ਹਾਂ (ਕਿਉਂਕਿ, ਮਲਵਿੰਦਰ ਜਦੋਂ ਇਸ ਸਕੂਲ 'ਚ ਆਇਆ, ਮੈਂ ਦਸਵੀਂ ਪਾਸ ਕਰਕੇ ਉੱਥੋਂ ਜਾ ਚੁੱਕਾ ਸੀ), ਪਰ 'ਸਕੂਲ-ਫ਼ੈਲੋ' ਜ਼ਰੂਰ ਹਾਂ। ਇਸ ਤਰ੍ਹਾਂ ਸਕੂਲ ਵਿੱਚ ਸਾਡੀ ਮੁਲਾਕਾਤ ਨਾ ਹੋ ਸਕੀ ਅਤੇ ਇਹ ਕੈਨੇਡਾ ਦੇ ਸ਼ਹਿਰ ਬਰੈਂਪਟਨ ਆ ਕੇ ਹੋਈ। ਖ਼ੈਰ! ਇਹ ਵੀ ਤਾਂ 'ਮੌਕੇ-ਮੇਲ਼' ਦੀ ਹੀ ਗੱਲ ਹੁੰਦੀ ਹੈ। ਪੰਜਾਬ ਵਿੱਚ ਸਰਕਾਰੀ ਨੌਕਰੀ ਤੋਂ ਸੇਵਾ-ਮੁਕਤੀ ਤੋਂ ਬਾਅਦ ਉਸਦਾ ਇੱਥੇ ਬਰੈਂਪਟਨ ਆਪਣੇ ਬੇਟੇ ਕੋਲ ਆਉਣਾ, 'ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ' ਦੇ ਮਹੀਨਾਵਾਰ ਸਮਾਗ਼ਮ ਵਿੱਚ ਸ਼ਾਮਲ ਹੋਣਾ ਤੇ ਉਸ ਵਿੱਚ ਸਾਡਾ ਦੋਹਾਂ ਦਾ ਮਿਲਣਾ 'ਮੌਕਾ-ਮੇਲ਼' ਜਾਂ 'ਇਤਫ਼ਾਕ' ਹੀ ਤਾਂ ਸੀ। ਇੱਥੇ ਨਾ ਮਿਲ਼ਦੇ ਤਾਂ ਪਤਾ ਨਹੀਂ ਹੋਰ ਕਿੰਨੇ ਸਾਲ ਇੱਕ ਦੂਜੇ ਤੋਂ ਦੂਰ ਤੇ ਬੇਖ਼ਬਰ ਰਹਿੰਦੇ।

ਇਹ ਤਾਂ ਹੋ ਗਈ ਸਾਡੀ ਆਪਸੀ 'ਨੇੜਤਾ' ਦੀ ਗੱਲ। ਹੁਣ ਮੈਂ ਉਸ ਦੀ ਹੱਥਲੀ ਕਾਵਿ-ਪੁਸਤਕ 'ਬਹਿਰ ਵੱਲ ਆਉਂਦਾ ਹਾਂ। 'ਨਾਨਕਿਆਂ' ਤੇ 'ਦਾਦਕਿਆਂ' ਨੂੰ ਸਮਰਪਿਤ ਇਸ ਕਿਤਾਬ ਨੂੰ ਮਲਵਿੰਦਰ ਨੇ ਤਿੰਨ ਭਾਗਾਂ ਵਿੱਚ ਵੰਡਿਆ ਹੈ। ਪਹਿਲੇ ਭਾਗ 'ਪਰਵਾਸ' ਦੀਆਂ ਕਵਿਤਾਵਾਂ ਵਿੱਚ ਉਸ ਨੇ ਕੈਨੇਡਾ ਵਿਚਲੇ ਆਪਣੇ 'ਨਿੱਜੀ ਪਰਵਾਸ' ਅਤੇ ਹੋਰ ਪਰਵਾਸੀਆਂ ਵੱਲੋਂ ਹੰਢਾਏ ਜਾ ਰਹੇ 'ਪਰਵਾਸ' ਨੂੰ ਬਾਖ਼ੂਬੀ ਬਿਆਨ ਕੀਤਾ ਹੈ। ਪੁਸਤਕ ਦੀ ਪਹਿਲੀ ਕਵਿਤਾ 'ਗਾਲ੍ਹੜ' ਜੋ ਇੱਥੇ ਪਰਵਾਸ ਦਾ ਪ੍ਰਤੀਕ ਹੈ, ਵਿੱਚ ਉਹ ਇੱਥੋਂ ਦੇ ਕਾਲ਼ੇ, ਭੂਰੇ, ਪੂਛ ਦੀ ਥਾਂ ਝਾੜੂ ਬੰਨ੍ਹੀ ਫਿਰਦੇ ਮੋਟੇ-ਮੋਟੇ ਗਾਲ੍ਹੜਾਂ ਦੀ ਗੱਲ ਕਰਦਾ ਹੈ ਜੋ ਇੱਥੇ ਆ ਕੇ 'ਸਕਿਉਰਲ' ਹੋ ਗਏ ਹਨ। ਇਸ ਦੇ ਨਾਲ ਹੀ ਮਾਸੂਮ ਖ਼ਰਗੋਸ਼, ਸੁਪਨਈ ਮੁਰਗਾਬੀਆਂ, ਲੰਮੀਆਂ ਧੌਣਾਂ ਵਾਲੀਆਂ 'ਸਮੁੰਦਰੀ ਗਿਰਝਾਂ' ਅਤੇ ਕੇਸਰੀ, ਸੰਧੂਰੀ, ਕਾਲ਼ੀਆਂ ਤੇ ਦੇਸੀ ਚਿੜੀਆਂ ਵੀ ਉਸਦੀ ਇਸ ਕਵਿਤਾ ਵਿੱਚ ਸ਼ਾਮਲ ਹੋ ਜਾਂਦੀਆਂ ਹਨ। (ਪੰਨਾ-15)




ਅਗਲੀ ਕਵਿਤਾ 'ਰਿਵਰਸ ਪਰਵਾਸ' ਵਿੱਚ ਪੰਜਾਬ ਵਾਪਸ ਮੁੜਨ ਸਮੇਂ ਜਿੱਥੇ ਉਸ ਨੂੰ 'ਆਪਣਿਆਂ' ਨੂੰ ਮਿਲਣ ਦੀ ਆਸ, ਧਰਵਾਸ ਅਤੇ ਖ਼ੁਸ਼ੀ ਹੁੰਦੀ ਹੈ, ਉੱਥੇ ਇਸ ਗੱਲ ਦਾ ਝੋਰਾ ਹੈ ਕਿ ਉਸ ਦੇ ਇੱਥੋਂ ਜਾਣ ਸਮੇਂ ਇੱਥੇ ਕੋਈ ਵੀ ਅੱਖ ਇਸ ਮੌਕੇ 'ਨਮ' ਨਹੀਂ ਹੈ, ਜਿਵੇਂ ਕਿ ਕੈਨੇਡਾ ਆਉਣ ਲੱਗਿਆਂ ਵਿਦਾਇਗੀ ਵੇਲੇ ਪੰਜ ਦਰਜਨ ਦੋਸਤਾਂ ਦੀਆਂ ਸਨ। ਉਸ ਨੂੰ ਇਹ ਵੀ ਲੱਗਦਾ ਹੈ ਕਿ ਇੱਥੇ ਉਹ 'ਬੇਟੇ ਦਾ ਘਰ' ਵਿੱਚ ਰਹਿ ਰਿਹਾ ਹੈ ਜੋ ਉਸ ਦਾ ਆਪਣਾ ਨਹੀਂ ਹੈ। ਇੰਜ, 'ਆਪਣਿਆਂ' ਤੇ 'ਬਿਗਾਨਿਆਂ' ਦੇ ਅੰਤਰ ਦੀ ਮਾਰਮਿਕ ਤਸਵੀਰ ਇਸ ਕਵਿਤਾ ਵਿੱਚ ਬਾਖ਼ੂਬੀ ਪੇਸ਼ ਕੀਤੀ ਗਈ ਹੈ। ਮਲਵਿੰਦਰ ਅਨੁਸਾਰ ਕਾਰਾਂ ਦਾ ਕਾਫ਼ਲਾ, ਪਹਿਰਾਵਾ, ਆਪਣੀ ਭਾਸ਼ਾ ਨੂੰ ਭੁੱਲ ਜਾਣਾ, ਰੀਤੀ-ਰਿਵਾਜ ਵਿਸਾਰ ਦੇਣੇ ਅਤੇ ਵੱਡੇ ਮਹੱਲ ਉਸਾਰ ਲੈਣੇ 'ਵਿਕਾਸ' ਨਹੀਂ ਹੈ, ਸਗੋਂ ਵਿਕਾਸ ਤਾਂ ਮਨੁੱਖ ਦੇ ਅੰਦਰ ਹੁੰਦਾ ਹੈ। ਉਹ 'ਅੰਦਰ' ਜਿੱਥੇ ਸਹਿਜ ਹੁੰਦਾ ਹੈ ਤੇ ਉਹ 'ਅੰਦਰ' ਜੋ ਸ਼ਾਂਤ ਹੁੰਦਾ ਹੈ। (ਪੰਨਾ-21)

ਕੈਨੇਡਾ ਬਾਰੇ ਉਸ ਦੀ ਧਾਰਨਾ ਹੈ :

ਕੈਨੇਡਾ ਇੱਕ ਸ਼ਬਦ ਨਹੀਂ ਹੈ
ਵਾਕ ਨਹੀਂ ਹੈ
ਰੰਗ ਨਹੀਂ ਹੈ
ਨਿਜ਼ਾਮ ਨਹੀਂ ਹੈ

ਕੈਨੇਡਾ ਇੱਕ ਰੰਗ ਨਹੀਂ ਹੈ
ਬਹੁ-ਰੰਗਾਂ ਦਾ ਕੋਲਾਜ ਹੈ, ਕੈਨੇਡਾ (ਪੰਨਾ-25)

ਮਲਵਿੰਦਰ ਨੇ ਬਰੈਂਪਟਨ ਦੇ ਪਾਰਕਾਂ ਵਿੱਚ ਸੀਨੀਅਰਾਂ ਦੀਆਂ ਮਹਿਫ਼ਲਾਂ ਨੂੰ ਬੜਾ ਨੇੜਿਉਂ ਤੱਕਿਆ ਅਤੇ ਮਾਣਿਆ ਹੈ। ਇਨ੍ਹਾਂ ਬਜ਼ੁਰਗਾਂ ਦੀ ਗੱਲ ਕਰਦਿਆਂ ਉਹ ਕਹਿੰਦਾ ਹੈ :

ਇਹ ਕੈਨੇਡਾ ਮਾਣਦੇ
ਸਾਥੀ ਸਭ ਹਾਣਦੇ
ਭਾਰਤ ਨੂੰ ਨਿੰਦਦੇ
ਪੰਜਾਬ ਨੂੰ ਛਾਣਦੇ
ਨੇਤਾਵਾਂ ਦੀਆਂ ਹਕੀਕਤਾਂ
ਬੋਝੇ ਸੰਭਾਲ਼ਦੇ

ਇਹ ਬੇਸਮੈਂਟਾਂ ਦੇ ਦੁੱਖ ਬਿਆਨਦੇ
ਬੇਸਮੈਂਟਾਂ ਦੇ ਤਣਾਅ ਦਾ ਸੁੱਖ ਹੰਢਾਵੰਦੇ
ਜਗੀਰਦਾਰਾਂ ਦੇ ਖ਼ਿਤਾਬਾਂ ਦਾ ਸੱਚ ਸੁਣਾਉਂਦੇ
ਰਾਜਨੀਤਕ ਪਰਿਵਾਰਾਂ ਦਾ ਕੋਹੜ
ਪਾਰਕ ਕੋਲੋਂ ਵੀ ਨਾ ਛਪਾਉਂਦੇ
(ਪੰਨਾ- 27,28)

ਬੇਸਮੈਂਟਾਂ ਨੂੰ 'ਤਹਿਖ਼ਾਨਾ', 'ਗੁਫ਼ਾ' ਅਤੇ 'ਭੋਰਾ' ਦੇ ਖ਼ਿਤਾਬਾਂ ਨਾਲ ਨਵਾਜਦਿਆਂ ਇਨ੍ਹਾਂ ਦੇ ਅੰਦਰੂਨੀ ਹਾਲਾਤ ਬਿਆਨ ਕਰਦੀਆਂ ਮਲਵਿੰਦਰ ਨੇਆਪਣੀਆਂ ਦੋ ਹੋਰ ਕਵਿਤਾਵਾਂ ਵੀ ਇਸ ਪੁਸਤਕ ਵਿੱਚ ਸ਼ਾਮਲ ਕੀਤੀਆਂ ਹਨ। ਇਸ ਦੇ ਨਾਲ ਹੀ ਉਹ 'ਪੌੜੀਆਂ ਉਤਰਦੀ ਕਵਿਤਾ', 'ਵਾਪਸੀ', 'ਢਲ਼ ਗਈ ਸ਼ਾਮ ਸਾਂਭਦਿਆਂ', 'ਛਪਣ ਤੋਂ ਪਹਿਲਾਂ' ਵਰਗੀਆਂ ਕਵਿਤਾਵਾਂ ਵਿੱਚ ਆਪਣੀ ਕਵਿਤਾ ਦੇ ਨਵੇਂ ਰੰਗ ਬਿਖੇਰਦਾ ਹੈ।

ਪੁਸਤਕ ਦੇ ਦੂਸਰੇ ਭਾਗ ਵਿੱਚ 'ਬਹਿਰ' ਵਿੱਚ ਮਲਵਿੰਦਰ ਆਪਣੀ ਪੋਤਰੀ ਬਹਿਰ, ਉਸ ਦੇ ਸਰੀਰਕ ਤੇ ਬੌਧਿਕ ਵਿਕਾਸ, ਉਸ ਦੀ ਭਾਸ਼ਾ, ਗੀਤਾਂ ਤੇ ਸਵਾਲਾਂ ਅਤੇ ਦਾਦਾ-ਦਾਦੀ ਤੇ ਨਾਨਕਿਆਂ ਨਾਲ ਚੱਲ ਰਹੇ ਉਸਦੇ ਗੂੜ੍ਹੇ ਲਾਡ-ਪਿਆਰ ਦੀ ਗੱਲ ਕਰਦਾ ਹੈ।

ਉਹ ਕਹਿੰਦਾ ਹੈ:

ਸੌ ਵਾਰ ਬੁੱਧੂ ਬਣਾਉਂਦੇ ਅਸੀਂ ਬਹਿਰ ਨੂੰ
ਹਜ਼ਾਰ ਵਾਰ ਬਣਾਉਂਦੀ ਉਹ ਸਾਨੂੰ
ਇਹ ਬਣਨ ਬਨਾਉਣ ਦੀ ਖੇਡ
ਦੁਨੀਆ ਦੀ ਸਭ ਤੋਂ ਮਸੂਮ ਖੇਡ
ਇੱਥੇ ਹਾਰੇ ਹੋਏ ਜਿੱਤਦੇ
ਜਿੱਤਿਆਂ ਨੂੰ ਹਾਰ ਨਸੀਬ ਹੁੰਦੀ (ਪੰਨਾ- 61)

ਇਸ ਦੇ ਨਾਲ ਹੀ ਇਸ ਭਾਗ ਵਿੱਚ ਉਸ ਦੇ ਪੋਤਰੇ 'ਜੋਧੇ' ਅਤੇ ਦੋ ਹੋਰ ਛੋਟੇ ਬੱਚਿਆਂ 'ਹਰਿਨਿਧ' ਤੇ 'ਲਘੂ' ਦੇ ਬਚਪਨ ਨਾਲ ਸਬੰਧਿਤ ਕੁਝ ਕਵਿਤਾਵਾਂ ਵੀ ਹਨ। ਇਨ੍ਹਾਂ ਵਿੱਚ ਉਹ ਲਘੂ ਦੀ 'ਭਾਸ਼ਾ' ਬਾਖ਼ੂਬੀ ਬਿਆਨਦਾ ਹੈ:

ਭਾਸ਼ਾ-ਵਿਗਿਆਨੀ ਉਸਦੀ ਭਾਸ਼ਾ ਪੜ੍ਹਦੇ
ਆਪਣੀ-ਆਪਣੀ ਭਾਸ਼ਾ 'ਚ ਅਨੁਵਾਦ ਕਰਦੇ
ਉਸ ਦੀ ਭਾਸ਼ਾ ਦੀਆਂ ਕਈ ਉਪ-ਭਾਸ਼ਾਵਾ
ਹਰ ਭਾਸ਼ਾ ਇੱਕ ਭਾਸ਼ਾ-ਵਿਗਿਆਨੀ ਜਨਮਦੀ
(ਪੰਨਾ-73)

ਉਂਜ, ਭਾਸ਼ਾ ਬਾਰੇ ਮਲਵਿੰਦਰ ਦੇ ਵਿਚਾਰ ਬੜੇ ਸਰਲ ਤੇ ਸਪਸ਼ਟ ਹਨ :

ਭਾਸ਼ਾ ਖਿੱਤੇ ਦੀ ਹੁੰਦੀ
ਭਾਸ਼ਾ ਲੋਕਾਂ ਦੀ ਹੁੰਦੀ
ਭਾਸ਼ਾ ਦੀ ਕੋਈ ਜਾਤ ਨਾ ਹੁੰਦੀ
ਭਾਸ਼ਾ ਦਾ ਕੋਈ ਧਰਮ ਨਾ ਹੁੰਦਾ
ਭਾਸ਼ਾ ਵਲਗਣਾਂ ਵਿੱਚ 'ਚ ਬੰਦ ਨਾ ਹੁੰਦੀ
ਭਾਸ਼ਾ ਸੱਤਾ ਦੀ ਗ਼ੁਲਾਮ ਨਾ ਹੁੰਦਾ। (ਪੰਨਾ-74)

ਪੁਸਤਕ ਦੇ ਤੀਸਰੇ ਭਾਗ 'ਥੇਹਾਂ ਦੇ ਨਕਸ਼' ਵਿੱਚ ਸ਼ਾਮਲ ਕੀਤੀਆਂ ਗਈਆਂ ਕਵਿਤਾਵਾਂ ਵੱਖ-ਵੱਖ ਵਿਸ਼ਿਆਂ ਨਾਲ ਸਬੰਧਿਤ ਹਨ। ਇਨ੍ਹਾਂ ਵਿੱਚ ਜਿੱਥੇ 'ਪੁਰਾਣੀ ਡਾਇਰੀ', 'ਬਿਰਖ', 'ਸਾਉਣ ਮਹੀਨਾ', 'ਟੇਬਲ ਫ਼ੈਨ' ਵਰਗੀਆਂ ਰੋਚਕ ਕਵਿਤਾਵਾਂ ਹਨ, ਉੱਥੇ 'ਨਾਨਕ', 'ਯਾਤਰਾ', 'ਮੇਰਾ ਮਨ ਲਾਹੌਰ ਜਾਣ ਨੂੰ ਕਰਦਾ ਹੈ', 'ਧੀਆਂ' 'ਮਨੀਪੁਰ', 'ਖ਼ੌਫ਼ ਦੇ ਦਿਨਾਂ 'ਚ', 'ਮੈਂ ਕਿਸਾਨ ਨਹੀਂ ਹਾਂ', 'ਮੈਂ ਖੇਤ ਹਾਂ', 'ਚੁੰਮਣ ਦਾ ਸਫ਼ਰ' ਤੇ ਵਿਦਰੋਹਾਂ ਦਾ ਇਤਿਹਾਸ ਵਰਗੀਆਂ ਸੰਜੀਦਾ ਅਤੇ ਸੰਵਾਦ ਛੇੜਨ ਵਾਲੀਆਂ ਕਵਿਤਾਵਾਂ ਵੀ ਹਨ। ਮਸਲਿਨ, 'ਨਾਨਕ' ਸਿਰਲੇਖ ਦੀ ਕਵਿਤਾ ਵਿੱਚ ਉਹ ਕਹਿੰਦਾ ਹੈ :

ਨਾਨਕ ਆਖਿਆ 'ਏਕ ਉਂਕਾਰ'
ਅਸੀਂ ਸਿਰਜੇ ਬੇਅੰਤ ਆਕਾਰ
ਉਸ ਆਖਿਆ 'ਕਰਤਾ ਪੁਰਖ'
ਅਸੀਂ ਬਣ ਬੈਠੇ
ਆਪੇ ਕਰਤਾ, ਆਪੇ ਪੁਰਖ

ਨਾਨਕ ਜੋ ਹੈ ਆਖਿਆ
ਅਸੀਂ ਵਿਸਾਰਿਆ
ਨਾ ਵਿਚਾਰਿਆ
ਅਨਰਥ ਕੀਤੇ
ਨਾ ਅਰਥ ਕੀਤੇ (ਪੰਨਾ – 90)

ਪੁਸਤਕ ਦੇ ਅਖ਼ੀਰ ਵਿੱਚ ਮਲਵਿੰਦਰ ਦੀ ਉੱਘੇ ਕਵੀ ਤੇ ਵਾਰਤਕ ਲੇਖਕ ਗੁਰਦੇਵ ਚੌਹਾਨ ਬਾਰੇ ਛੇ ਪੰਨਿਆਂ ਦੀ ਲੰਮੀ ਕਵਿਤਾ 'ਗੁਰਦੇਵ ਚੌਹਾਨ ਨੂੰ ਮਿਲ਼ਦਿਆਂ, ਪੜ੍ਹਦਿਆਂ' ਦਿੱਤੀ ਗਈ ਹੈ ਜੋ ਇਸ ਮਹਾਨ ਲੇਖਕ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕਰਦੀ ਹੈ।

ਇਸ ਤਰ੍ਹਾਂ ਇਸ ਕਿਤਾਬ ਦੇ 136 ਪੰਨਿਆਂ ਵਿੱਚ ਮਲਵਿੰਦਰ ਨੇ ਆਪਣੀਆਂ 65 ਕਵਿਤਾਵਾਂ ਸ਼ਾਮਲ ਕਰਕੇ ਵੱਖ-ਵੱਖ ਰੰਗਾਂ ਦਾ 'ਗੁਲਦਸਤਾ' ਪੇਸ਼ ਕੀਤਾ ਹੈ, ਜਿਸ ਵਿੱਚ ਪਰਵਾਸ ਦਾ ਦੁੱਖ-ਸੁੱਖ ਅਤੇ ਪਰਿਵਾਰ ਦੇ ਨਿੱਕੇ ਜੀਆਂ ਪੋਤਰੀ 'ਬਹਿਰ' ਤੇ ਪੋਤਰੇ 'ਜੋਧ' ਦੇ ਬਚਪਨ ਨੂੰ ਬਾਖ਼ੂਬੀ ਬਿਆਨ ਕੀਤਾ ਗਿਆ ਤੇ ਹੋਰ ਵੱਖ-ਵੱਖ ਵਿਸ਼ਿਆਂ ਨੂੰ ਗੰਭੀਰਤਾ ਨਾਲ ਨਿਭਾਇਆ ਹੈ। ਇੱਥੇ ਕੁਝ ਕੁ ਕਵਿਤਾਵਾਂ ਬਾਰੇ ਹੀ ਜਾਣਕਾਰੀ ਸਾਂਝੀ ਕੀਤੀ ਗਈ ਹੈ। ਪੁਸਤਕ ਦੀਆਂ ਸਾਰੀਆਂ ਹੀ ਕਵਿਤਾਵਾਂ ਪੜ੍ਹਨਯੋਗ ਤੇ ਮਾਣਨਯੋਗ ਹਨ। 'ਕੈਫ਼ੇ ਵਰਲਡ' ਮੰਡੀ ਕਲਾਂ, ਜਲੰਧਰ ਤੇ ਬਠਿੰਡਾ ਵੱਲੋਂ ਪ੍ਰਕਾਸ਼ਿਤ ਇਹ ਪੁਸਤਕ ਮਲਵਿੰਦਰ ਦੀ 'ਕਾਵਿ-ਲੜੀ' ਨੂੰ ਬਹੁਤ ਵਧੀਆ ਢੰਗ ਨਾਲ ਅੱਗੇ ਤੋਰਦੀ ਹੈ। ਮੈਨੂੰ ਪੂਰਨ ਆਸ ਹੈ ਕਿ ਇਹ ਲੜੀ ਇਸੇ ਤਰ੍ਹਾਂ ਅੱਗੇ ਵੱਧਦੀ ਜਾਏਗੀ। ਇਸ ਖ਼ੂਬਸੂਰਤ ਕਾਵਿ-ਪੁਸਤਕ ਨੂੰ ਪੰਜਾਬੀ ਪਾਠਕਾਂ ਅੱਗੇ ਪੇਸ਼ ਕਰਨ ਲਈ ਮਲਵਿੰਦਰ ਨੂੰ ਹਾਰਦਿਕ ਮੁਬਾਰਕਬਾਦ ਦਿੰਦਾ ਹਾਂ।

ਡਾ. ਸੁਖਦੇਵ ਸਿੰਘ ਝੰਡ
ਫ਼ੋਨ : +1 647-567-9128



## ਪਿਤਾ 'ਤੇ ਹਮਲੇ ਮਗਰੋਂ ਪਹਿਲੀ ਵਾਰ ਖੁੱਲ੍ਹ ਕੇ ਬੋਲੀ ਪੰਜਾਬੀ ਅਦਾਕਾਰਾ ਤਾਨੀਆ, ਕਿਹਾ- "ਕਦੇ ਸੋਚਿਆ ਨਹੀਂ ਸੀ..."



ਪੰਜਾਬੀ ਫ਼ਿਲਮਾਂ ਦੀ ਅਦਾਕਾਰਾ ਤਾਨੀਆ ਦੇ ਪਿਤਾ, ਡਾ. ਅਨਿਲ ਜੀਤ ਸਿੰਘ ਕੰਬੋਜ, ਜਿਨ੍ਹਾਂ 'ਤੇ ਇਸ ਸਾਲ ਜੁਲਾਈ ਵਿੱਚ ਗੋਲੀਬਾਰੀ ਹੋਈ ਸੀ, ਨੂੰ ਲੈ ਕੇ ਅਦਾਕਾਰਾ ਨੇ ਹੁਣ ਆਪਣੇ ਜਜ਼ਬਾਤ ਸਾਂਝੇ ਕੀਤੇ ਹਨ। ਡਾ. ਕੰਬੋਜ ਨੂੰ ਮੋਗਾ ਜ਼ਿਲ੍ਹੇ ਦੇ ਕੋਟ ਈਸੇ ਖਾਂ ਵਿਖੇ ਉਨ੍ਹਾਂ ਦੇ ਕਲੀਨਿਕ 'ਤੇ 2 ਵਿਅਕਤੀਆਂ ਦੁਆਰਾ ਗੋਲੀ ਮਾਰੀ ਗਈ ਸੀ। ਪੁਲਸ ਅਨੁਸਾਰ, ਗੋਲੀਆਂ ਡਾ. ਕੰਬੋਜ ਦੀ ਛਾਤੀ ਅਤੇ ਬਾਂਹ 'ਤੇ ਲੱਗੀਆਂ ਸਨ ਅਤੇ ਅਜੇ ਵੀ ਹਸਪਤਾਲ ਵਿੱਚ ਦਾਖਲ ਹਨ ਅਤੇ ਉਨ੍ਹਾਂ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ।



### ਤਾਨੀਆ ਦੇ ਜੀਵਨ ਦਾ ਸੰਘਰਸ਼

'ਲੇਖ' (Lekh) ਅਦਾਕਾਰਾ ਤਾਨੀਆ ਨੇ ਸੋਸ਼ਲ ਮੀਡੀਆ 'ਤੇ ਇੱਕ ਭਾਵੁਕ ਪੋਸਟ ਰਾਹੀਂ ਹਮਲੇ ਤੋਂ ਬਾਅਦ ਦੇ 3 ਮਹੀਨਿਆਂ (4 ਜੁਲਾਈ ਤੋਂ ਲੈ ਕੇ ਹੁਣ ਤੱਕ) ਦੀ ਚੁਣੌਤੀਪੂਰਨ ਅਤੇ ਭਾਵਨਾਤਮਕ ਯਾਤਰਾ ਦਾ ਵੇਰਵਾ ਦਿੱਤਾ ਹੈ। ਉਸ ਨੇ ਲਿਖਿਆ ਕਿ ਜ਼ਿੰਦਗੀ ਨੇ ਉਸ ਨੂੰ ਅਜਿਹੇ ਗਲਿਆਰਿਆਂ ਵਿੱਚੋਂ ਲੰਘਾਇਆ ਜਿੱਥੇ ਉਸ ਨੇ ਕਦੇ ਸੋਚਿਆ ਵੀ ਨਹੀਂ ਸੀ — ਜਿਵੇਂ ਕਿ ICUs, OTs, ਅਤੇ ਵੇਟਿੰਗ ਰੂਮਸ।

### ਸਟੂਡੀਓ ਲਾਈਟਾਂ ਤੋਂ ICU ਤੱਕ ਦਾ ਸਫ਼ਰ

ਤਾਨੀਆ ਨੇ ਅੱਗੇ ਲਿਖਿਆ, ਕੁਝ ਸਵੇਰਾਂ ਨੂੰ ਮੈਂ ਸਟੂਡੀਓ ਲਾਈਟਾਂ ਹੇਠ ਕੈਮਰੇ ਲਈ ਮੁਸਕਰਾ ਰਹੀ ਹੁੰਦੀ ਸੀ ਪਰ ਰਾਤ ਨੂੰ, ਉਹ ICU ਵਿੱਚ ਆਪਣੇ ਪਿਤਾ ਦੇ ਕੋਲ ਬੈਠੀ ਹੁੰਦੀ ਸੀ ਅਤੇ ਹੰਝੂਆਂ ਨੂੰ ਰੋਕ ਰਹੀ ਹੁੰਦੀ ਸੀ। ਹਰ ਦਿਨ ਵਿਸ਼ਵਾਸ਼, ਤਾਕਤ ਅਤੇ ਸਮਰਪਣ ਦੀ ਪ੍ਰੀਖਿਆ ਰਿਹਾ ਹੈ। ਮੈਨੂੰ ਕੋਈ ਅੰਦਾਜ਼ਾ ਨਹੀਂ ਹੈ ਕਿ ਜ਼ਿੰਦਗੀ ਵੈਨਟੀ ਤੋਂ ਵੈਂਟੀਲੇਟਰਾਂ ਵਿੱਚ ਕਿਵੇਂ ਬਦਲ ਗਈ। ਕਿਵੇਂ ਮੈਂ ਸਕ੍ਰਿਪਟਾਂ, ਲਿਪਸਟਿਕ ਸ਼ੇਡਜ਼ ਜਾਂ ਕੈਮਰਿਆਂ ਬਾਰੇ ਗੱਲ ਕਰਨੀ ਬੰਦ ਕਰ ਦਿੱਤੀ, ਸਗੋਂ "ਟ੍ਰੈਕੀਓਸਟੋਮੀ, ਗੱਟ ਬਲੀਡ, ਟੀਐਲਸੀ ਕਾਊਂਟਸ ਅਤੇ ਬਲੱਡ ਯੂਨਿਟਾਂ" ਬਾਰੇ ਗੱਲ ਕਰਦੀ ਸੀ। ਪਰ ਹੁਣ ਮੈਂ ਜ਼ਿੰਦਗੀ ਨੂੰ ਕਿਸੇ ਵੀ ਚੀਜ਼ ਨਾਲੋਂ ਵੱਧ ਮਹੱਤਵ ਦਿੰਦੀ ਹਾਂ ਅਤੇ ਫਿਰ ਵੀ ਮੈਂ ਸ਼ੁਕਰਗੁਜ਼ਾਰ ਹਾਂ। ਪਰਮਾਤਮਾ ਦੀ ਸ਼ੁਕਰਗੁਜ਼ਾਰ ਹਾਂ ਜਿਸਨੇ ਮੈਨੂੰ ਇਸ ਲੜਾਈ ਦੀ ਜ਼ਿੰਮੇਵਾਰੀ ਸੌਂਪੀ, ਅਤੇ ਇਸਦਾ ਸਾਹਮਣਾ ਕਰਨ ਲਈ ਮੈਨੂੰ ਤਾਕਤ ਅਤੇ ਸਹਾਇਤਾ ਵੀ ਦਿੱਤੀ।

### ਤਾਨੀਆ ਦਾ ਧੰਨਵਾਦ

ਤਾਨੀਆ ਨੇ ਆਪਣੀ ਪੋਸਟ ਦੇ ਆਖੀਰ ਵਿਚ ਕਿਹਾ ਕਿ ਯਾਤਰਾ ਅਜੇ ਖਤਮ ਨਹੀਂ ਹੋਈ ਹੈ। ਉਸ ਨੇ ਕਿਹਾ ਕਿ ਇਸ ਮੁਸ਼ਕਲ ਸਮੇਂ ਵਿੱਚ ਉਸ ਦੇ ਪਰਿਵਾਰ ਦੇ ਨਾਲ ਖੜ੍ਹੇ ਰਹਿਣ ਵਾਲੇ ਹਰ ਇੱਕ ਦਾ ਧੰਨਵਾਦ। ਉਸ ਨੇ ਕਿਹਾ ਕਿ ਉਨ੍ਹਾਂ ਦੀ ਦਿਆਲਤਾ ਉਸਦੇ ਦਿਲ ਵਿੱਚ ਹਮੇਸ਼ਾ ਲਈ ਵੱਸ ਗਈ ਹੈ। ਸਾਰਿਆਂ ਲਈ ਚੰਗੀ ਸਿਹਤ, ਪਿਆਰ ਅਤੇ ਸਕਾਰਾਤਮਕਤਾ ਦੀ ਕਾਮਨਾ ਕਰਦੀ ਹਾਂ... ਇਹ ਤਿਉਹਾਰੀ ਮੌਸਮ ਸਾਰਿਆਂ ਦੇ ਜੀਵਨ ਵਿੱਚ ਰੌਸ਼ਨੀ ਲਿਆਵੇ।

### ਹਮਲੇ ਦੀ ਜਾਂਚ ਅਤੇ ਕਾਰਨ

ਮੋਗਾ ਜ਼ਿਲ੍ਹਾ ਪੁਲਸ ਮੁਖੀ (SSP) ਅਜੇ ਗਾਂਧੀ ਨੇ ਦੱਸਿਆ ਕਿ ਉਹ ਅਜੇ ਵੀ ਅਪਰਾਧ ਦੇ ਕਾਰਨਾਂ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਜਾਂਚਕਰਤਾਵਾਂ ਮੁਤਾਬਕ ਹਮਲਾਵਰ ਘਟਨਾ ਨੂੰ ਅੰਜਾਮ ਦੇਣ ਤੋਂ ਬਾਅਦ ਇੱਕ ਮੋਟਰਸਾਈਕਲ 'ਤੇ ਫਰਾਰ ਹੋ ਗਏ ਸਨ। ਇਹ ਵੀ ਸਾਹਮਣੇ ਆਇਆ ਹੈ ਕਿ ਹਮਲਾਵਰ ਘਟਨਾ ਤੋਂ ਪਹਿਲਾਂ ਕਲੀਨਿਕ ਦੇ ਆਲੇ-ਦੁਆਲੇ ਘੁੰਮਦੇ ਦੇਖੇ ਗਏ ਸਨ।






# ਭਾਈ ਗੁਰਦਾਸ ਜੀ-ਜੀਵਨ ਅਤੇ ਰਚਨਾ

ਸਿੱਖੀ ਸਿਧਾਂਤਾਂ ਅਤੇ ਗੁਰਬਾਣੀ ਦੇ ਵਿਆਖਿਆਕਾਰ ਵਜੋਂ ਜਾਣੇ ਜਾਂਦੇ ਭਾਈ ਸਾਹਿਬ ਭਾਈ ਗੁਰਦਾਸ ਜੀ ਦਾ ਸਿੱਖ ਕੌਮ ਅੰਦਰ ਵਿਸ਼ੇਸ਼ ਸਥਾਨ ਅਤੇ ਸਤਿਕਾਰ ਹੈ। ਕਿਹਾ ਜਾਂਦਾ ਹੈ ਕਿ ਜਿਸ ਨੇ ਭਾਈ ਗੁਰਦਾਸ ਜੀ ਨੂੰ ਨਹੀਂ ਪੜ੍ਹਿਆ, ਉਸ ਨੂੰ ਗੁਰਬਾਣੀ ਦੀ ਪੂਰਨ ਸਮਝ ਨਹੀਂ ਆ ਸਕਦੀ। ਉਹਨਾਂ ਦੇ ਜੀਵਨ ਅਤੇ ਰਚਨਾਵਾਂ ਬਾਰੇ ਸੰਖੇਪ ਵਿੱਚ ਜਾਨਣ ਦੀ ਕੋਸ਼ਿਸ਼ ਕਰਦੇ ਹਾਂ। ਭਾਈ ਗੁਰਦਾਸ ਜੀ ਦਾ ਜਨਮ 1551 ਈਸਵੀ ਨੂੰ ਪਿਤਾ ਸ੍ਰੀ ਈਸ਼ਰ ਦਾਸ ਜੀ ਦੇ ਘਰ ,ਮਾਤਾ ਜੀਵਨੀ ਦੀ ਕੁੱਖੋਂ ਪਿੰਡ ਗਿਲਵਾਲੀ ਵਿਖੇ ਹੋਇਆ। ਆਪ ਜੀ ਦੇ ਪਿਤਾ ਜੀ ਗੁਰੂ ਅਮਰਦਾਸ ਜੀ ਦੇ ਚਚੇਰੇ ਭਰਾ ਸਨ। ਭਾਈ ਗੁਰਦਾਸ ਜੀ ਆਪਣੇ ਮਾਪਿਆਂ ਦੀ ਇਕਲੌਤੀ ਸੰਤਾਨ ਸਨ। ਛੋਟੀ ਉਮਰ ਵਿੱਚ ਹੀ ਪਹਿਲਾਂ ਪਿਤਾ ਅਤੇ ਫੇਰ ਮਾਤਾ ਜੀ ਚੜ੍ਹਾਈ ਕਰ ਗਏ। ਭੱਲਾ ਪਰਿਵਾਰ ਦੇ ਨਾਲ ਗੁਰੂ ਅਮਰਦਾਸ ਜੀ ਦੇ ਵਸਾਏ ਨਗਰ ਗੋਇੰਦਵਾਲ ਸਾਹਿਬ ਵਿਚ ਆ ਵੱਸੇ ਅਤੇ ਗੁਰੂ ਦਰਬਾਰ ਨਾਲ ਜੁੜ ਗਏ। ਕਿਸੇ ਵੀ ਇਤਿਹਾਸਕ ਸਰੋਤ ਵਿੱਚ ਭਾਈ ਸਾਹਿਬ ਦੀ ਪਤਨੀ ਜਾਂ ਬੱਚਿਆਂ ਦਾ ਜਿਕਰ ਨਾ ਮਿਲਣ ਤੇ ਇਹੀ ਕਹਿ ਸਕਦੇ ਹਾਂ ਕਿ ਉਹਨਾਂ ਨੇ ਸਾਰੀ ਉਮਰ ਵਿਆਹ ਨਹੀਂ ਕਰਵਾਇਆ।

1579 ਈਸਵੀ ਵਿੱਚ ਗੁਰੂ ਰਾਮਦਾਸ ਜੀ ਨੇ ਆਪ ਜੀ ਨੂੰ ਸਿੱਖੀ ਵਿੱਚ ਪ੍ਰਵੇਸ਼ ਕਰਵਾਇਆ। ਅਤੇ ਆਪ ਬਾਣੀ ਨਾਲ ਅਤੇ ਸਿੱਖੀ ਸਿਧਾਂਤਾਂ ਨਾਲ ਆਪਣੇ ਪਿਆਰ ਸਦਕਾ ਗੁਰੂ ਸਾਹਿਬ ਦੇ ਨਜ਼ਦੀਕ ਹੁੰਦੇ ਗਏ। ਆਪ ਜੀ ਨੇ ਆਪਣੀ ਸਾਰੀ ਉਮਰ ਹੀ ਗੁਰੂ ਦਰਬਾਰ ਦੀ ਸੇਵਾ ਕਰਦਿਆਂ ਅਤੇ ਸਿੱਖੀ ਦਾ ਪ੍ਰਚਾਰ ਕਰਦਿਆਂ ਬਿਤਾਈ। ਆਪ ਜੀ ਨੂੰ ਸੰਸਕ੍ਰਿਤ, ਫ਼ਾਰਸੀ,ਪੰਜਾਬੀ ਅਤੇ ਬ੍ਰਜ ਭਾਸ਼ਾਵਾਂ ਦਾ ਗਿਆਨ ਸੀ। ਆਪ ਨੇ ਪੁਰਾਤਨ ਗ੍ਰੰਥਾਂ ਅਤੇ ਹੋਰ ਧਰਮਾਂ ਦਾ ਅਧਿਐਨ ਵੀ ਕੀਤਾ ਹੋਇਆ ਸੀ। ਆਪ ਜੀ ਵੱਖ ਵੱਖ ਸੰਤਾਂ ਫਕੀਰਾਂ ਜੋਗੀਆਂ ਆਦਿ ਦੀਆਂ ਗੁਰੂ ਸਾਹਿਬਾਨ ਨਾਲ ਮੁਲਾਕਾਤਾਂ ਸਮੇਂ ਕੋਲ ਹੁੰਦੇ ਸਨ ,ਜਿਸ ਕਾਰਨ ਉਹਨਾਂ ਦਾ ਧਾਰਮਿਕ ਗਿਆਨ ਹੋਰ ਵਿਸ਼ਾਲ ਹੁੰਦਾ ਗਿਆ। ਗੁਰੂ ਰਾਮਦਾਸ ਜੀ ਦੇ ਭੇਜਣ ਤੇ ਆਪ ਆਗਰਾ ,ਬਨਾਰਸ ,ਲਖਨਊ, ਬੁਰਹਾਨਪੁਰ ਆਦਿ ਥਾਵਾਂ ਤੇ ਗੁਰਮਤਿ ਪ੍ਰਚਾਰ ਲਈ ਵੀ ਗਏ। 1581 ਈਸਵੀ ਵਿੱਚ ਗੁਰੂ ਰਾਮਦਾਸ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਆਪ ਅੰਮ੍ਰਿਤਸਰ ਵਿਖੇ ਗੁਰੂ ਅਰਜਨ ਸਾਹਿਬ ਜੀ ਕੋਲ ਆ ਗਏ ਅਤੇ ਬਾਬਾ ਬੁੱਢਾ ਜੀ ਨਾਲ ਮਿਲ ਕੇ ਸਾਰੇ ਪ੍ਰਬੰਧਾਂ ਨੂੰ ਦੇਖਣ ਲੱਗੇ। ਹਰਿਮੰਦਰ ਸਾਹਿਬ ਦੀ ਉਸਾਰੀ ਸਮੇਂ ਆਪ ਜੀ ਨੇ ਅੱਗੇ ਹੋ ਕੇ ਸੇਵਾ ਕੀਤੀ। ਪ੍ਰਿਥੀ ਚੰਦ ਦੇ ਪਾਏ ਹੋਏ ਬਖੇੜੇ ਸਮੇਂ ਵੀ ਸੰਗਤਾਂ ਨੂੰ ਸੇਧ ਦੇਣ, ਸਚਾਈ ਸਮਝਾਉਣ ਅਤੇ ਸਿੱਖੀ ਦੇ ਮੂਲ ਰਸਤੇ ਤੋਂ ਨਾ ਡੋਲਣ ਦੇਣ ਵਿਚ ਆਪ ਜੀ ਦਾ ਵੱਡਾ ਯੋਗਦਾਨ ਰਿਹਾ। 1596-97 ਵਿੱਚ ਜਦੋਂ ਅਕਬਰ ਕਰਤਾਰਪੁਰ ਆਇਆ ਸੀ, ਤਾਂ ਉਸਨੂੰ ਪ੍ਰਿਥੀ ਚੰਦ ਹੋਰਾਂ ਨੇ ਗੁਰਬਾਣੀ ਵਿੱਚ ਮੁਸਲਮਾਨਾਂ ਦੇ ਵਿਰੁੱਧ ਲਿਖੇ ਹੋਣ ਬਾਰੇ ਭੜਕਾਇਆ ਗਿਆ ਸੀ। ਭਾਈ ਗੁਰਦਾਸ ਜੀ ਦੀ ਡਿਊਟੀ ਲੱਗੀ ਸੀ, ਅਕਬਰ ਨੂੰ ਬਾਣੀ ਸੁਣਾਉਣ ਅਤੇ ਸਮਝਾਉਣ ਦੀ। ਭਾਈ ਸਾਹਿਬ ਨੇ ਬੇਤਰਤੀਬੀ ਵਿਚ ਕਿਤੋਂ ਵੀ ਸ਼ਬਦ ਲੈ ਕੇ ਜਦੋਂ ਉਸਦੇ ਅਰਥ ਅਕਬਰ ਨੂੰ ਸਮਝਾਏ, ਤਾਂ ਬਾਦਸ਼ਾਹ ਬਹੁਤ ਪ੍ਰਭਾਵਿਤ ਹੋਇਆ ਸੀ ਅਤੇ ਉਸਦੇ ਸਾਰੇ ਭੁਲੇਖੇ ਦੂਰ ਹੋ ਗਏ ਸਨ ।

ਜਦੋਂ ਗੁਰੂ ਅਰਜਨ ਸਾਹਿਬ ਨੇ ਬਾਣੀ ਨੂੰ ਮਿਲਾਵਟ ਤੋਂ ਬਚਾਉਣ ਲਈ ਗ੍ਰੰਥ ਰੂਪ ਵਿੱਚ ਸੰਕਲਨ ਕਰਨਾ ਸ਼ੁਰੂ ਕੀਤਾ ਅਤੇ ਪਹਿਲੇ ਸਾਰੇ ਗੁਰੂ ਸਾਹਿਬਾਨ ਦੀ ਬਾਣੀ ਅਤੇ ਭਗਤਾਂ ਦੀ ਬਾਣੀ ਨੂੰ ਰਾਗਾਂ ਅਨੁਸਾਰ ਨਵੀ ਤਰਤੀਬ ਦਿੱਤੀ ਤਾਂ ਭਾਈ ਗੁਰਦਾਸ ਜੀ ਨੂੰ ਆਪਣਾ ਸਹਾਇਕ ਨਿਯੁਕਤ ਕੀਤਾ। ਅਤੇ ਪੋਥੀ ਤੋਂ ਆਦਿ ਗ੍ਰੰਥ ਰੂਪ ਦੇਣ ਲਈ ਲਿਖਾਰੀ ਹੋਣ ਦਾ ਮਾਣ ਭਾਈ ਗੁਰਦਾਸ ਜੀ ਨੂੰ ਮਿਲਿਆ। ਇਹ ਸਾਰਾ ਕਾਰਜ 1604 ਈਸਵੀ ਵਿੱਚ ਸੰਪੂਰਨ ਹੋਇਆ ਸੀ। ਇਸ ਤਰਾਂ ਸਾਰੀ ਦੀ ਸਾਰੀ ਬਾਣੀ ਭਾਈ ਗੁਰਦਾਸ ਜੀ ਦੇ ਹੱਥੋਂ ਲਿਖੀ ਗਈ ਹੋਣ ਕਾਰਨ ਉਹਨਾਂ ਨੂੰ ਬਾਣੀ ਦੀ ਸਮਝ ਅਤੇ ਸਿਧਾਂਤਕ ਪਕੜ ਬਾਕੀ ਸਭ ਨਾਲੋਂ ਵੱਧ ਸੀ। 1606 ਈਸਵੀ ਵਿੱਚ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਪਿੱਛੋਂ ਆਪ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸੇਵਾ ਵਿੱਚ ਰਹੇ। ਅਤੇ ਅਕਾਲ ਬੁੰਗੇ ਦੀ ਉਸਾਰੀ ਸਮੇਂ ਵੀ ਆਪ ਜੀ ਨੇ ਸੇਵਾ ਕਰਵਾਈ। 1621 ਈਸਵੀ ਨੂੰ ਮਾਤਾ ਗੰਗਾ ਜੀ ਦੇ ਸਵਰਗਵਾਸ ਹੋਣ ਉੱਤੇ ਅਤੇ 1631 ਈਸਵੀ ਵਿੱਚ ਬਾਬਾ ਬੁੱਢਾ ਜੀ ਦੇ ਅਕਾਲ ਚਲਾਣਾ ਕਰਨ ਉੱਤੇ ਅੰਤਿਮ ਅਰਦਾਸ ਭਾਈ ਗੁਰਦਾਸ ਜੀ ਨੇ ਹੀ ਕੀਤੀ ਸੀ। ਗੁਰੂ ਹਰਿਗੋਬਿੰਦ ਜੀ ਨੂੰ ਜਦੋਂ ਗਵਾਲੀਅਰ ਦੇ ਕਿਲੇ ਵਿੱਚ ਕੈਦ ਕੀਤਾ ਗਿਆ ਸੀ, ਤਾਂ ਸੰਗਤਾਂ ਨੂੰ ਧਰਵਾਸ ਦੇਣ ਅਤੇ ਗਵਾਲੀਅਰ ਲਿਜਾਣ ਸਮੇਂ ਵੀ ਆਪ ਜੀ ਨੇ ਅਗਵਾਈ ਕੀਤੀ ਸੀ। 1637 ਈਸਵੀ ਵਿਚ ਆਪ ਅਕਾਲ ਚਲਾਣਾ ਕਰ ਗਏ। ਆਪ ਜੀ ਦੀ ਲਿਖੀ ਰਚਨਾ ਨੂੰ ਗੁਰੂ ਅਰਜਨ ਸਾਹਿਬ ਨੇ ਮਾਣ ਦਿੱਤਾ ਹੈ ਅਤੇ ਪਰੰਪਰਾ ਮੁਤਾਬਕ ਉਸ ਨੂੰ ਗੁਰਬਾਣੀ ਦੀ ਕੁੰਜੀ ਕਿਹਾ ਗਿਆ ਹੈ।

**ਭਾਈ ਗੁਰਦਾਸ ਜੀ ਦੀਆਂ ਰਚਨਾਵਾਂ :-** ਭਾਈ ਗੁਰਦਾਸ ਜੀ ਦੀ ਲਿਖਤ ਤਿੰਨ ਰੂਪਾਂ ਵਿੱਚ ਮਿਲਦੀ ਹੈ।

**1.ਸੰਸਕ੍ਰਿਤ ਸਲੋਕ :-** ਇਹ ਗਿਣਤੀ ਵਿਚ ਸਿਰਫ 6 ਹਨ। ਅਨੁਸ਼ਟੁਪ ਛੰਦ ਵਿਚ ਲਿਖੇ ਇਹਨਾਂ ਸਲੋਕਾਂ ਬਾਰੇ ਪ੍ਰਚਲਿਤ ਹੈ ਕਿ ਇਹ ਪੰਡਿਤਾਂ ਦੇ ਆਖਣ ਤੇ ਵਾਹਿਗੁਰੂ ਸ਼ਬਦ ਦੀ ਵਿਆਖਿਆ ਵਿਚ ਹੀ ਲਿਖੇ ਗਏ ਸਨ ।



**2.ਪੰਜਾਬੀ ਵਿੱਚ ਵਾਰਾਂ :-** ਇਹਨਾਂ ਦੀ ਗਿਣਤੀ 40 ਹੈ। ਇਹਨਾਂ ਵਾਰਾਂ ਦੀ ਸੰਕੁਚਿਤ ਭਾਸ਼ਾ ਗਾਗਰ ਵਿੱਚ ਸਾਗਰ ਦੇ ਅਖਾਣ ਤੇ ਪੂਰਾ ਢੁਕਦੀ ਹੈ। ਭਾਵੇਂ ਪੁਰਾਤਨ ਸਰੋਤਾਂ ਵਿੱਚ 39 ਵਾਰਾਂ ਦਾ ਜਿਕਰ ਹੈ ਪਰ ਖੋਜੀ ਵਿਦਵਾਨਾਂ ਨੇ ਭਾਸ਼ਾ ,ਸ਼ੈਲੀ ਆਦਿ ਦੇ ਮਿਲਣ ਤੋਂ 40ਵੀ ਵਾਰ ਵੀ ਸ਼ਾਮਲ ਕੀਤੀ ਗਈ ਹੈ। ਇਹਨਾਂ ਵਾਰਾਂ ਵਿੱਚ ਸਿੱਖੀ ਸਿਧਾਂਤਾਂ ਦੀ -ਸਿੱਖ ਦੀ ਗੁਰੂ ਨਾਲ ਪ੍ਰੀਤ, ਸਿਦਕ, ਪ੍ਰੇਮ, ਗੁਰਸਿੱਖ, ਆਦਿ ਵਿਸ਼ਿਆਂ ਤੇ ਬਹੁਤ ਖੂਬਸੂਰਤ ਉਦਾਹਰਣਾਂ ਅਤੇ ਅਲੰਕਾਰਾਂ ਨਾਲ ਸਜਾ ਕੇ ਵਿਆਖਿਆ ਕੀਤੀ ਗਈ ਹੈ। ਪੰਜਾਬੀ ਵਿੱਚ ਹੋਣ ਕਰਕੇ ਇਹ ਸਿੱਖਾਂ ਦੇ ਹਿਰਦੇ ਦੇ ਵਧੇਰੇ ਨੇੜੇ ਹੋਣ ਕਾਰਨ ਵਧੇਰੇ ਪ੍ਰਸਿੱਧ ਹੋਈਆਂ।

ਵਾਰਾਂ ਭਾਈ ਗੁਰਦਾਸ ਦੀ ਮਿਲਦੀ ਪੁਸਤਕ ਵਿੱਚ 41ਵੀ ਵਾਰ ਵੀ ਹੈ। ਕੁਦਰਤੀ ਇਸਦੇ ਲੇਖਕ ਦਾ ਨਾਂ ਵੀ ਭਾਈ ਗੁਰਦਾਸ ਹੀ ਹੈ। ਇਹਨਾਂ ਨੂੰ ਵੱਖਰਾ ਦਰਸਾਉਣ ਲਈ ਭਾਈ ਗੁਰਦਾਸ ਦੂਜਾ ਕਹਿ ਕੇ ਯਾਦ ਕੀਤਾ ਜਾਂਦਾ ਹੈ ਅਤੇ ਇਹ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਹੋਏ ਹਨ। ਇਹ 41ਵੀ ਵਾਰ 'ਵਾਹ ਵਾਹ ਗੁਰੂ ਗੋਬਿੰਦ ਸਿੰਘ, ਆਪੇ ਗੁਰ ਚੇਲਾ' ਦੀ ਟੇਕ ਨਾਲ ਚੱਲਦੀ ਹੈ।

**3.ਕਬਿੱਤ ਤੇ ਸਵਈਏ:-** ਇਹ ਬ੍ਰਜ ਭਾਸ਼ਾ ਵਿੱਚ ਲਿਖੇ ਗਏ ਮਿਲਦੇ ਹਨ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਪਹਿਲਾਂ ਇਹਨਾਂ ਦੀ ਗਿਣਤੀ 556 ਲਿਖੀ ਸੀ। ਪਰ ਵਧੇਰੇ ਖੋਜ ਕਰਨ ਤੇ 119 ਹੋਰ ਮਿਲੇ ਜਿਹਨਾਂ ਨੂੰ ਭਾਈ ਵੀਰ ਸਿੰਘ ਜੀ ਨੇ ਦੂਜੇ ਸਕੰਧ ਵਜੋਂ ਛਪਵਾਇਆ। ਇਸ ਤਰ੍ਹਾਂ ਇਹਨਾਂ ਦੀ ਕੁੱਲ ਗਿਣਤੀ 675 ਹੋ ਗਈ। ਇਹਨਾਂ ਵਿੱਚ 3 ਸਵਈਏ, 8 ਦੋਹਰੇ, 8 ਸੋਰਠੇ ਅਤੇ 8 ਛੰਤ ਹਨ। ਕਬਿੱਤ ਸਵਈਏ ਭਾਈ ਗੁਰਦਾਸ ਜੀ ਨੇ ਆਪਣੀ ਪੰਜਾਬ ਤੋਂ ਬਾਹਰਲੀ ਯਾਤਰਾ ਸਮੇਂ ਲਿਖੇ ਸਨ, ਜਿਹੜਾ ਇੱਕ ਤਾਂ ਇਹਨਾਂ ਦੇ ਬ੍ਰਜ ਭਾਸ਼ਾ ਵਿੱਚ ਹੋਣ ਤੋਂ ਪਤਾ ਲੱਗਦਾ ਹੈ ਅਤੇ ਦੂਸਰਾ ਇਹਨਾਂ ਵਿਚ ਗੁਰੂ ਦੇ ਵਿਛੋੜੇ ਦਾ ਜਿਕਰ ਹੈ। ਬ੍ਰਜ ਭਾਸ਼ਾ ਵਿੱਚ ਹੋਣ ਕਰਕੇ ਹੀ ਇਹ ਸਿੱਖਾਂ ਵਿੱਚ ਵਧੇਰੇ ਪ੍ਰਸਿੱਧ ਨਹੀਂ ਹੋ ਸਕੇ। ਭਾਈ ਗੁਰਦਾਸ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਕਿਉ ਨਹੀ ??? ਇਹ ਸਵਾਲ ਅਕਸਰ ਹੀ ਬਹੁਤੇ ਮਨਾਂ ਵਿੱਚ ਆਉਂਦਾ ਹੈ ਕਿ ਭਾਈ ਗੁਰਦਾਸ ਜੀ ਦੀ ਲਿਖਤ ਸਿੱਖੀ ਸਿਧਾਂਤਾਂ ਅਨੁਸਾਰ ਹੋਣ ਦੇ ਬਾਵਜੂਦ ਗੁਰੂ ਗ੍ਰੰਥ ਸਾਹਿਬ ਵਿੱਚ ਕਿਉ ਨਹੀ ਹੈ ?? ਪਰੰਪਰਕ ਸੋਚ ਵਾਲਿਆਂ ਨੇ ਇੱਕ ਸਾਖੀ ਪੇਸ਼ ਕਰ ਦਿੱਤੀ ਹੈ ਇਸਦੇ ਜਵਾਬ ਵਿੱਚ। ਬਹੁਤ ਹੀ ਸੰਖੇਪ ਵਿਚ ਸਾਖੀ ਅਨੁਸਾਰ ਭਾਈ ਗੁਰਦਾਸ ਜੀਂ ਦੀ ਵਾਰ ਵਿਚ ਲਿਖਿਆ ਹੈ ।

ਜੇ ਮਾਂ ਹੋਵੈ ਜਾਰਨੀ ਕਿਉ ਪੁਤੁ ਪਤਾਰੇ ।
ਗਾਈ ਮਾਣਕੁ ਨਿਗਲਿਆ ਪੇਟੁ ਪਾੜਿ ਨ ਮਾਰੇ ।
ਜੇ ਪਿਰੁ ਬਹੁ ਘਰੁ ਹੰਢਣਾ ਸਤੁ ਰਖੈ ਨਾਰੇ ।
ਅਮਰੁ ਚਲਾਵੈ ਚੰਮ ਦੇ ਚਾਕਰ ਵੇਚਾਰੇ ।
ਜੇ ਮਦੁ ਪੀਤਾ ਬਾਮਣੀ ਲੋਇ ਲੁੜਣਿ ਸਾਰੇ ।
ਜੇ ਗੁਰ ਸਾਗਿ ਵਰਤਦਾ ਸਿਖੁ ਸਿਦਕ ਨ ਹਾਰੇ।...........(ਵਾਰ 35, ਪਉੜੀ 20)

ਕਹਿੰਦੇ ਗੁਰੂ ਅਰਜਨ ਸਾਹਿਬ ਨੂੰ ਇਸ ਵਿਚੋਂ ਸੂਖਮ ਹਉਮੈ ਨਜਰ ਆਈ ਤੇ ਉਹਨਾਂ ਭਾਈ ਸਾਹਿਬ ਨੂੰ ਪਰਖਣ ਲਈ ਉਹਨਾਂ ਨੂੰ ਕਾਬਲ ਤੋਂ ਘੋੜੇ ਲਿਆਉਣ ਲਈ ਭੇਜ ਦਿੱਤਾ। ਘੋੜੇ ਪਸੰਦ ਕਰਨ ਉਪਰੰਤ ਜਦੋ ਤੰਬੂ ਵਿਚੋਂ ਮਾਇਆ ਕੱਢਣ ਪੁੱਜੇ, ਤਾਂ ਮੋਹਰਾਂ ਦੀ ਜਗ੍ਹਾ ਠੀਕਰੀਆਂ ਨਿਕਲੀਆਂ। ਸਾਖੀ ਅਨੁਸਾਰ ਭਾਈ ਗੁਰਦਾਸ ਜੀ ਜ਼ਲੀਲ ਹੋਣ ਤੋਂ ਬਚਣ ਲਈ ਤੰਬੂ ਪਾੜ ਕੇ ਪਿੱਛੋਂ ਦੀ ਭੱਜ ਨਿਕਲੇ। ਪਿੱਛੋਂ ਬਾਕੀ ਸਿੱਖਾਂ ਨੇ ਆ ਕੇ ਉਸੇ ਥੈਲੇ ਵਿਚੋਂ ਮੋਹਰਾਂ ਲੈ ਕੇ ਭੁਗਤਾਨ ਕਰ ਦਿੱਤਾ। ਭਾਈ ਸਾਹਿਬ ਉਥੋਂ ਆਗਰੇ ਪੁੱਜ ਕੇ ਕਥਾ ਕਰਨ ਲੱਗੇ। ਉੱਧਰ ਗੁਰੂ ਸਾਹਿਬ ਨੂੰ ਸਾਰੀ ਗੱਲ ਪਤਾ ਲੱਗੀ ਤਾਂ ਉਹਨਾਂ ਇੱਕ ਸਿੱਖ ਆਗਰੇ ਭੇਜਿਆ ਤੇ ਸੁਨੇਹਾ ਦਿੱਤਾ ਕਿ ਇਸ ਦਰਬਾਰ ਵਿਚ ਸਾਡਾ ਇੱਕ ਚੋਰ ਹੈ। ਭਾਈ ਗੁਰਦਾਸ ਜੀ ਉਦੋਂ ਕਥਾ ਕਰ ਰਹੇ ਸਨ, ਉਹਨਾਂ ਤੁਰੰਤ ਆਪਣੇ ਆਪ ਨੂੰ ਪੇਸ਼ ਕੀਤਾ ਅਤੇ ਆਪਣੇ ਆਪ ਨੂੰ ਮੁਸ਼ਕਾਂ ਬੰਨਵਾ ਕੇ ਗੁਰੂ ਅਰਜਨ ਸਾਹਿਬ ਕੋਲੋਂ ਆ ਮੁਆਫੀ ਮੰਗੀ। ਗੁਰੂ ਸਾਹਿਬ ਨੇ ਕਿਹਾ ਕਿ ਤੁਸੀਂ ਤਾਂ ਲਿਖਿਆ ਸੀ ਸਿਖ ਸਿਦਕ ਨ ਹਾਰੇ ??ਸਾਖੀਕਾਰ ਅਨੁਸਾਰ ਫੇਰ ਭਾਈ ਗੁਰਦਾਸ ਜੀ ਨੇ ਵਾਰ ਵਿਚ ਲਿਖਿਆ -

ਜੇ ਮਾਉ ਪੁਤੈ ਵਿਸੁ ਦੇ ਤਿਸਤੇ ਕਿਸੁ ਪਿਆਰਾ ।
ਜੇ ਘਰੁ ਭੰਨੈ ਪਾਹਰੂ ਕਉਣੁ ਰਖਣਹਾਰਾ ।
ਬੇੜੀ ਡੋਬੈ ਪਾਤਣੀ ਕਿਉ ਪਾਰਿ ਉਤਾਰਾ ।
ਆਗੂ ਲੈ ਉਝੜਿ ਪਵੈ ਕਿਸੁ ਕਰੈ ਪੁਕਾਰਾ ।
ਜੇ ਕਰਿ ਖੇਤੈ ਖਾਇ ਵਾੜਿ ਕੋ ਲਹੈ ਨ ਸਾਰਾ ।
ਜੇ ਗੁਰ ਭਰਮਾਏ ਸਾਂਗ ਕਰ ਕਿਆ ਸਿਖ ਵਿਚਾਰਾ।..............(ਵਾਰ 35, ਪਉੜੀ 22)

ਪਰੰਪਰਾਗਤ ਸੋਚ ਇਹ ਕਹਿੰਦੀ ਹੈ ਕਿ ਕਿਉਂਕਿ ਭਾਈ ਸਾਹਿਬ ਸਿਦਕ ਤੋਂ ਡੋਲ ਗਏ ਸਨ, ਇਸ ਲਈ ਉਹਨਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਨਹੀਂ।

**ਅਸਲੀਅਤ ਕੀ ਹੈ ?? :-** ਸਿੱਖ ਇਤਿਹਾਸ ਵਿੱਚ ਵੀ ਜਾਣੇ ਅਣਜਾਣੇ ਕੁਝ ਮਿਥਿਹਾਸ ਰਲ ਚੁੱਕਿਆ ਹੈ। ਉਪਰੋਕਤ ਸਾਖੀ ਵੀ ਸਚਾਈ ਤੋਂ ਕੋਹਾਂ ਦੂਰ ਹੈ। ਭਾਈ ਸਾਹਿਬ ਭਾਈ ਗੁਰਦਾਸ ਜੀ ਉੱਤੇ ਇਸਤਰਾਂ ਦਾ ਇਲਜ਼ਾਮ ਲਗਾਇਆ ਜਾਣਾ ,ਸਾਡੇ ਵਿਰੋਧੀਆਂ ਦੀ ਸਾਜਿਸ਼ ਵੀ ਹੋ ਸਕਦੀ ਹੈ। ਬਹੁਤੀ ਟਿੱਪਣੀ ਨਾ ਕਰਦੇ ਹੋਏ ਇੰਨਾ ਹੀ ਕਹਾਂਗੇ ਕਿ ਆਪ ਹੀ ਪ੍ਰਸ਼ਨ ਕਰਕੇ ਉਸਦਾ ਉੱਤਰ ਲਿਖਣਾ ਗੁਰਮਤਿ ਦੀ ਸ਼ੈਲੀ ਰਹੀ ਹੈ। ਇਹ ਗੁਰਬਾਣੀ ਵਿੱਚ ਵੀ ਦੇਖੀ ਜਾ ਸਕਦੀ ਹੈ ਅਤੇ ਉਕਤ ਵਾਰ ਵਿੱਚ ਵੀ ਭਾਈ ਸਾਹਿਬ ਨੇ ਆਪ ਹੀ ਪ੍ਰਸ਼ਨ ਪਾ ਕੇ ਅਗਲੀ ਪਉੜੀ ਵਿੱਚ ਉਸਦਾ ਜਵਾਬ ਦਿੱਤਾ ਹੈ। ਸਾਖੀ ਨਿਰੋਲ ਮਨਘੜਤ ਲਗਦੀ ਹੈ।

ਭਾਈ ਸਾਹਿਬ ਭਾਈ ਗੁਰਦਾਸ ਜੀ ਦੀ ਬਾਣੀ ਦਾ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸ਼ਾਮਲ ਨਾ ਹੋਣ ਦਾ ਅਸਲੀ ਕਾਰਨ ਇਹ ਹੈ ਕਿ ਭਾਈ ਸਾਹਿਬ ਦੀ ਸਾਰੀ ਲਿਖਤ, ਆਦਿ ਗ੍ਰੰਥ ਦੇ ਸੰਪੂਰਨ ਹੋਣ ਤੋਂ ਬਾਅਦ ਲਿਖੀ ਗਈ ਸੀ। 1604 ਈਸਵੀ ਵਿਚ ਆਦਿ ਗ੍ਰੰਥ ਸੰਪੂਰਨ ਹੋਇਆ ਸੀ, ਖੋਜੀ ਵਿਦਵਾਨਾਂ ਅਨੁਸਾਰ ਭਾਈ ਸਾਹਿਬ ਦੀਆਂ ਬਹੁਤੀਆਂ ਵਾਰਾਂ 1628 ਈਸਵੀ ਦੇ ਇਰਦ ਗਿਰਦ ਲਿਖੀਆਂ ਗਈਆਂ ਹਨ। ਇਸੇ ਲਈ ਤਾਂ ਉਹਨਾਂ ਵਿੱਚ ਗੁਰੂ ਹਰਿਗੋਬਿੰਦ ਜੀ ਬਾਰੇ ਵੀ ਜ਼ਿਕਰ ਹੈ। ਕੁਝ ਲਿਖਤਾਂ ਆਦਿ ਗ੍ਰੰਥ ਤੋਂ ਪਹਿਲਾਂ ਦੀਆਂ ਹੋ ਸਕਦੀਆਂ ਹਨ ਪਰ ਉਹ ਅਜੇ ਇੰਨੀਆਂ ਪ੍ਰਸਿੱਧ ਨਹੀਂ ਸਨ । ਭਾਈ ਗੁਰਦਾਸ ਜੀ ਆਪ ਸੇਵਕ ਭਾਵ ਵਿੱਚ ਇੰਨੇ ਜਿਆਦਾ ਨਿਮਰਤਾ ਵਿੱਚ ਸਨ ਕਿ ਉਹ ਆਪਣੀ ਲਿਖਤ ਨੂੰ ਗੁਰੂਬਾਣੀ ਦੇ ਬਰਾਬਰ ਰੱਖੇ ਜਾਣ ਬਾਰੇ ਸੋਚ ਵੀ ਨਹੀਂ ਸਨ ਸਕਦੇ ।

ਪੰਜਾਬੀ ਸਾਹਿਤ ਵਿੱਚ ਇਹ ਪ੍ਰਸਿੱਧ ਹੈ ਕਿ ਜਿਸਨੇ ਭਾਈ ਗੁਰਦਾਸ ਅਤੇ ਵਾਰਸ ਸ਼ਾਹ ਨੂੰ ਨਹੀਂ ਪੜ੍ਹਿਆ, ਉਹ ਕਦੇ ਵੀ ਵਧੀਆ ਲੇਖਕ ਨਹੀਂ ਬਣ ਸਕਦਾ। ਕਾਰਨ ਇਹ ਹੈ ਕਿ ਭਾਈ ਗੁਰਦਾਸ ਜੀ ਨੇ ਬਹੁਤ ਘੱਟ ਸ਼ਬਦਾਂ ਵਿਚ ਬਹੁਤ ਵੱਡੇ ਵਿਚਾਰ ਦਿੱਤੇ ਹਨ ਜਦਕਿ ਵਾਰਸ ਸ਼ਾਹ ਨੇ ਬਹੁਤ ਛੋਟੀ ਗੱਲ ਦੀ ਵੀ ਬਹੁਤ ਜਿਆਦਾ ਵਿਆਖਿਆ ਕੀਤੀ ਹੈ। ਵਧੀਆ ਸ਼ਬਦ ਚੋਣ ਲਈ ਦੋਹਾਂ ਨੂੰ ਪੜ੍ਹਿਆ ਜਾਣਾ ਜਰੂਰੀ ਹੈ। ਗੁਰਬਾਣੀ ਸਿਧਾਂਤਾਂ ਨਾਲ ਜੁੜਨ ਅਤੇ ਗੁਰਬਾਣੀ ਨੂੰ ਚੰਗੀ ਤਰਾਂ ਸਮਝਣ ਲਈ ਆਓ ਆਪਾਂ ਸਾਰੇ ਭਾਈ ਗੁਰਦਾਸ ਜੀ ਦੀ ਲਿਖਤ ਨਾਲ ਜੁੜੀਏ। ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਵਿੱਚ ਗੁਰਦੁਆਰੇ ਵਿੱਚ ਗੁਰਬਾਣੀ ਤੋਂ ਬਿਨਾਂ ਭਾਈ ਗੁਰਦਾਸ ਜੀ ਅਤੇ ਭਾਈ ਨੰਦ ਲਾਲ ਜੀਂ ਦੀ ਲਿਖਤ ਨੂੰ ਗਾਏ ਜਾਣ ਦੀ ਇਜਾਜ਼ਤ ਹੈ।



ਜਸਵਿੰਦਰ ਸਿੰਘ ਰੁਪਾਲ
9814715796

## ਜੀਵਣ ਦੁਨੀਆਦਾਰ

ਜੀਵਣ ਦੁਨੀਆਂਦਾਰ ਬੇਲੀਓ
ਜੀਵਣ ਦੁਨੀਆਂਦਾਰ।
ਇਹ ਰੰਗਲਾ ਸੰਸਾਰ ਬੇਲੀਓ
ਜੀਵਣ ਦੁਨੀਆਦਾਰ।

ਰੂਪ ਸ਼ਾਇਰਾ ਥਾਂ ਲੱਭਣ ਚਲੀਏ,
ਕੋਈ ਨਾ ਨੀਵਾਂ ਉੱਚਾ।
ਰਾਜਾ ਰੰਕ ਜਿੱਥੇ ਬੈਠੇ ਸਾਧੂ ,
ਵਿਚੇ ਹੋਵੇ ਲੁੱਚਾ।
ਸਾਊ ਚਿਤਾ 'ਤੇ ਲੇਟਿਆ ਹੋਵੇ,
ਲਾਂਬੂ ਲਾਵੇ ਟੁੱਚਾ।
ਸਿਵਿਆਂ ਦੇ ਵਿਚ ਜਾ ਕੇ ਡਿੱਠਾ,
ਮਨ ਹੋ ਗਿਆ ਸੁੱਚਾ।
ਚਹੁੰਆਂ ਕੰਨੀਆਂ ਤੋਂ ਪਾਟਾ ਸੀ ਜੋ,
ਸੀਤਾ ਗਿਆ ਲੰਗਾਰ ਬੇਲੀਓ---

ਰੂਪ ਸ਼ਇਰਾ ਸਭ ਕਾਰਾਂ ਕੋਠੀਆਂ,
ਚਾਰ ਦਿਨਾਂ ਦਾ ਮੇਲਾ।
ਜਾਨ ਲਬਾਂ ਜਦ ਆਉਂਦੀ ਏ,
ਕੋਈ ਨਾ ਬਣੇ ਸੁਹੇਲਾ।
ਹੱਥਾਂ ਦੇ ਵਿਚ ਰਹਿ ਜਾਂਦਾ ਏ,
ਜੋੜਿਆ ਪੈਸਾ ਧੇਲਾ।
ਲਾਲ ਕਿਲ੍ਹੇ ਦੇ ਵਾਗੂੰ ਖਾਲੀ
ਕਰਨਾ ਪਵੇ ਹਵੇਲਾ।
ਟੁੱਟ ਜਾਂਦੀ ਏ ਮੋਹ ਮਾਇਆ ਦੀ,
ਜਿਹੜੀ ਵੱਜਦੀ ਤਾਰ ਬੇਲੀਓ---

ਰੂਪ ਸ਼ਾਇਰਾ ਪੈਸੇ ਦੀ ਦੁਨੀਆਂ,
ਕੰਮ ਮੂਲ ਨਾ ਆਵੇ।
ਸੁਤ ਦਾਰਾ ਤੇ ਧੀਆਂ ਪੁੱਤਰ
ਝੂਠੇ ਡਿੱਠੇ ਦਾਵ੍ਹੇ।
ਕੱਲੀ ਕਹਿਰੀ ਜਾਨ 'ਤੇ ਬਣਦੀਆਂ,
ਕੋਈ ਨਾ ਆਣ ਛੁਡਾਵੇ।
ਜੀਉਂਦੇ ਜੀਅ ਜੋ ਖ਼ਬਰ ਨਾ ਲੈਂਦਾ,
ਮਹਿੰਗੀ ਲੋਈ ਪਾਵੇ।
ਏਹੀ ਹੈ ਏਥੇ ਔਕਾਤ ਅਸਾਡੀ,
ਏਹੀਓ ਹੈ ਸਤਿਕਾਰ ਬੇਲੀਓ--

ਰੂਪ ਸ਼ਾਇਰਾ ਜੋ ਚੱਲਣ ਨਬਜ਼ਾਂ,
ਇਕ ਦਿਨ ਹੈ ਰੁਕ ਜਾਣਾ।
ਜੱਜ ਕੋਈ ਨਾ ਕਰੇ ਸੁਣਾਈ
ਰਪਟ ਲਿਖੇ ਨਾ ਠਾਣਾ।
ਦੁਨੀਆਂ ਹੋਣੀ ਤੈਂ ਨਹੀਂ ਹੋਣਾ,
ਵੱਸਣਾ ਝੰਗ ਮਘਿਆਣਾ।
ਪਾਵੇ ਫੜ ਕੇ ਬਹਿਣਗੇ ਘਰਦੇ,
ਆਖਣਗੇ ਹੈ ਭਾਣਾ।
ਕਦੋਂ ਦਮਾਂ ਨੇ ਕਿਰ ਕੁਰ ਜਾਣਾ,
ਕੋਈ ਨਹੀਂ ਇਤਬਾਰ ਬੇਲੀਓ---

ਰੂਪ ਸ਼ਾਇਰਾ ਚੱਲ ਫ਼ਰਜ਼ ਨਿਭਾ ਤੂੰ,
ਇਕੋ ਹੀ ਰੱਖ ਨਿਸ਼ਾਨਾ।
ਇਕ ਰੂਹ ਤੇਰੀ ਨੂੰ ਹੋਵੇ ਸ਼ਾਂਤੀ,
ਖੁਸ਼ ਨਹੀਂ ਹੋਣਾ ਜ਼ਮਾਨਾ।
ਨਿੰਦਿਆ ਤੇਰੀ ਕਰਦੇ ਰਹਿਣਾ,
ਕਈ ਦਿਲ ਦੇ ਬੇਈਮਾਨਾਂ।
ਕੱਟ ਲੈ ਚਾਰ ਦਿਹਾੜੇ ਤੂੰ ਆਪਣੇ,
ਬਣ ਕੇ ਦਾਨਾ ਸਾਨਾ।
ਫੁੱਲਾਂ ਵਾਗੂੰ ਜਾਓ ਮਹਿਕਦੇ,
ਬਣੋ ਮੂਲ ਨਾ ਭਾਰ ਬੇਲੀਓ---

ਰੂਪ ਲਾਲ ਰੂਪ
ਪਿੰਡ ਭੇਲਾਂ ਡਾਕਖਾਨਾ ਨਾਜਕਾ
ਜ਼ਿਲ੍ਹਾ ਜਲੰਧਰ (ਪੰਜਾਬ)

## ਰਿਸ਼ਤੇ- ਨਾਤੇ



ਮੋਹ ਵਿੱਚ ਭਿੱਜੇ ਹੋਏ,
ਮੋਹ ਦੀਆਂ ਤੰਦਾਂ
ਵਿੱਚ ਬੱਝੇ ਹੋਏ।
ਸਾਂਝੇ ਘਰਾਂ ਵਿੱਚ,
ਬਹੁਤ ਨਿਭਦੇ ਸੀ
ਇਹ ਸਭ ਰਿਸ਼ਤੇ - ਨਾਤੇ।
ਘਰ ਵੀ ਵੱਡੇ ਸੀ ।
ਖੁਸ਼ਹਾਲ ਜ਼ਿੰਦਗੀ ਸੀ ।
ਇੱਕ ਹੀ ਚੁੱਲ੍ਹਾ ਸੀ।
ਮੋਹ ਪਿਆਰ ਵਿੱਚ,
ਭਿੱਜਾ ਰਹਿੰਦਾ ਸੀ।
ਘਰ ਹੋਏ ਛੋਟੇ ਸੀ ।
ਦਿਲ ਵੀ ਛੋਟੇ ਸੀ।
ਜ਼ਿੰਦਗੀ ਬੇਚੈਨ ਸੀ।
ਮਨ ਪ੍ਰੇਸ਼ਾਨ ਸੀ।
ਚੁੱਲ੍ਹੇ ਅਲੱਗ ਸੀ।
ਕੋਈ ਕਿਸੇ ਦੀ ਸੁਣਦਾ
ਨਹੀਂ ਗੱਲ ਸੀ।
ਮੋਹ ਪਿਆਰ ਦੀ ਕੋਈ
ਗੱਲ ਨਹੀਂ ਸੀ।
ਪੈਸੇ ਦੇ ਸਭ ਵੱਲ ਸੀ।
ਦੁੱਖ ਸੁੱਖ ਸਭ ਕਹਿਣ
ਨੂੰ ਸਾਂਝਾ ਸੀ।
ਬਾਕੀ ਸਭ ਇਹ ਦਿਖਾਵੇ
ਦੀ ਗੱਲ ਸੀ।
ਮੋਹ ਪਿਆਰ ਦੇ ਇਹ
ਸਭ ਰਿਸ਼ਤੇ - ਨਾਤੇ
ਸਿਰਫ ਦਿਖਾਵੇ ਦੀ
ਇੱਕ ਕੰਧ ਸੀ ।

ਪਰਮਬੀਰ ਕੌਰ ਰਿਆੜ

ਚੜ੍ਹਦੀ ਕਲਾ ਸਿਰਫ਼ ਇੱਕ ਸ਼ਬਦ ਨਹੀਂ ਹੈ । ਇਹ ਉਹ ਸਿਧਾਂਤ ਹੈ ਜੋ ਸਾਡੇ ਗੁਰੂਆਂ ਨੇ ਸਾਨੂੰ ਬਖਸ਼ਿਆ ਹੈ ਤੇ ਇਸ ਸਿਧਾਂਤ 'ਤੇ ਚੱਲਦਿਆਂ ਜ਼ਿੰਦਗੀ ਜਿਊਣ ਦਾ ਜੋ ਸਕੂਨ ਆਉਂਦਾ ਹੈ ਉਹ ਵੱਖਰਾ ਹੀ ਹੈ। ਆਪਣਾ ਸਭ ਕੁਝ ਵਾਰ ਕੇ ਵੀ ਉਸ ਮਾਲਕ ਦਾ ਸ਼ੁਕਰਾਨਾ ਕਿਵੇਂ ਕੀਤਾ ਜਾਂਦਾ ਹੈ, ਇਹ ਸਾਨੂੰ ਸਾਡਾ ਇਤਿਹਾਸ ਸਿਖਾਉਂਦਾ ਹੈ। ਚੜ੍ਹਦੀ ਕਲਾ ਦਾ ਵਰਤਾਰਾ ਵਰਤਦਾ ਪੰਜਾਬ ਦੀ ਧਰਤੀ 'ਤੇ ਆਮ ਹੀ ਵੇਖਣ ਨੂੰ ਮਿਲਦਾ ਹੈ। ਸਿਆਣੇ ਆਖਦੇ ਨੇ ਕਿ 'ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ' ਤੇ ਇਹ ਗੱਲ ਸੱਚ ਵੀ ਹੈ ਪਰ ਦੂਸਰਾ ਸੱਚ ਇਹ ਹੈ ਕਿ ਪੰਜਾਬੀਆਂ ਨੇ ਇਨ੍ਹਾਂ ਮੁਸੀਬਤਾਂ ਦਾ ਸਾਹਮਣਾ ਹਮੇਸ਼ਾ ਹੱਸ ਕੇ ਅਤੇ ਡੱਟ ਕੇ ਕੀਤਾ ਹੈ। ਪੰਜਾਬੀ ਹਮੇਸ਼ਾ ਚਟਾਨ ਬਣ ਇਨ੍ਹਾਂ ਮੁਸੀਬਤਾਂ ਅੱਗੇ ਖੜ੍ਹੇ ਨੇ।

ਅੱਜ ਪੰਜਾਬ ਬਹੁਤ ਨਾਜ਼ੁਕ ਹਾਲਾਤ 'ਚੋਂ ਗੁਜ਼ਰ ਰਿਹਾ ਹੈ ਪਰ ਇਹ ਪਹਿਲੀ ਵਾਰ ਨਹੀਂ ਹੈ। ਵਾਰ - ਵਾਰ ਉਜੜਨਾ ਤੇ ਫਿਰ ਆਬਾਦ ਹੋਣਾ ਇਹ ਪੰਜਾਬੀਆਂ ਹਿੱਸੇ ਹੀ ਆਇਆ ਹੈ। ਪਹਿਲਾਂ 1947 'ਚ ਪੰਜਾਬ ਨੇ ਵੰਡ ਦਾ ਦਰਦ ਆਪਣੇ ਪਿੰਡੇ 'ਤੇ ਹੰਢਾਇਆ, ਫੇਰ 1984 ਦੇ ਕਾਲੇ ਦੌਰ 'ਚ ਪੰਜਾਬੀਆਂ ਨੂੰ ਬਹੁਤ ਕੁਝ ਝੱਲਣਾ ਪਿਆ। ਉਸ ਤੋਂ ਬਾਅਦ 1988 'ਚ ਹੜ੍ਹਾਂ ਦੀ ਮਾਰ ਨੇ ਪੰਜਾਬ ਨੂੰ ਬਰਬਾਦ ਕਰ ਦਿੱਤਾ। 2019, 2023 ਵਿੱਚ ਦੁਬਾਰਾ ਹੜ੍ਹਾਂ ਦੀ ਮਾਰ ਪੰਜਾਬ ਨੇ ਝੱਲੀ ਤੇ ਹੁਣ 2025 ਵਿੱਚ ਇੱਕ ਵਾਰ ਫੇਰ ਕੁਦਰਤ ਦੀ ਮਾਰ ਪੰਜਾਬ ਝੱਲ ਰਿਹਾ ਹੈ। ਕਦੇ ਆਪਣਿਆਂ ਹੱਥੋਂ ਮਿਲੇ ਧੋਖੇ ਤੇ ਕਦੇ ਕੁਦਰਤੀ ਆਫ਼ਤਾਂ ਕਰਕੇ ਪੰਜਾਬ ਵਾਰ- ਵਾਰ ਉਜੜਿਆ ਪਰ ਖਤਮ ਕਦੇ ਨਹੀਂ ਹੋਇਆ। ਮੁਸੀਬਤਾਂ ਨਾਲ ਲੜਨਾ ਤੇ ਉਨ੍ਹਾਂ ਅੱਗੇ ਚਟਾਨ ਬਣ ਖੜ ਜਾਣਾ ਇਹ ਪੰਜਾਬੀਆਂ ਦੇ ਖ਼ੂਨ ਵਿੱਚ ਹੀ ਹੈ। ਪੰਜਾਬ ਦੀ ਇਸ ਧਰਤੀ ਨੇ ਬਹੁਤ ਕੁਝ ਆਪਣੇ ਪਿੰਡੇ 'ਤੇ ਹੰਢਾਇਆ ਹੈ ਪਰ ਚੜ੍ਹਦੀ ਕਲਾ ਦਾ ਸਿਧਾਂਤ ਕਦੇ ਨਹੀਂ ਛੱਡਿਆ ਤੇ ਮਾਲਕ ਦੇ ਭਾਣੇ ਨੂੰ ਹਮੇਸ਼ਾ ਹੱਸ ਕੇ ਮੰਨਿਆ ਹੈ।

ਸਿਰ ਝੁਕਦਾ ਹੈ ਇਨ੍ਹਾਂ ਯੋਧਿਆਂ ਦੇ ਸਬਰ ਅੱਗੇ ਜੋ ਆਪਣਾ ਸਭ ਕੁਝ ਗਵਾ ਕੇ ਵੀ ਹੱਸਦੇ ਮੁਸਕੁਰਾਉਂਦੇ ਪੂਰੇ ਜੋਸ਼ ਨਾਲ ਚੜ੍ਹਦੀ ਕਲਾ ਦੇ ਜੈਕਾਰੇ ਲਾਉਂਦੇ ਹਨ। ਆਖਦੇ ਹਨ ਕਿ ਵਗਦੇ ਦਰਿਆਵਾਂ ਨੂੰ ਨੱਕੇ ਨਹੀਂ ਲੱਗਦੇ ਪਰ ਪੰਜਾਬੀਆਂ ਦੇ ਜੈਕਾਰਿਆਂ ਦੀ ਗੂੰਜ ਨੇ ਵਗਦੇ ਦਰਿਆਵਾਂ ਨੂੰ ਬੰਨ੍ਹ ਵੀ ਲਾ ਦਿੱਤੇ। ਹੜ੍ਹਾਂ ਦਾ ਪਾਣੀ ਇਨ੍ਹਾਂ ਦੇ ਘਰ ਭਾਵੇਂ ਵਹਾਅ ਕੇ ਲੈ ਗਿਆ ਹੈ ਪਰ ਇਨ੍ਹਾਂ ਦੇ ਹੌਂਸਲੇ ਅੱਜ ਵੀ ਉਸੇ ਤਰ੍ਹਾਂ ਬੁਲੰਦ ਨੇ। ਪੰਜਾਬੀਆਂ ਦੀ ਜ਼ਿੰਦਾਦਿਲੀ ਹੈ ਕਿ ਇਹ ਲੋਕ ਆਪ ਭਾਵੇਂ ਅੱਜ ਦੇ ਵਕਤ ਦੀ ਰੋਟੀ ਦੇ ਮੁਹਤਾਜ ਹੋ ਚੁੱਕੇ ਹਨ ਪਰ ਘਰ ਆਏ ਦੀ ਖਾਤਿਰਦਾਰੀ ਕਰਨਾ ਇਹ ਅੱਜ ਵੀ ਨਹੀਂ ਭੁੱਲੇ ।

ਸਭ ਕੁਝ ਗਵਾ ਕੇ ਵੀ ਉਸ ਮਾਲਕ ਦਾ ਸ਼ੁਕਰਾਨਾ ਕਰਨਾ ਤੇ ਉਸਦੀ ਰਜ਼ਾ 'ਚ ਖੁਸ਼ ਰਹਿਣਾ, ਇਹ ਪੰਜਾਬੀਆਂ ਹਿੱਸੇ ਹੀ ਆਇਆ ਹੈ। ਬਾਬੇ ਨਾਨਕ ਦਾ ਚਲਾਇਆ ਵੀਹ ਰੁਪਏ ਦਾ ਲੰਗਰ ਅੱਜ ਕੁੱਲ ਕਾਇਨਾਤ ਦਾ ਢਿੱਡ ਭਰਦਾ ਹੈ। ਸੱਚ ਹੈ ਕਿ ਬਾਬੇ ਨਾਨਕ ਦੀ ਇਸ ਧਰਤੀ ਤੋਂ ਬਰਕਤ ਕਦੇ ਵੀ ਨਹੀਂ ਜਾ ਸਕਦੀ। ਪੰਜਾਬ ਅੱਜ ਜ਼ਖ਼ਮੀ ਭਾਵੇਂ ਹੋਇਆ ਹੈ ਪਰ ਖਤਮ ਨਹੀਂ ਹੋਇਆ। ਇਸ ਦੇ ਧੀਆਂ ਪੁੱਤਰ ਮੁੜ ਇਸਨੂੰ ਆਬਾਦ ਕਰਨਗੇ। ਉਹੀ ਬਹਾਰਾਂ ਉਹੀ ਰੌਣਕਾਂ ਮੁੜ ਪੰਜਾਬ ਦੀ ਧਰਤੀ 'ਤੇ ਲੱਗਣਗੀਆਂ ਕਿਉਂਕਿ ਪੰਜਾਬ ਦੀ ਮਿੱਟੀ ਦੀ ਖਸਲਤ ਹੈ ਚੜ੍ਹਦੀ ਕਲਾ।



ਜਸਪ੍ਰੀਤ ਕੌਰ ਸੰਘਾ
ਹੁਸ਼ਿਆਰਪੁਰ,
99150-33176

## ਚੜ੍ਹਦੀ ਕਲਾ



## ਮਾਂ ਤਾਂ ਆਖਰ ਮਾਂ ਹੁੰਦੀ ਏ...





"ਕੁੜੇ ਮੁੰਡਾ ਘਰੇ ਆਇਆ ਕਿ ਨਹੀਂ?"

ਬੇਬੇ ਦੇ ਐਨਾ ਕਹਿਣ ਤੇ ਸਾਰੇ ਪਰਿਵਾਰ 'ਚ ਹਾਸੜ ਪੈ ਗਈ। ਰਮਨੀਤ ਬੇਬੇ ਦੀ ਵੱਡੀ ਪੋਤੀ ਜੋ ਜਣੇਪਾ ਕੱਟਣ ਆਪਣੇ ਪੇਕੇ ਆਈ ਹੋਈ ਸੀ ਬੋਲੀ,"ਬੇਬੇ ਪਾਪਾ ਜੀ ਦੀ ਦਾੜੀ ਚਿੱਟੀ ਹੋਗੀ ਆ ਤੂੰ ਅਜੇ ਵੀ ਮੁੰਡਾ ਕਹੀ ਜਾਨੀ ਏ"।

"ਹੋਰ ਕੀ ਦੋਹਤੇ ਵਾਲਾ ਤਾਂ ਹੋ ਗਿਆ , ਐਤਕੀ ਜੀਵਨ ਦਾ ਵਿਆਹ ਕਰ ਦਿਆਂਗੇ ਤੇ ਅਗਲੇ ਸਾਲ ਦਾਦਾ ਬਣਜੂ"ਉਸਦੀ ਮੰਮੀ ਨੇ ਕਿਹਾ, ਤਾਂ ਇੱਕ ਵਾਰ ਫਿਰ ਸਾਰੇ ਹੱਸ ਪੈ।

ਦਾਦੀ ਸਾਰਿਆਂ ਦੇ ਮੂੰਹ ਵੱਲ ਵੇਖ ਕੇ ਬਸ ਮੁਸਕਰਾ ਰਹੀ ਸੀ , ਉਹ ਮਨ ਹੀ ਮਨ ਕਹਿ ਰਹੀ ਸੀ ,"ਮੇਰੇ ਲਈ ਤਾਂ ਮੁੰਡਾ ਹੀ ਆ ਪਾਪਾ ਤੁਹਾਡਾ ਏ"।ਅਗਲੇ ਦਿਨ ਰਮਨੀਤ ਦੇ ਸਹੁਰਿਆਂ ਨੇ ਪੰਜੀਰੀ ਲੈ ਕੇ ਆਉਣਾ ਸੀ। ਰਮਨੀਤ ਦੇ ਪਾਪਾ ਜੀ ਨੇ ਭੱਜ ਭੱਜ ਕੇ ਸਾਰਾ ਇੰਤਜਾਮ ਕੀਤਾ ਸੀ।

ਅੱਜ ਵੀ ਸਵੇਰ ਦੇ ਬਾਜ਼ਾਰ ਗਏ ਹੋਏ ਸੀ। ਖਾਣ ਪੀਣ ਦਾ ਸਾਰਾ ਸਮਾਨ ਪਹਿਲਾਂ ਹੀ ਲੈ ਆਏ ਸੀ। ਸਬਜ਼ੀਆਂ, ਸਲਾਦ ਵਗੈਰਾ ਵੀ ਲਿਆ ਕੇ ਦਿੱਤੇ। ਅਜੇ ਬੈਠੇ ਹੀ ਸੀ ਕਿ ਰਮਨੀਤ ਦੀ ਮੰਮੀ ਬੋਲੇ," ਹਾਏ ਰੱਬਾ ਮੈਂ ਤਾਂ ਭੁੱਲ ਹੀ ਗਈ, ਰਮਨੀਤ ਤੇਰੀ ਸੱਸ ਦੇ ਸੂਟ ਨਾਲ ਦੀ ਚੁੰਨੀ ਲਿਆਉਣੀ ਤਾਂ ਭੁੱਲ ਹੀ ਗਈ "।

"ਕੁੜੇ ਜਦੋਂ ਸੂਟ ਲਿਆਂਦਾ ਉਦੋਂ ਨੀ ਲਿਆਂਦੀ ਚੁੰਨੀ"ਬੇਬੇ ਨੇ ਗੁੱਸਾ ਦਿਖਾਉਂਦੀ ਨੇ ਕਿਹਾ।

ਰਮਨੀਤ ਕਹਿੰਦੀ,"ਬੇਬੇ ਸੂਟ ਨਾਲ ਦੀ ਚੁੰਨੀ ਸੋਹਣੀ ਨੀ ਸੀ ਫਿਰ ਅਸੀਂ ਚਿੱਟੀ ਚੁੰਨੀ ਲੈ ਕੇ ਡਾਈ ਕਰਵਾ ਲਈ, ਡਾਈ ਵਾਲੇ ਤੋਂ ਫੜ ਕੇ ਲਿਆਉਣੀ ਭੁੱਲ ਗਏ"

"ਲੈ ਫਿਰ ਮੁੰਡੇ ਦਾ ਗੇੜਾ ਲਵਾਓਗੀਆਂ"

"ਹਾਹਾਹਾ ਬੇਬੇ ਕਿੱਧਰੇ ਨੀ ਘਸਣ ਲੱਗਿਆ ਤੇਰਾ ਮੁੰਡਾ "ਨੂੰਹ ਨੇ ਹੱਸਕੇ ਕਿਹਾ।"ਪਰ ਉਹਨੂੰ ਰੋਟੀ ਦੀ ਬੁਰਕੀ ਤਾਂ ਦੇ ਦਿਓ, ਸਵੇਰ ਦਾ ਭੱਜਿਆ ਹੀ ਫਿਰਦਾ"।

"ਰੋਟੀ ਆ ਕੇ ਖਾ ਲਿਓ, ਜੇ ਉਹ ਆਗੇ ਫਿਰ ਬੈਠਿਆਂ ਤੋਂ ਜਾਣਾ ਔਖਾ ਹੋਜੂ"।

ਰਮਨੀਤ ਦਾ ਪਾਪਾ ਮੋਟਰਸਾਈਕਲ ਦੀ ਚਾਬੀ ਚੱਕਣ ਚਲਾ ਗਿਆ ਤੇ ਉਸਦੀ ਮੰਮੀ ਬੱਚੇ ਦੇ ਕੱਪੜੇ ਬਦਲਣ ਲੱਗ ਗਈ। ਜਦੋਂ ਨੂੰ ਪਾਪਾ ਮੋਟਰਸਾਈਕਲ ਕੋਲ ਗਿਆ ਬੇਬੇ ਖੂੰਡੀ ਦੇ ਸਹਾਰੇ ਤੁਰਦੀ ਲੱਸੀ ਦਾ ਗਲਾਸ ਲੈ ਆਈ,"ਲੈ ਪੁੱਤ ਲੱਸੀ ਪੀ ਲੈ , ਗਰਮੀ ਪੈ ਜੁ ਅੰਦਰ"।

"ਓ ਬੇਬੇ ਤੇਰੀ ਨੂੰਹ ਨੇ ਮੈਨੂੰ ਸਵੇਰੇ ਸਵੇਰੇ ਹੀ ਦੋ ਰੋਟੀਆਂ ਨਾਲ ਲੱਸੀ ਪਿਆ ਦਿੱਤੀ ਸੀ, ਪਤਾ ਸੀ ਉਹਨੂੰ ਫਿਰ ਭੱਜ ਨੱਠ ਚ ਟਾਇਮ ਨੀ ਲੱਗਣਾ, ਚੱਲ ਲਿਆ ਇਹ ਵੀ ਪੀ ਲੈਂਨਾ"।

"ਕੀ ਕਰਾਂ ਪੁੱਤ ਮਾਂ ਆ ਨਾ ਤੇਰੀ, ਢਿੱਡ ਮੱਚਦਾ ਮੇਰਾ ਜਦੋਂ ਧੁੱਪੇ ਬਾਹਰ ਅੰਦਰ ਜਾਨਾਂ"। ਰਮਨੀਤ ਖੜੀ ਦੇਖ ਰਹੀ ਸੀ ਤੇ ਸੋਚ ਰਹੀ ਸੀ। ਮਾਂ ਤਾਂ ਆਖਰ ਮਾਂ ਹੁੰਦੀ ਏ ।

ਰਾਜਦੀਪ ਕੌਰ ਖਾਲਸਾ

## ਕਿਸੇ ਦੇ ਕਿਰਦਾਰ ਬਾਰੇ...!

ਕਿਸੇ ਨੂੰ ਵੇਖ ਕੇ ਉਸਦੀ ਬਾਹਰੀ ਦਿੱਖ ਤੋਂ ਉਸਦਾ ਆਂਕਲਨ ਕਰਨ ਦੀ ਤੁਹਾਨੂੰ ਇਜਾਜ਼ਤ ਨਹੀਂ ਹੈ। ਤੁਸੀਂ ਕੋਈ ਹੱਕ ਨਹੀਂ ਰੱਖਦੇ ਕਿ ਕਿਸੇ ਦੇ ਮੋਟਾਪੇ ਨੂੰ ਵੇਖ ਉਸ ਬਾਰੇ ਕੁਝ ਕਹੋ। ਤੁਹਾਨੂੰ ਕੀ ਪਤਾ ਕਿ ਉਸਦੇ ਮੋਟਾਪੇ ਦੇ ਪਿੱਛੇ ਕੀ ਵਜਹਾ ਹੈ। ਤੁਸੀਂ ਕਿਸੇ ਦੇ ਰੰਗ ਨੂੰ ਵੇਖ ਕੇ ਵੀ ਉਸ ਬਾਰੇ ਕੁਝ ਕਹਿਣ ਦਾ ਹੱਕ ਨਹੀਂ ਰੱਖਦੇ। ਰੰਗ ਰੂਪ ਬੰਦੇ ਦੇ ਆਪਣੇ ਹੱਥ ਵਿੱਚ ਨਹੀਂ ਹੁੰਦਾ। ਕਿਸੇ ਦੇ ਕਿਰਦਾਰ ਬਾਰੇ ਵੀ ਆਂਕਲਨ ਕਰਨਾ ਤੁਹਾਡੀ ਜ਼ਿੰਮੇਵਾਰੀ ਨਹੀਂ। ਤੁਸੀਂ ਨੇਕੀ ਤੇ ਬਦੀ ਦਾ ਸਰਟੀਫਿਕੇਟ ਦੇਣ ਵਾਲੇ ਕੌਣ ਹੋ? ਤੁਹਾਨੂੰ ਇਹ ਹੱਕ ਕਿਸ ਨੇ ਦਿੱਤਾ ਹੈ ਕਿ ਤੁਸੀਂ ਕਿਸੇ ਬਾਰੇ ਬਿਆਨਬਾਜ਼ੀ ਕਰੋ। ਬਿਹਤਰ ਇਹ ਹੈ ਕਿ ਤੁਸੀਂ ਆਪਣੇ ਆਪ ਨੂੰ ਵੇਖੋ ਸਮਝੋ ਤੇ ਆਪਣੇ ਆਪ ਵਿੱਚ ਬਿਹਤਰੀ ਦੀ ਕੋਸ਼ਿਸ਼ ਕਰੋ। ਅਸੀਂ ਹਿੰਦੁਸਤਾਨੀ ਕਿਸੇ ਨੂੰ ਵੇਖ ਕੇ ਕਿਸੇ ਬਾਰੇ ਸੁਣ ਕੇ ਬੜੀ ਛੇਤੀ ਬਿਆਨਬਾਜ਼ੀ ਕਰਨ ਲੱਗ ਜਾਂਦੇ ਹਾਂ। ਦਰਅਸਲ ਅਸੀਂ ਲੋਕ ਭਾਵਨਾਤਮਕ ਤੌਰ ਤੇ ਮੈਚਿਓਰ ਨਹੀਂ ਹਾਂ। ਸਾਨੂੰ ਅਜੇ ਤੱਕ ਇਸ ਗੱਲ ਦੀ ਸਮਝ ਨਹੀਂ ਆਈ ਕਿ ਅਸੀਂ ਦੂਜਿਆਂ ਬਾਰੇ ਕੁਝ ਕਹਿਣ ਦਾ ਕੋਈ ਹੱਕ ਨਹੀਂ ਰੱਖਦੇ। ਜਿਸ ਤਰ੍ਹਾਂ ਅਸੀਂ ਕਿਸੇ ਨਾਲ ਨਸਲੀ ਵਿਤਕਰਾ ਨਹੀਂ ਕਰ ਸਕਦੇ ਇਸੇ ਤਰਹਾਂ ਅਸੀਂ ਕਿਸੇ ਦੀ ਬਣਤਰ ਦੇ ਹਿਸਾਬ ਨਾਲ ਉਸ ਨਾਲ ਕੋਈ ਵਿਤਕਰਾ ਨਹੀਂ ਕਰ ਸਕਦੇ। ਜਿਸ ਬਾਰੇ ਅਸੀਂ ਆਪਣੀ ਰਾਏ ਮਿੰਟਾਂ ਵਿੱਚ ਜੱਗ ਜਾਹਿਰ ਕਰ ਦਿੰਦੇ ਹਾਂ ਕਦੇ ਸੋਚਿਆ ਹੈ ਕਿ ਕੀ ਅਸੀਂ ਉਸਦੀ ਜ਼ਿੰਦਗੀ ਬਾਰੇ ਕੁਝ ਜਾਣਦੇ ਹਾਂ? ਕਿ ਸਾਨੂੰ ਪਤਾ ਹੈ ਕਿ ਉਸ ਤੇ ਕੀ ਝੱਖੜ ਝੁਲਦੇ ਹਨ? ਕਿ ਸਾਨੂੰ ਪਤਾ ਹੈ ਕਿ ਉਸਨੇ ਕਿਸ ਤਰ੍ਹਾਂ ਆਪਣੇ ਆਪ ਨੂੰ ਸੰਭਾਲਿਆ ਹੈ? ਕੋਈ ਬੰਦਾ ਪਤਾ ਨਹੀਂ ਕਿਹੋ ਜਿਹੀਆਂ ਸਮੱਸਿਆਵਾਂ ਵਿੱਚੋਂ ਲੰਘਦਾ ਹੈ। ਕਿਵੇਂ ਆਪਣੇ ਆਪ ਨੂੰ ਪੈਰਾਂ ਸਿਰ ਕਰਦਾ ਹੈ। ਅਸੀਂ ਤਾਂ ਬਸ ਆਪਣੇ ਵੱਲੋਂ ਇੱਕ ਜਜਮੈਂਟ ਦੇ ਕੇ ਆਪਣੇ ਆਪ ਨੂੰ ਚੰਗਾ ਸਾਬਤ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਇਹ ਗਲਤ ਹੈ। ਸਾਨੂੰ ਇਸਦਾ ਕੋਈ ਹੱਕ ਨਹੀਂ। ਹਰਪ੍ਰੀਤ ਸੰਧੂ



## ਤੰਦਰੁਸਤੀ



ਹਰਪ੍ਰੀਤ ਕੌਰ ਸੰਧੂ

ਕਹਿੰਦੇ ਨੇ ਤੰਦਰੁਸਤੀ ਹਜ਼ਾਰ ਨਿਆਮਤ ਹੈ। ਇਹ ਉਦੋਂ ਮਹਿਸੂਸ ਹੁੰਦਾ ਜਦੋਂ ਅਸੀਂ ਬਿਮਾਰ ਹੋਈਏ। ਤੰਦਰੁਸਤ ਬੰਦੇ ਨੂੰ ਤੰਦਰੁਸਤੀ ਦੀ ਕੀਮਤ ਦਾ ਪਤਾ ਨਹੀਂ ਹੁੰਦਾ। ਤੰਦਰੁਸਤੀ ਦੀ ਕੀਮਤ ਉਸ ਬੰਦੇ ਨੂੰ ਪੁੱਛੋ ਜੋ ਵੀਲ ਚੇਅਰ ਤੇ ਬੈਠਾ ਹੈ। ਉਸ ਨੂੰ ਪਤਾ ਹੈ ਕਿ ਇੱਕ ਕਦਮ ਦੀ ਕੀਮਤ ਕੀ ਹੁੰਦੀ ਹੈ। ਕਿਸੇ ਅਧਰੰਗ ਦੇ ਮਰੀਜ਼ ਨੂੰ ਪੁੱਛ ਕੇ ਵੇਖੋ ਤੰਦਰੁਸਤੀ ਕੀ ਹੁੰਦੀ ਹੈ। ਉਸਦੀਆਂ ਅੱਖਾਂ ਪਹਿਲਾਂ ਹੰਝੂ ਭਰਨਗੇ ਫਿਰ ਜਵਾਬ ਦੇਵੇਗਾ। ਜਦੋਂ ਬੰਦਾ ਹੋਵੇ ਲਾਚਾਰ ਹੋਵੇ ਤੁਰ ਫਿਰ ਨਾ ਸਕੇ ਜ਼ਿੰਦਗੀ ਦੀ ਆਸ ਨਾ ਹੋਵੇ ਉਸਨੂੰ ਤੰਦਰੁਸਤੀ ਨਿਆਮਤ ਲੱਗਦੀ ਹੈ। ਜਦੋਂ ਕਦੀ ਕੁਝ ਬੇਸ਼ਕ ਹੋ ਦੰਦ ਹੋਵੇ ਜਾਂ ਕੰਨ ਦੁਨੀਆਂ ਦੀ ਕੋਈ ਵੀ ਸ਼ੈ ਚੰਗੀ ਲੱਗਦੀ। ਪੈਸਾ ਉਸਦੀ ਬੇਮਾਨੀ ਹੋ ਜਾਂਦਾ ਹੈ। ਚੀਨ ਦੇ ਇੱਕ ਕੈਂਸਰ ਹੋ ਗਿਆ। ਚੌਥੀ ਸਟੇਜ ਸੀ ਡਾਕਟਰਾਂ ਨੇ ਜਵਾਬ ਦੇ ਉਸਨੇ ਇੱਕ ਅਟੈਚੀ ਨੋਟਾਂ ਦਾ ਭਰਿਆ ਤੇ ਹਸਪਤਾਲ ਚਲਾ ਗਿਆ। ਡਾਕਟਰਾਂ ਨੂੰ ਕਿਹਾ ਕਿ ਇਹ ਸਭ ਲੈ ਲਓ ਤੇ ਮੈਨੂੰ ਜ਼ਿੰਦਗੀ ਦੇ ਦਿਓ। ਡਾਕਟਰਾਂ ਨੇ ਕਿਹਾ ਅਸੀਂ ਕੁਝ ਨਹੀਂ ਕਰ ਸਕਦੇ। ਉਸ ਬੰਦੇ ਨੇ ਉਹ ਸਾਰੇ ਨੋਟ ਖਲਾਰ ਦਿੱਤੇ ਜ਼ਮੀਨ ਉੱਤੇ। ਉਸਨੂੰ ਇਹ ਸਮਝ ਆਈ ਕਿ ਇਹਨਾਂ ਚੀਜ਼ਾਂ ਦੀ ਕੋਈ ਕੀਮਤ ਨਹੀਂ ਜੇਕਰ ਤੰਦਰੁਸਤੀ ਨਹੀਂ ਹੈ ਤਾਂ। ਆਪਣੀ ਮਾਨਸਿਕ ਤੇ ਸਰੀਰਕ ਸਿਹਤ ਦਾ ਜਰੂਰ ਖਿਆਲ ਰੱਖੋ। ਇਹ ਦੋਵੇਂ ਪਰਮਾਤਮਾ ਦੀਆਂ ਦਿੱਤੀਆਂ ਨਿਆਮਤਾਂ ਹਨ। ਇਹਦੇ ਨਾਲ ਹੀ ਦੁਨੀਆਂ ਹਸੀਨ ਹੈ ਤੇ ਇਹਨਾਂ ਨਾਲ ਹੀ ਜ਼ਿੰਦਗੀ ਜੀਣ ਨੂੰ ਜੀ ਕਰਦਾ ਹੈ। ਤੁਸੀਂ ਤੁਹਾਡੇ ਲਈ ਬਹੁਤ ਅਹਿਮ ਹੋ। ਆਪਣਾ ਬਹੁਤ ਖਿਆਲ ਰੱਖੋ।

ਵਿੱਚ ਬਿਮਾਰ ਫਿਰ ਦੁਖਦਾ ਹੈ ਨਹੀਂ ਅਰਬਪਤੀ ਨੂੰ ਦਿੱਤਾ।

## ਪਿੰਜਰ

ਚੁੱਪ ਚਾਪ ਜਿਹੀ ਹੋ ਰਹਿੰਦੀ ਸੀ।
ਖਵਾਹਿਸ਼ਾਂ ਦਫਨ ਕਰ ਬਹਿੰਦੀ ਸੀ।
ਹਾਮੀ ਭਰਨ ਤੋਂ ਡਰਦੀ ਰਹਿੰਦੀ ਸੀ।
ਨਾ ਉਸ ਦੀਆਂ ਅੱਖਾਂ ਵਿੱਚ ਅੱਥਰੂ,
ਨਾ ਚਿਹਰੇ ਉੱਤੇ ਮੁਸਕਾਨ ਰਹਿੰਦੀ ਸੀ।
ਹਰ ਪਲ ਕੰਮ ਕਰਦੀ ਰਹਿੰਦੀ ਸੀ।
ਜੰਜੀਰਾਂ ਵਿੱਚ ਜਕੜੀ ਰਹਿੰਦੀ ਸੀ।
ਪਿੰਜਰੇ ਵਿੱਚ ਪਿੰਜਰ ਹੋ ਰਹਿੰਦੀ ਸੀ।
ਆਕਾਸ਼ ਵਿੱਚ ਉੱਡਣਾ ਚਾਹੁੰਦੀ ਸੀ।
ਮੋਰ ਵਾਂਗ ਆਪਣੇ ਪੈਰਾਂ ਵੱਲ ਵੇਖ,
ਬਸ ਹਰ ਪਲ ਝੂਰਦੀ ਹੀ ਰਹਿੰਦੀ ਸੀ।
ਹਿੰਮਤ ਆਪਣੀ ਗੁਆ ਬਹਿੰਦੀ ਸੀ।
ਬੇੜੀਆਂ ਸੰਗ ਤੁਰਦੀ ਰਹਿੰਦੀ ਸੀ।
ਪਿੰਜਰੇ ਵਿੱਚ ਪਿੰਜਰ ਹੋ ਰਹਿੰਦੀ ਸੀ।
ਤਾਹਨੇ ਮਿਹਣੇ ਹਰ ਪਲ ਸਹਿੰਦੀ ਸੀ।
ਉਹਨਾਂ ਸੰਗ ਹੀ ਤੁਰਦੀ ਰਹਿੰਦੀ ਸੀ।
ਜਿਉਣ ਦੀ ਆਸ ਛੱਡ ਬਹਿੰਦੀ ਸੀ।
ਅਰਮਾਨਾਂ ਦਾ ਗਲਾ ਘੁੱਟ ਲੈਂਦੀ ਸੀ।
ਅਹਿਸਾਸਾਂ ਜਜ਼ਬਾਤਾਂ ਨੂੰ ਦਫਨ ਕਰ,
ਪਿੰਜਰੇ ਵਿੱਚ ਪਿੰਜਰ ਹੋ ਰਹਿੰਦੀ ਸੀ।

ਪਰਮਬੀਰ ਕੌਰ ਰਿਆੜ

## ਸ਼ਹਿਰ ਦੇ ਤੇਜ਼ ਤਰਾਰ ਬੱਚਿਆਂ ਦੀ ਚਮਕ 'ਚ ਓਹਦੀ ਸਾਦਗੀ...

ਪਿੰਡੋਂ ਆਈ ਰਾਜਦੀਪ ਨੂੰ ਸ਼ਹਿਰ ਦੇ ਇਕ ਪ੍ਰਸਿੱਧ ਸਕੂਲ ਵਿੱਚ ਦਾਖ਼ਲਾ ਮਿਲ ਗਿਆ। ਅਕਲ ਦੀ ਤੇਜ਼ ਸੀ, ਪਰ ਸ਼ਹਿਰ ਦੇ ਤੇਜ਼ ਤਰਾਰ ਬੱਚਿਆਂ ਦੀ ਚਮਕ ਵਿੱਚ ਓਹਦੀ ਸਾਦਗੀ ਕਦੇ-ਕਦੇ ਗੁੰਮ ਹੋ ਜਾਂਦੀ। ਸਕੂਲ ਦੇ ਗੇਟ 'ਤੇ ਜਦੋਂ ਜਨਤਕ ਪੋਸਟਰ ਲਗਦੇ, ਉਨ੍ਹਾਂ 'ਚ ਹਮੇਸ਼ਾ ਟੌਪਰਾਂ ਦੀਆਂ ਤਸਵੀਰਾਂ ਹੁੰਦੀਆਂ। ਸਾਲ ਦੇ ਅਖੀਰ ਵਿੱਚ ਜਦੋਂ ਰਿਜਲਟ ਆਇਆ, ਰਿਤੂ ਨੇ ਫਿਰ ਪਹਿਲਾ ਸਥਾਨ ਹਾਸਲ ਕੀਤਾ। ਸਕੂਲ ਦੀ ਡਾਇਰੀ 'ਚ ਉਸ ਦੀ ਤਸਵੀਰ ਸੀ, ਕੈਲੰਡਰ 'ਤੇ ਵੀ। ਅਧਿਆਪਕ ਉਸ ਦੀ ਮਿਸਾਲ ਦਿੰਦੇ ਤੇ ਕਹਿੰਦੇ, "ਜੇ ਰਿਤੂ ਵਰਗੇ ਹੋ ਜਾਵੋਗੇ, ਤਾਂ ਤੁਹਾਨੂੰ ਵੀ ਪੋਸਟਰ 'ਚ ਜਗ੍ਹਾ ਮਿਲੂਗੀ।" ਪਰ ਰਾਜਦੀਪ...? ਰਾਜਦੀਪ ਨੇ ਵੀ ਸਾਲ ਭਰ ਪੂਰੀ ਕੋਸ਼ਿਸ਼ ਕੀਤੀ ਸੀ, ਪਰ ਉਸਦੇ 70% ਨੰਬਰ ਹੀ ਆਏ। ਨਾ ਕੋਈ ਤਸਵੀਰ, ਨਾ ਕੋਈ ਤਾਰੀਫ਼। ਘਰ ਜਾ ਕੇ ਚੁੱਪ ਕਰ ਗਈ । ਮਾਂ ਨੇ ਪੁੱਛਿਆ, "ਕੀ ਹੋਇਆ ਪੁੱਤ?" ਉਸ ਦੀਆਂ ਅੱਖਾਂ ਪਾਣੀ ਨਾਲ ਭਰੀਆਂ ਹੋਈਆਂ ਸਨ। "ਮਾਂ, ਕੀ ਮੈਂ ਬੁਰੀ ਹਾਂ? ਮੇਰੇ ਨੰਬਰ ਚੰਗੇ ਨਹੀਂ ਆਏ, ਕੋਈ ਮੇਰੀ ਗੱਲ ਨਹੀਂ ਕਰਦਾ।" ਮਾਂ ਨੇ ਰਾਜਦੀਪ ਨੂੰ ਛਾਤੀ ਨਾਲ ਲਾ ਕੇ ਕਿਹਾ, "ਨੰਬਰ ਕਦੇ ਵੀ ਤੇਰੀ ਕਾਬਲੀਅਤ ਦਾ ਅੰਦਾਜ਼ਾ ਨਹੀਂ ਦੇ ਸਕਦੇ।" ਇੱਕ ਹਫ਼ਤੇ ਬਾਅਦ ਖ਼ਬਰ ਆਈ - ਅੰਜਲੀ, ਜੋ ਰਾਜਦੀਪ ਨਾਲ ਹੀ ਪੜ੍ਹਦੀ ਸੀ, ਨੇ ਆਪਣੇ ਘਰ ਵਿੱਚ ਖ਼ੁਦਕੁਸ਼ੀ ਕਰ ਲਈ। ਨੋਟ ਚ ਰਹਿ ਗਿਆ - "ਮੈਂ ਵੀ ਰਿਤੂ ਵਰਗੀ ਬਣਨਾ ਚਾਹੁੰਦੀ ਸੀ, ਪਰ ਮੇਰੇ ਕਦੇ ਨੰਬਰ ਨਹੀਂ ਆਉਂਦੇ, ਮਾਂ ਬਾਪ ਵੀ ਰੋਜ਼ ਤਾਅਨੇ ਦਿੰਦੇ ਨੇ , ਮੈਂ ਹੁਣ ਥੱਕ ਚੁੱਕੀ ਹਾਂ , ਸਕੂਲ ਬਾਹਰ ਲੱਗੇ ਵੱਡੇ ਵੱਡੇ ਟੋਪਰਾਂ ਦੇ ਪੋਸਟਰ ਮੈਨੂੰ ਚੰਗੇ ਨਹੀਂ ਲੱਗਦੇ , ਕਦੇ ਕਦੇ ਦਿਲ ਕਰਦਾ ਸੀ ਉਹਨਾਂ ਨੂੰ ਅੱਗ ਲਾ ਦਿਆਂ, ਟੋਪਰਾਂ ਨੂੰ ਜੋ ਪਿਆਰ ਮਿਲਦਾ ਹੈ ਉਹ ਕਦੇ ਮੇਰੇ ਹਿੱਸੇ ਨਹੀਂ ਆਇਆ , ਚਾਹੇ ਸਕੂਲ ਹੋਵੇ ਜਾਂ ਘਰ । ਮੈਨੂੰ ਕਦੇ ਕਿਸੇ ਨੇ ਪੁੱਛਿਆ ਹੀ ਨਹੀਂ ਕਿ ਤੇਰਾ ਸ਼ੌਂਕ ਕੀ ਹੈ , ਤੈਨੂੰ ਕੀ ਪਸੰਦ ਹੈ । ਸਾਰਿਆਂ ਨੂੰ ਬੱਸ ਪਰਸੈਂਟੇਜ ਚਾਹੀਦੀ ਸੀ । ਮੈਂ ਇਸ ਸਿਸਟਮ ਤੋਂ ਤੰਗ ਆ ਚੁੱਕੀ ਆ । ਇੰਝ ਲੱਗਦਾ ਜਿਵੇਂ ਸਕੂਲ ਚ ਸਿੱਖਿਆ ਲੈਣ ਦੀ ਬਜਾਏ ਅਸੀਂ ਇੱਕ ਰੇਸ ਲਗਾਉਣ ਜਾ ਰਹੇ ਆ , ਕਦੇ ਆਪਣੇ ਨਾਲ , ਕਦੇ ਸਾਥੀ ਵਿਦਿਆਰਥੀਆਂ ਨਾਲ , ਜੋ ਅੱਗੇ ਲੰਘ ਜਾਂਦਾ ਉਸਨੂੰ ਸਾਰੇ ਪਿਆਰ ਕਰਦੇ ਆ ਤੇ ਮੇਰੇ ਵਰਗੇ ਜੋ ਪਿੱਛੇ ਰਹਿ ਜਾਂਦੇ ਆ ਉਹਨਾਂ ਨੂੰ ਕੋਈ ਨਹੀਂ ਪੁੱਛਦਾ , ਬੇਸ਼ੱਕ ਅਸੀਂ ਕਿੰਨੀ ਹੀ ਜੀ ਜਾਨ ਨਾਲ ਮੇਹਨਤ ਕੀਤੀ ਹੋਵੇ । ਇੰਝ ਲੱਗਦਾ ਕਿ ਉਹਨਾਂ ਸਾਰਿਆਂ ਨੇ ਸਾਡੇ ਹਾਰਨ ਵਾਲਿਆਂ ਤੇ ਪੈਸੇ ਲਗਾਏ ਸੀ ਜੋ ਡੁੱਬ ਗਏ । ਕਾਸ਼ ਜੇ ਮੈਂ ਅਗਲੀ ਵਾਰ ਜਨਮ ਲਵਾਂ ਤਾਂ ਸਕੂਲ ਦਾ ਸਿਸਟਮ ਬਦਲ ਗਿਆ ਹੋਵੇ । ਇਸ ਨੋਟ ਨੇ ਜਿਵੇਂ ਇੱਕ ਕ੍ਰਾਂਤੀ ਲੈ ਆਂਦੀ ਹੋਵੇ , ਸਾਰੇ ਅਖਬਾਰ , ਸੋਸ਼ਲ ਮੀਡਿਆ , ਟੀਵੀ , ਗਲੀਆਂ ਮੁਹੱਲਿਆਂ , ਘਰਾਂ ਚ , ਫੋਨ ਤੇ ਸਭ ਬਸ ਇਸ ਬਾਰੇ ਹੀ ਗੱਲ ਕਰ ਰਹੇ ਸਨ । ਸਕੂਲ ਨੂੰ ਵੀ ਇੱਕ ਸਬਕ ਮਿਲਿਆ। ਅਗਲੇ ਸਾਲ, ਸਕੂਲ ਕੈਲੰਡਰ 'ਚ ਸਿਰਫ਼ ਟੌਪਰਾਂ ਦੀਆਂ ਹੀ ਨਹੀਂ, ਹਰ ਵਿਭਾਗ - ਖੇਡਾਂ, ਕਲਾ, ਸਾਫ਼ ਸਫ਼ਾਈ, ਦੋਸਤਦਾਰੀ, ਨੈਤਿਕਤਾ - ਦੇ ਬੱਚਿਆਂ ਦੀਆਂ ਤਸਵੀਰਾਂ ਸੀ। ਕੈਲੰਡਰ ਦੇ ਬਾਹਰ ਵੱਡੇ ਵੱਡੇ ਅੱਖਰਾਂ ਚ ਇੱਕ ਲਾਈਨ ਲਿਖੀ ਸੀ - "ਸਫਲਤਾ ਸਿਰਫ਼ ਨੰਬਰਾਂ ਦੀ ਮੁਹਤਾਜ਼ ਨਹੀਂ, ਹਰ ਬੱਚਾ ਖਾਸ ਹੈ, ਹਰ ਬੱਚਾ ਟੋਪਰ ਹੈ । ਆਸ ਕਰਦਾ ਕਹਾਣੀ ਪਸੰਦ ਆਈ ਹੋਵੇਗੀ , ਲਾਇਕ ਅਤੇ ਕੰਮੈਂਟ ਜਰੂਰ ਕਰਿਓ।

## ਭਾਰਤ-ਪਾਕਿ ਮੈਚ

# ਆਓ ਖੇਡਾਂ ਨੂੰ ਖੇਡ ਭਾਵਨਾ ਨਾਲ ਹੀ ਖੇਡੀਏ



ਪ੍ਰਿੰ. ਸਰਵਣ ਸਿੰਘ

ਭਾਰਤ ਤੇ ਪਾਕਿਸਤਾਨ 1947 ਤੋਂ ਪਹਿਲਾਂ ਇਕੋ ਮੁਲਕ 'ਇੰਡੀਆ' ਸੀ। ਉਹਦੀਆਂ ਹਾਕੀ ਟੀਮਾਂ ਓਲੰਪਿਕ ਖੇਡਾਂ ਦੇ ਗੋਲਡ ਮੈਡਲ ਜਿੱਤਣ ਲੱਗ ਪਈਆਂ ਸਨ। ਇੰਡੀਆ ਦੇ ਇਕ ਤੋਂ ਦੋ ਤੇ ਫਿਰ ਦੋ ਤੋਂ ਤਿੰਨ ਮੁਲਕ ਬਣਨ ਪਿੱਛੋਂ ਉਨ੍ਹਾਂ ਦੀਆਂ ਟੀਮਾਂ ਇਕ ਦੂਜੇ ਨਾਲ ਖੇਡਦੀਆਂ ਆ ਰਹੀਆਂ ਹਨ। ਕਦੇ ਕੋਈ ਟੀਮ ਜਿੱਤ ਜਾਂਦੀ ਹੈ, ਕਦੇ ਕੋਈ। ਖਿਡਾਰੀਆਂ ਦੇ ਹੱਥ ਹਮੇਸ਼ਾਂ ਮਿਲਦੇ ਆ ਰਹੇ ਸਨ। ਇਹੋ ਖੇਡਾਂ ਦੀ ਸੁਭ ਭਾਵਨਾ ਹੈ ਤੇ ਇਹੋ ਖੇਡਾਂ ਦਾ ਧਰਮ। ਪਰ ਹੁਣ ਮੈਚ ਤੋਂ ਪਹਿਲਾਂ ਤੇ ਮੈਚ ਤੋਂ ਪਿੱਛੋਂ ਖਿਡਾਰੀਆਂ ਵੱਲੋਂ ਹੱਥ ਨਾ ਮਿਲਾਉਣ ਦੀ ਜਿਹੜੀ ਸੌੜੀ ਸਿਆਸਤ ਖੇਡੀ ਜਾ ਰਹੀ ਹੈ ਉਹ ਖੇਡ ਭਾਵਨਾ ਦੇ ਅਨੁਕੂਲ ਨਹੀਂ। ਖੇਡਾਂ ਸਦਭਾਵਨਾ ਵਧਾਉਣ ਲਈ ਹੁੰਦੀਆਂ ਹਨ ਨਾ ਕਿ ਦੁਰਭਾਵਨਾ। ਖੇਡ ਮੁਕਾਬਲਿਆਂ ਨੂੰ ਲੜਾਈਆਂ ਭਿੜਾਈਆ ਦਾ ਬਦਲ ਮੰਨਿਆ ਜਾਂਦਾ ਹੈ। ਪੁਰਾਤਨ ਓਲੰਪਿਕ ਖੇਡਾਂ ਸਮੇਂ ਓਨਾ ਚਿਰ ਲੜਾਈਆਂ ਰੋਕ ਦਿੱਤੀਆਂ ਜਾਂਦੀਆਂ ਸਨ ਜਿੰਨਾ ਚਿਰ ਖੇਡ ਮੁਕਾਬਲੇ ਚਲਦੇ ਸਨ। ਖੇਡਾਂ ਦਾ ਮਾਟੋ ਹੀ ਹੈ ਖਿਡਾਰੀਆਂ ਤੇ ਦਰਸ਼ਕਾਂ ਨੂੰ ਇਕ ਦੂਜੇ ਦੇ ਨੇੜੇ ਲਿਆਉਣਾ ਤੇ ਆਪਸੀ ਮਿਲਵਰਤਣ ਵਧਾਉਣਾ। ਪਰ ਸੌੜੀ ਸੋਚ ਵਾਲੇ ਸਿਆਸਤਦਾਨ ਹੁਣ ਆਪਣੇ ਸਿਆਸੀ ਲਾਭਾਂ ਲਈ ਸਿਹਤਮੰਦ ਖੇਡਾਂ ਦੀ ਵੀ ਦੁਰਵਰਤੋਂ ਕਰਨ ਲੱਗ ਪਏ ਹਨ। ਭਾਰਤ-ਪਾਕਿ ਸੰਬੰਧ ਕਦੇ ਚੰਗੇ ਤੇ ਕਦੇ ਮਾੜੇ ਬਣਾ ਕੇ ਕੁਝ ਸਿਆਸਤਦਾਨ ਆਪਣਾ ਵੋਟ ਬੈਂਕ ਵਧਾਉਣ ਦੀਆਂ ਚਾਲਾਂ ਚੱਲ ਰਹੇ ਹਨ। ਆਮ ਲੋਕ ਇਹ ਪੜ੍ਹਦੇ ਸੁਣਦੇ ਅੱਕੇ ਪਏ ਹਨ ਕਿ ਭਾਰਤੀ ਖਿਡਾਰੀ ਪਾਕਿਸਤਾਨੀ ਖਿਡਾਰੀਆਂ ਨਾਲ ਖੇਡ ਤਾਂ ਲੈਣਗੇ ਪਰ ਉਹਨਾਂ ਨਾਲ ਹੱਥ ਨਹੀਂ ਮਿਲਾਉਣਗੇ। ਜੇ ਜਿੱਤ ਜਾਣ ਤਾਂ ਉਨ੍ਹਾਂ ਦੇ ਮੁੱਖ ਮਹਿਮਾਨ ਤੋਂ ਟਰਾਫੀ ਵੀ ਨਹੀਂ ਲੈਣਗੇ। ਪਿੱਛੋਂ ਭਾਵੇਂ ਲੇਲੜੀਆਂ ਕੱਢਦੇ ਫਿਰਨ ਕਿ ਜਿੱਤੀ ਟਰਾਫੀ ਉਨ੍ਹਾਂ ਨੂੰ ਕਿਉਂ ਨਹੀਂ ਮਿਲੀ? ਕੈਸੀ ਬਚਗਾਨਾ ਸਿਆਸਤ ਹੈ? ਇਹ ਦੋਗਲਾ ਰੋਲ ਨਹੀਂ ਤਾਂ ਹੋਰ ਕੀ ਹੈ?

ਖੇਡਾਂ 'ਚ ਰੋਂਦ ਮਾਰਨ ਵਾਲਿਆਂ ਬਾਰੇ ਅਖਾਣ ਹੈ ਅਖੇ ਨਾ ਖੇਡਣਾ, ਨਾ ਖੇਡਣ ਦੇਣਾ, ਬੱਸ ਖੁੱਤੀ 'ਚ...। ਇਨ੍ਹਾਂ ਭੱਦਰ ਪੁਰਸ਼ਾਂ ਦੀ ਕੂਟਨੀਤੀ ਵੇਖ ਲਓ ਕਿ ਖੇਡੀ ਵੀ ਜਾਣਾ ਪਰ ਖੁੱਤੀ 'ਚ ਜ਼ਰੂਰ...। ਕੀ ਕਹੀਏ ਨੂੰ ਅਜਿਹੇ ਚੱਕਵੇਂ ਚੁੱਲ੍ਹਿਆਂ ਨੂੰ? ਖਿਡਾਰੀ ਤਾਂ ਵਿਚਾਰੇ ਜ਼ਾਬਤੇ ਦੇ ਬੰਨ੍ਹੇ ਹੁੰਦੇ ਹਨ। ਜਿਵੇਂ ਹੁਕਮ ਆਵੇ ਉਵੇਂ ਵਜਾਉਣਾ ਹੀ ਪੈਂਦਾ। ਓਲੰਪਿਕ ਚਾਰਟਰ ਵਿਚ ਵੀ ਖੇਡ ਭਾਵਨਾ ਬਾਰੇ ਸਾਫ ਲਿਖਿਆ ਹੋਇਐ ਕਿ ਖੇਡਾਂ ਦਾ ਮਾਟੋ ਦੋਸਤੀ ਹੈ ਨਾ ਕਿ ਦੁਸ਼ਮਣੀ। ਭਾਰਤ, ਏਸ਼ਿਆਈ ਖੇਡਾਂ ਕਰਾਉਣ ਵਾਲਾ ਮੋਢੀ ਮੁਲਕ ਹੈ। 1951 ਵਿਚ ਪਹਿਲੀਆਂ ਏਸ਼ਿਆਈ ਖੇਡਾਂ ਨਵੀਂ ਦਿੱਲੀ ਤੋਂ ਸ਼ੁਰੂ ਹੋਈਆਂ ਸਨ। ਉਨ੍ਹਾਂ ਖੇਡਾਂ ਦੇ ਉਦਘਾਟਨ ਸਮੇਂ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਨੇ ਨਾਅਰਾ ਦਿੱਤਾ ਸੀ: ਖੇਡਾਂ ਨੂੰ ਖੇਡ ਭਾਵਨਾ ਨਾਲ ਖੇਡੋ। ਉਹ ਨਾਅਰਾ ਉਦੋਂ ਤੋਂ ਹੀ ਏਸ਼ਿਆਈ ਦਾ ਅੰਗ ਬਣਿਆ ਆ ਰਿਹੈ। ਮੈਂ ਖੇਡਾਂ ਖਿਡਾਰੀਆਂ ਬਾਰੇ 1965 ਤੋਂ ਲਿਖਦਾ ਆ ਰਿਹਾਂ। ਦੇਸ਼ ਪ੍ਰਦੇਸ਼ 'ਚ ਕਬੱਡੀ ਮੈਚਾਂ ਦੀ ਕੁਮੈਂਟਰੀ ਵੀ ਕਰਦਾ ਰਿਹਾਂ। ਅਕਸਰ ਆਖਦਾ ਰਿਹਾਂ ਕਿ ਖਿਡਾਰੀ ਇਕੋ ਬਾਲਟੀ 'ਚੋਂ ਇਕੋ ਗਲਾਸ ਨਾਲ ਪਾਣੀ ਪੀ ਲੈਂਦੇ ਹਨ ਤੇ ਕੋਈ ਭੇਦ ਭਾਵ ਨਹੀਂ ਰੱਖਦੇ। ਜਿਹੜਾ ਉਨ੍ਹਾਂ ਵਿਚਕਾਰ ਭੇਦ ਭਾਵ ਪੈਦਾ ਕਰਦਾ ਹੈ ਉਸ ਨੂੰ ਖਿਡਾਰੀਆਂ ਦਾ ਸ਼ੁਭਚਿੰਤਕ ਨਹੀਂ ਕਿਹਾ ਜਾ ਸਕਦਾ। ਇਹਨੀਂ ਦਿਨੀਂ ਹੋਏ ਭਾਰਤ-ਪਾਕਿ ਕ੍ਰਿਕਟ ਮੈਚਾਂ ਦੇ ਅੱਗੋਂ ਪਿੱਛੋਂ ਭਾਰਤੀ ਖਿਡਾਰੀਆਂ ਨੂੰ ਪਾਕਿਸਤਾਨੀ ਖਿਡਾਰੀਆਂ ਨਾਲ ਹੱਥ ਨਾ ਮਿਲਾਉਣ ਦੇਣਾ ਖੇਡ ਭਾਵਨਾ ਨਾਲ ਖੇਡਣ ਵਾਲਾ ਵਿਹਾਰ ਨਹੀਂ। ਖਿਡਾਰੀਆਂ ਤੇ ਕਲਾਕਾਰਾਂ ਨੂੰ ਅਮਨ ਦੇ ਦੂਤ ਬਣਾਉਣਾ ਚਾਹੀਦਾ ਹੈ ਨਾ ਕਿ ਭਾਰਤ-ਪਾਕਿ ਸੰਬੰਧਾਂ ਦੇ ਦੋਖੀ।

ਪੁਰਾਤਨ ਓਲੰਪਿਕ ਖੇਡਾਂ 776 ਪੂ: ਈ: ਤੋਂ 392 ਈ: ਤੱਕ ਹਰ ਚਾਰ ਸਾਲਾਂ ਬਾਅਦ ਹੁੰਦੀਆਂ ਰਹੀਆਂ। ਖੇਡਾਂ ਦੌਰਾਨ ਲੜਾਈਆਂ ਬੰਦ ਹੋ ਜਾਂਦੀਆਂ। ਰੋਮ ਦੇ ਸ਼ਹਿਨਸ਼ਾਹ ਥਿਓਡਾਸੀਅਸ ਪਹਿਲੇ ਨੇ 393 ਈ: ਵਿਚ ਓਲਿੰਪੀਆ ਦੇ ਮੰਦਰਾਂ 'ਚ ਆਉਣ ਜਾਣ 'ਤੇ ਪਾਬੰਦੀ ਲਗਾ ਦਿੱਤੀ ਸੀ ਤੇ ਥਿਓਡਾਸੀਅਸ ਦੂਜੇ ਨੇ 426 ਈ: ਵਿਚ ਮੰਦਰਾਂ ਨੂੰ ਅੱਗ ਲੁਆ ਦਿੱਤੀ। ਇਸ ਉਪੱਧਰ ਉਤੇ ਕੁਦਰਤ ਵੀ ਕਹਿਰਵਾਨ ਹੋ ਗਈ। ਦੋ ਸਦੀਆਂ ਪਿੱਛੋਂ ਓਲਿੰਪੀਆ ਦੀ ਵਾਦੀ ਵਿਚ ਭੁਚਾਲ ਆਇਆ ਜਿਸ ਨਾਲ ਖੇਡਦੀ- ਮੱਲ੍ਹਦੀ ਨਗਰੀ ਥੇਹ ਬਣ ਗਈ। ਮੰਦ-ਮੰਦ ਵਹਿੰਦੀ ਕਲਾਦੀਅਸ ਨਦੀ ਐਲਥੀਅਸ ਨਦੀ ਵਿਚ ਜਾ ਮਿਲੀ ਤੇ ਓਲਿੰਪੀਆ ਦਾ ਸਾਰਾ ਰੌਣਕ-ਮੇਲਾ ਉਹਦੀ ਕੁੱਖ ਵਿਚ ਸਮਾ ਗਿਆ। ਫਿਰ ਪੰਦਰਾਂ ਸੌ ਸਾਲ ਕਿਸੇ ਨੇ ਵੀ ਓਲਿੰਪੀਆ ਦੀ ਸਾਰ ਨਾ ਲਈ। 1875 ਤੋਂ 1881 ਤਕ ਕੀਤੀ ਖੁਦਾਈ ਨੇ ਓਲਿੰਪੀਆ ਦੇ ਖੰਡਰ ਲੱਭ ਲਏ। 25 ਨਵੰਬਰ 1892 ਨੂੰ ਫਰਾਂਸ ਦੇ ਸ਼ਹਿਰ ਸੋਰਬੋਨ ਵਿਖੇ ਪੀਅਰੇ ਦਿ ਕੂਬਰਤਿਨ ਨੇ ਓਲੰਪਿਕ ਖੇਡਾਂ ਦੀ ਪੁਨਰ ਸੁਰਜੀਤੀ ਦੇ ਵਿਸ਼ੇ 'ਤੇ ਵਿਸ਼ੇਸ਼ ਭਾਸ਼ਨ ਦਿੱਤਾ। ਜੂਨ 1994 ਵਿਚ ਪੈਰਿਸ ਵਿਖੇ ਖੇਡ ਪ੍ਰੇਮੀਆਂ ਦੀ ਕੌਮਾਂਤਰੀ ਮੀਟਿੰਗ ਸੱਦੀ ਗਈ ਜਿਸ ਵਿਚ 12 ਦੇਸ਼ਾਂ ਦੇ 79 ਡੈਲੀਗੇਟ ਤੇ 49 ਖੇਡ ਸਭਾਵਾਂ ਦੇ ਨੁਮਾਇੰਦੇ ਸ਼ਾਮਲ ਹੋਏ। ਉਥੇ ਅੰਤਰਰਾਸ਼ਟਰੀ ਓਲੰਪਿਕ ਕਮੇਟੀ ਬਣਾ ਕੇ ਪਹਿਲੀਆਂ ਆਧੁਨਿਕ ਓਲੰਪਿਕ ਖੇਡਾਂ 1900 ਈ: ਵਿਚ ਪੈਰਿਸ ਵਿਖੇ ਕਰਾਉਣ ਦਾ ਪ੍ਰੋਗਰਾਮ ਬਣਿਆ।

ਜਦੋਂ ਕੂਬਰਤਿਨ ਪੁਰਾਤਨ ਓਲੰਪਿਕ ਖੇਡਾਂ ਦੇ ਦੇਸ਼ ਯੂਨਾਨ ਦੇ ਦੌਰੇ 'ਤੇ ਗਿਆ ਤਾਂ ਏਥਨਜ਼ ਵਾਸੀਆਂ ਨੇ ਕਿਹਾ ਕਿ ਓਲੰਪਿਕ ਖੇਡਾਂ ਏਥਨਜ਼ ਤੋਂ ਹੀ ਪੁਨਰ ਸੁਰਜੀਤ ਹੋਣੀਆਂ ਚਾਹੀਦੀਆਂ ਹਨ। ਫਿਰ ਫੈਸਲਾ ਹੋਇਆ ਕਿ ਨਵੀਆਂ ਓਲੰਪਿਕ ਖੇਡਾਂ 1896 ਵਿਚ ਏਥਨਜ਼ ਵਿਖੇ ਹੋਣਗੀਆਂ। ਇੰਜ ਪਹਿਲੀਆਂ ਮਾਡਰਨ ਓਲੰਪਿਕ ਖੇਡਾਂ ਜੋ ਇਤਿਹਾਸਕ ਤੌਰ ਤੇ ਖੋਜੀਆਂ 294ਵੀਆਂ ਖੇਡਾਂ ਸਨ, 1500 ਸਾਲਾਂ ਦੇ ਅਰਸੇ ਬਾਅਦ ਮੁੜ ਜੀਵਤ ਹੋਈਆਂ। ਪਹਿਲੀਆਂ ਆਧੁਨਿਕ ਓਲੰਪਿਕ ਖੇਡਾਂ ਯੂਨਾਨ ਦੀ ਰਾਜਧਾਨੀ ਏਥਨਜ਼ ਵਿਖੇ 1896 ਵਿਚ 6 ਅਪ੍ਰੈਲ ਤੋਂ 15 ਅਪ੍ਰੈਲ ਤੱਕ ਚੱਲੀਆਂ। ਉਥੇ 9 ਖੇਡਾਂ ਦੇ 43 ਈਵੈਂਟਾਂ ਵਿਚ 14 ਮੁਲਕਾਂ ਦੇ 200 ਖਿਡਾਰੀਆਂ ਨੇ ਭਾਗ ਲਿਆ ਜਿਨ੍ਹਾਂ ਵਿਚ ਔਰਤ ਕੋਈ ਨਹੀਂ ਸੀ। ਹੁਣ ਤਾਂ ਦੋ ਸੌ ਤੋਂ ਵੀ ਵੱਧ ਮੁਲਕ ਓਲੰਪਿਕ ਖੇਡਾਂ 'ਚ ਭਾਗ ਲੈਂਦੇ ਹਨ। ਭਾਰਤ ਦੀ ਬਦਬਖ਼ਤੀ ਹੈ ਕਿ ਖੇਡਾਂ ਦੀ ਚੌਧਰ ਵੀ ਵਧੇਰੇ ਕਰ ਕੇ ਸਿਆਸਤਦਾਨਾਂ ਦੇ ਹੀ ਹੱਥ ਹੈ ਜਾਂ ਉਨ੍ਹਾਂ ਦੇ ਪਲੋਸੇ ਅਫਸਰਾਂ ਦੇ ਹੱਥ। ਸਭ ਜਾਣਦੇ ਹਨ ਕਿ ਸਿਆਸੀ ਆਗੂਆਂ ਤੇ ਬਿਊਰੋਕਰੇਸੀ ਕੋਲ ਖੇਡਾਂ ਬਾਰੇ ਨੇੜਲਾ ਗਿਆਨ ਤੇ ਹੱਡੀਂ ਹੰਢਾਇਆ ਅਨੁਭਵ ਨਹੀਂ ਹੁੰਦਾ। ਖੇਡ ਭਾਵਨਾ ਦੀ ਥਾਂ ਉਨ੍ਹਾਂ ਕੋਲ ਸਿਆਸੀ ਸ਼ਕਤੀ ਹੁੰਦੀ ਹੈ ਜਿਸ ਦੀ ਉਹ ਖੇਡਾਂ ਦੇ ਖੇਤਰ ਵਿਚ ਵੀ ਦੁਰਵਰਤੋਂ ਕਰਨੋ ਨਹੀਂ ਟਲਦੇ। ਉਨ੍ਹਾਂ ਨੂੰ ਖੇਡਾਂ ਤੇ ਖਿਡਾਰੀਆਂ ਦਾ ਫ਼ਿਕਰ ਨਹੀਂ ਹੁੰਦਾ। ਖੇਡਾਂ ਰਾਹੀਂ ਬੱਸ ਆਪਣੀ ਸਿਆਸਤ ਚਮਕਾਉਣ ਦਾ ਹੀ ਫ਼ਿਕਰ ਹੁੰਦੈ! ਖੇਡਾਂ ਨਾਲ ਸਿਹਤ ਬਣਾਉਣ ਤੇ ਸਿਹਤਮੰਦ ਮਨੋਰੰਜਨ ਕਰਨ ਦੀ ਥਾਂ ਉਹ ਆਪਣਾ ਵੋਟ ਬੈਂਕ ਵਧਾਉਣ 'ਚ ਲੱਗੇ ਰਹਿੰਦੇ ਹਨ। ਨਿਗ੍ਹਾ ਖੇਡਾਂ ਉਤੇ ਨਹੀਂ ਵੋਟ ਬੈਂਕ ਉਤੇ ਹੁੰਦੀ ਹੈ। ਆਪਣਾ ਸਿਆਸੀ ਹਿੱਤ ਪਾਲਦਿਆਂ ਖਿਡਾਰੀ ਤੇ ਖੇਡ ਮਾਹਿਰ ਅਕਸਰ ਖੂੰਜੇ ਲਾਏ ਹੁੰਦੇ ਹਨ। 2010 ਵਿਚ ਕਾਮਨਵੈਲਥ ਖੇਡਾਂ ਦੀ ਮਸ਼ਾਲ ਵਾਹਗਾ ਬਾਰਡਰ 'ਤੇ ਪਹੁੰਚਣ ਵੇਲੇ ਪੱਤਰਕਾਰ ਜਤਿੰਦਰ ਪੰਨੂ ਨੇ ਵਿਅੰਗਮਈ ਕਾਵਿ ਬੰਦ ਲਿਖਿਆ ਸੀ:

-ਕਾਮਨਵੈਲਥ ਦੀ ਜਦੋਂ ਮਸ਼ਾਲ ਪਹੁੰਚੀ,
ਵਾਹਗੇ ਬਾਡਰ 'ਤੇ ਗੇਟ ਬਣਾਏ ਹੈ ਸੀ।
ਸ਼ੀਲਾ ਦੀਖਸ਼ਤ ਵੀ ਦਿੱਲੀ ਤੋਂ ਚੱਲ ਆਈ,
ਚੰਡੀਗੜ੍ਹ ਤੋਂ ਬਾਦਲ ਜੀ ਆਏ ਹੈ ਸੀ।
ਕਿੱਦਾਂ ਪਿੱਛੇ ਕਲਮਾਦੀ ਵੀ ਰਹਿ ਜਾਂਦਾ,
ਟੀਵੀ ਕੈਮਰੇ ਜੀਹਨੇ ਲਗਵਾਏ ਹੈ ਸੀ ਵਾਰੀ ਵਾਰੀ ਮਸ਼ਾਲ ਨੂੰ ਹੱਥ ਲਾ ਕੇ,
ਫੋਟੋ ਉਹਨਾਂ ਨੇ ਖੂਬ ਖਿਚਵਾਏ ਹੈ ਸੀ
ਸੱਦੇ ਹੋਏ ਖਿਡਾਰੀ ਸਨ ਖੜ੍ਹੇ ਪਿੱਛੇ,
ਧਾੜ ਲੀਡਰਾਂ ਦੀ ਅੱਗੇ ਲਾਈ ਹੈ ਸੀ
ਪੌਣ ਉੱਚੀ ਸੀ ਸਿਆਸੀ ਲੀਡਰਾਂ ਦੀ,
ਨੀਵੀਂ ਓਥੇ ਖਿਡਾਰੀਆਂ ਪਾਈ ਹੈ ਸੀ!

# ਆਸਟ੍ਰੇਲੀਆਈ ਬੱਲੇਬਾਜ਼ ਹਰਜਸ ਸਿੰਘ ਨੇ 141 ਗੇਂਦਾਂ 'ਤੇ ਬਣਾਇਆ ਰਿਕਾਰਡ ਤੀਹਰਾ ਸੈਂਕੜਾ



ਸਿਡਨੀ: ਆਸਟ੍ਰੇਲੀਆਈ ਬੱਲੇਬਾਜ਼ ਹਰਜਸ ਸਿੰਘ ਨੇ ਪੈਟਰਨ ਪਾਰਕ 'ਚ ਸ਼ਾਨਦਾਰ ਪ੍ਰਦਰਸ਼ਨ ਕਰ ਕੇ ਇਕ ਨਿਯਮਤ ਇਕ ਰੋਜ਼ਾ ਗ੍ਰੇਡ ਮੈਚ ਨੂੰ ਕੁਝ ਖਾਸ ਬਣਾ ਦਿਤਾ। ਭਾਰਤੀ ਮੂਲ ਦੇ ਇਸ ਆਸਟ੍ਰੇਲੀਆਈ ਕ੍ਰਿਕਟਰ ਨੇ ਸਿਰਫ਼ 141 ਗੇਂਦਾਂ 'ਤੇ 314 ਦੌੜਾਂ ਬਣਾਈਆਂ। ਉਸ ਨੇ 14 ਚੌਕੇ ਤੇ 35 ਛੱਕੇ ਲਗਾਏ, ਜਿਸ ਨਾਲ ਉਹ ਇਕ ਰੋਜ਼ਾ ਗ੍ਰੇਡ ਮੈਚ ਵਿਚ ਤੀਹਰਾ ਸੈਂਕੜਾ ਲਗਾਉਣ ਵਾਲਾ ਤੀਸਰਾ ਖਿਡਾਰੀ ਬਣ ਗਿਆ। ਉਸ ਦੀ ਹਰ ਹਿੱਟ ਸ਼ਕਤੀਸ਼ਾਲੀ ਸੀ, ਤੇ ਹਰ ਚੌਕਾ ਇਕ ਬਿਆਨ ਵਾਂਗ ਸੀ।

ਇਸ ਸ਼ਾਨਦਾਰ ਪਾਰੀ ਨੇ ਹਰਜਸ ਨੂੰ ਨਿਊ ਸਾਊਥ ਵੇਲਜ਼ ਪ੍ਰੀਮੀਅਰ ਫ਼ਸਟ-ਗ੍ਰੇਡ ਇਤਿਹਾਸ ਵਿਚ ਸੱਭ ਤੋਂ ਵੱਧ ਦੌੜਾਂ ਬਣਾਉਣ ਵਾਲੇ ਖਿਡਾਰੀਆਂ ਦੀ ਸੂਚੀ ਵਿਚ ਤੀਜਾ ਸਥਾਨ ਦਿਤਾ ਹੈ। ਉਹ ਵਿਕਟਰ ਟਰੰਪਰ ਦੇ 1903 ਦੇ 335 ਅਤੇ ਫਿਲ ਜੈਕਸ ਦੇ 2007 ਦੇ 321 ਦੌੜਾਂ ਤੋਂ ਪਿੱਛੇ ਹੈ। ਇਸ ਤੋਂ ਇਲਾਵਾ, ਇਹ ਹੁਣ ਆਸਟ੍ਰੇਲੀਆ ਵਿਚ ਫਸਟ-ਗ੍ਰੇਡ ਪ੍ਰੀਮੀਅਰ ਕ੍ਰਿਕਟ ਵਿਚ ਸੱਭ ਤੋਂ ਵੱਧ ਸੀਮਤ-ਓਵਰਾਂ ਦਾ ਸਕੋਰ ਹੈ। ਦੱਸ ਦਈਏ ਕਿ ਪਾਰੀ ਵਿਚ ਅਗਲਾ ਸੱਭ ਤੋਂ ਵੱਧ ਸਕੋਰ ਸਿਰਫ਼ 37 ਸੀ, ਜੋ ਦਰਸਾਉਂਦਾ ਹੈ ਕਿ ਹਰਜਸ ਦਾ ਪ੍ਰਦਰਸ਼ਨ ਕਿੰਨਾ ਪ੍ਰਭਾਵਸ਼ਾਲੀ ਸੀ।

### ਹਰਜਸ ਸਿੰਘ ਕੌਣ ਹੈ ?

ਹਰਜਸ ਦਾ ਜਨਮ ਅਤੇ ਪਾਲਣ-ਪੋਸ਼ਣ ਸਿਡਨੀ ਵਿਚ ਹੋਇਆ ਸੀ। ਉਸ ਦੇ ਮਾਤਾ-ਪਿਤਾ 2000 ਵਿਚ ਚੰਡੀਗੜ੍ਹ, ਭਾਰਤ ਤੋਂ ਚਲੇ ਗਏ ਸਨ। ਉਸ ਨੇ ਪਹਿਲੀ ਵਾਰ ਦੱਖਣੀ ਅਫ਼ਰੀਕਾ ਵਿਚ 2024 ਦੇ ਅੰਡਰ-19 ਵਿਸ਼ਵ ਕੱਪ ਫ਼ਾਈਨਲ ਵਿਚ ਧਿਆਨ ਖਿੱਚਿਆ। ਉਸ ਨੇ ਭਾਰਤ ਵਿਰੁਧ 55 ਦੌੜਾਂ ਦੇ ਕੇ ਸੱਭ ਤੋਂ ਵੱਧ ਦੌੜਾਂ ਬਣਾਈਆਂ, ਜਿਸ ਨਾਲ ਆਸਟ੍ਰੇਲੀਆ ਨੂੰ ਚੈਂਪੀਅਨਸ਼ਿਪ ਜਿੱਤਣ ਵਿਚ ਮਦਦ ਮਿਲੀ। 2023 ਵਿਚ, ਉਸ ਨੇ ਨੌਰਥੈਂਪਟਨ ਵਿਚ ਇੰਗਲੈਂਡ ਅੰਡਰ-19 ਦੇ ਵਿਰੁਧ ਇਕ ਟੈਸਟ ਮੈਚ ਵਿਚ ਸੈਂਕੜਾ ਵੀ ਲਗਾਇਆ। ਇਸ ਨੇ ਹੋਰ ਵੀ ਸਾਬਤ ਕੀਤਾ ਕਿ ਉਹ ਇਕ ਵਿਸ਼ੇਸ਼ ਪ੍ਰਤਿਭਾ ਹੈ। ਹਰਜਸ ਦੇ ਕੁੱਝ ਪੁਰਾਣੇ ਅੰਡਰ-19 ਸਾਥੀ ਪਹਿਲਾਂ ਹੀ ਸਟੇਟ ਕ੍ਰਿਕਟ ਵਿਚ ਅੱਗੇ ਵਧ ਚੁੱਕੇ ਹਨ। ਇਸ ਵਿਚ ਕਪਤਾਨ ਹਿਊਗ ਵੇਬਗਨ ਵੀ ਸ਼ਾਮਲ ਹੈ, ਜਿਸ ਨੇ ਕਵੀਂਸਲੈਂਡ ਲਈ ਅਪਣਾ ਪਹਿਲਾ ਦਰਜਾ ਮੈਚ ਉਸੇ ਦਿਨ ਖੇਡਿਆ ਸੀ, ਜਿਸ ਦਿਨ ਹਰਜਸ ਨੇ ਅਪਣਾ ਇਤਿਹਾਸਕ ਤੀਹਰਾ ਸੈਂਕੜਾ ਬਣਾਇਆ ਸੀ। ਅਪਣੇ ਵਧੀਆ ਪਿਛੋਕੜ ਦੇ ਬਾਵਜੂਦ, ਹਰਜਸ ਨੂੰ 'ਸ਼ਾਂ ਦੇ ਰੂਕੀ ਕੰਟਰੈਕਟ ਨਹੀਂ ਮਿਲਿਆ। ਇਹ ਉਸ ਦੀ ਪਾਰੀ ਨੂੰ ਉਸ ਦੇ ਹੁਨਰ ਅਤੇ ਦ੍ਰਿੜਤਾ ਦੇ ਸੰਕੇਤ ਵਜੋਂ ਹੋਰ ਵੀ ਪ੍ਰਭਾਵਸ਼ਾਲੀ ਬਣਾਉਂਦਾ ਹੈ। ਹਰਜਸ ਨੇ 35ਵੇਂ ਓਵਰ ਤਕ ਸਿਰਫ਼ 74 ਗੇਂਦਾਂ ਵਿਚ ਅਪਣਾ ਸੈਂਕੜਾ ਪੂਰਾ ਕਰ ਲਿਆ। ਫਿਰ, ਉਹ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਅਗਲੀਆਂ 67 ਗੇਂਦਾਂ ਵਿੱਚ 214 ਦੌੜਾਂ ਬਣਾ ਗਿਆ। ਉਸ ਦਾ ਸਮਾਂ, ਤਾਕਤ ਅਤੇ ਹਿੰਮਤ ਬੇਮਿਸਾਲ ਸਨ। ਜਦੋਂ ਉਸ ਨੇ ਖੱਬੇ ਹੱਥ ਦੇ ਸਪਿਨਰ ਟੌਮ ਮੁਲੇਨ ਨੂੰ ਛੱਕਾ ਮਾਰ ਕੇ ਤੀਹਰਾ ਸੈਂਕੜਾ ਲਗਾਇਆ, ਤਾਂ ਉਸ ਦੀ ਜ਼ੋਰਦਾਰ ਗਰਜ ਨੇ ਦਿਖਾਇਆ ਕਿ ਇਹ ਪਲ ਕਿੰਨਾ ਮਹੱਤਵਪੂਰਨ ਸੀ। ਅਪਣੀ 314 ਦੌੜਾਂ ਦੀ ਖੇਡ ਅਤੇ 35 ਛੱਕਿਆਂ ਨਾਲ, ਹਰਜਸ ਸਿੰਘ ਆਸਟ੍ਰੇਲੀਆਈ ਕ੍ਰਿਕਟ ਵਿਚ ਤੇਜ਼ੀ ਨਾਲ ਉੱਪਰ ਉੱਠਣ ਲਈ ਇਕ ਮਜ਼ਬੂਤ ਦਾਅਵਾ ਪੇਸ਼ ਕਰ ਰਿਹਾ ਹੈ। ਸਿਡਨੀ ਦੇ ਪੈਟਰਨ ਪਾਰਕ ਤੋਂ ਲੈ ਕੇ ਵਿਸ਼ਵ ਪੱਧਰ ਤਕ, ਹਰਜਸ ਇੱਥੇ ਇਕ ਮਹਾਨ ਹਿੱਟਰ ਦੇ ਰੂਪ ਵਿਚ ਹੈ ਜੋ ਸੀਮਤ ਓਵਰਾਂ ਦੀ ਕ੍ਰਿਕਟ ਖੇਡ ਨੂੰ ਬਦਲ ਸਕਦਾ ਹੈ।

# ਮੰਦਾਨਾ ਬੱਲੇਬਾਜ਼ਾਂ ਦੀ ODI ਰੈਂਕਿੰਗ 'ਚ ਚੋਟੀ 'ਤੇ ਬਰਕਰਾਰ




ਸਟਾਰ ਭਾਰਤੀ ਕ੍ਰਿਕਟਰ ਸਮ੍ਰਿਤੀ ਮੰਧਾਨਾ ਵਨਡੇ ਬੱਲੇਬਾਜ਼ੀ ਚਾਰਟ ਵਿੱਚ ਚੋਟੀ 'ਤੇ ਬਣੀ ਹੋਈ ਹੈ। ਪਰ ਭਾਰਤ ਅਤੇ ਸ਼੍ਰੀਲੰਕਾ ਵਿੱਚ ਚੱਲ ਰਹੇ ਆਈ.ਸੀ.ਸੀ. ਮਹਿਲਾ ਵਿਸ਼ਵ ਕੱਪ ਵਿੱਚ ਦੋ ਅੰਡਰਪਰਫਾਰਮੈਂਸ (ਘੱਟ ਪ੍ਰਦਰਸ਼ਨ) ਦੇ ਬਾਅਦ ਇਸ ਹੁਨਰਮੰਦ ਬੱਲੇਬਾਜ਼ ਦੀ ਬੜ੍ਹਤ ਘੱਟ ਹੋ ਗਈ ਹੈ।

791 ਰੇਟਿੰਗ ਅੰਕਾਂ ਦੇ ਨਾਲ ਮੰਦਾਨਾ ਇੰਗਲੈਂਡ ਦੀ ਨੈਟ ਸਾਇਵਰ-ਬਰੰਟ ਤੋਂ 60 ਅੰਕ ਅੱਗੇ ਹੈ। ਵਿਸ਼ਵ ਕੱਪ ਤੋਂ ਠੀਕ ਪਹਿਲਾਂ ਆਸਟਰੇਲੀਆ ਦੇ ਖ਼ਿਲਾਫ਼ ਤਿੰਨ ਮੈਚਾਂ ਦੀ WODI ਸੀਰੀਜ਼ ਵਿੱਚ ਲਗਾਤਾਰ ਸੈਂਕੜੇ ਲਗਾਉਣ ਵਾਲੀ ਇਸ ਭਾਰਤੀ ਖਿਡਾਰਨ ਨੇ ਇਸ ਵੱਡੇ ਇਵੈਂਟ ਵਿੱਚ ਸ਼੍ਰੀਲੰਕਾ ਦੇ ਖ਼ਿਲਾਫ਼ 8 ਅਤੇ ਪਾਕਿਸਤਾਨ ਦੇ ਖ਼ਿਲਾਫ਼ 23 ਦਾ ਯੋਗਦਾਨ ਦਿੱਤਾ ਹੈ।

ਆਸਟ੍ਰੇਲੀਆ ਦੀ ਬੈਥ ਮੂਨੀ 713 ਰੇਟਿੰਗ ਅੰਕਾਂ ਨਾਲ ਤੀਜੇ ਸਥਾਨ 'ਤੇ ਹੈ।

### ਹੋਰਨਾਂ ਖਿਡਾਰਨਾਂ ਦਾ ਰੈਂਕਿੰਗ ਵਿੱਚ ਵਾਧਾ

ਦੱਖਣੀ ਅਫਰੀਕਾ ਦੀ ਤਾਜ਼ਮਿਨ ਬ੍ਰਿਟਸ (706) ਅਤੇ ਆਸਟ੍ਰੇਲੀਆ ਦੀ ਐਸ਼ਲੇ ਗਾਰਡਨਰ (697) ਨੇ ਨਿਊਜ਼ੀਲੈਂਡ ਦੇ ਖਿਲਾਫ਼ ਵਿਸ਼ਵ ਕੱਪ ਵਿੱਚ ਸੈਂਕੜੇ ਲਗਾਉਣ ਤੋਂ ਬਾਅਦ ਕਾਫੀ ਫਾਇਦਾ ਉਠਾਇਆ ਹੈ ਅਤੇ ਕ੍ਰਮਵਾਰ ਚੌਥੇ ਅਤੇ ਪੰਜਵੇਂ ਸਥਾਨ 'ਤੇ ਪਹੁੰਚ ਕੇ ਮੰਧਾਨਾ ਦੇ ਫਰਕ ਨੂੰ ਘੱਟ ਕੀਤਾ ਹੈ।

ਉਧਰ ਇੰਗਲੈਂਡ ਦੀ ਸੋਫੀ ਐਕਲੇਸਟੋਨ 792 ਰੇਟਿੰਗ ਅੰਕਾਂ ਨਾਲ ਨਵੀਨਤਮ ਗੇਂਦਬਾਜ਼ੀ ਚਾਰਟ ਵਿੱਚ ਸਭ ਤੋਂ ਅੱਗੇ ਹੈ, ਜਦੋਂ ਕਿ ਸਪਿਨਰ ਦੀਪਤੀ ਸ਼ਰਮਾ (640) ਇੱਕ ਸਥਾਨ ਹੇਠਾਂ ਡਿੱਗ ਕੇ ਨੰਬਰ 6 'ਤੇ ਹੈ ਅਤੇ ਚੋਟੀ ਦੇ-10 ਵਿੱਚ ਇਕਲੌਤੀ ਭਾਰਤੀ ਹੈ।










